# ਪੰਜਾਬੀ ਪਰਵਾਜ਼

Punjabi Parwaz

ਅੰਕ 58ਵਾਂ (ਸ਼ਿਕਾਗੋ): 2 ਅਗਸਤ ਤੋਂ 15 ਅਗਸਤ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548




'ਪੰਜਾਬੀ ਪਰਵਾਜ਼ ਨਾਈਟ-2025' ਮੌਕੇ ਅਖਬਾਰ ਦੇ ਬੋਰਡ ਮੈਂਬਰ ਅਤੇ ਪ੍ਰਬੰਧਕ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਨਾਲ ਇੱਕ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ। ਤਸਵੀਰ ਵਿੱਚ ਖੜ੍ਹੇ ਹਨ- (ਸੱਜਿਓਂ) ਜਗਜੀਤ ਸਿੰਘ ਖੇੜਾ, ਦਵਿੰਦਰ ਸਿੰਘ ਰੰਗੀ, ਰਣਬੀਰ ਸਿੰਘ (ਲਾਲੀ) ਧਾਲੀਵਾਲ, ਅੰਮ੍ਰਿਤਪਾਲ ਸਿੰਘ ਗਿੱਲ, ਗੁਰਪ੍ਰੀਤ ਕੇ. ਸਿੰਘ, ਅਮਰਜੀਤ ਸਿੰਘ ਢੀਂਡਸਾ, ਅਨੁਰੀਤ ਕੌਰ, ਕੌਂਸਲ ਜਨਰਲ ਸੋਮਨਾਥ ਘੋਸ਼, ਗੁਰਵਿੰਦਰ ਸਿੰਘ (ਬੱਬੂ), ਕੁਲਜੀਤ ਸਿੰਘ, ਜੋਧ ਸਿੰਘ ਸਿੱਧੂ, ਯਾਦਵਿੰਦਰ ਸਿੰਘ (ਰਿੰਪੀ) ਖੱਟੜਾ, ਅਮਨਦੀਪ ਸਿੰਘ ਕੁਲਾਰ, ਮੰਚ ਸੰਚਾਲਕ- ਡਾ. ਹਰਜਿੰਦਰ ਸਿੰਘ ਖਹਿਰਾ ਤੇ ਮਨਜੀਤ ਸਿੰਘ ਗਿੱਲ; ਅਤੇ ਮੰਚ ਉਤੇ ਪਿੱਛੇ ਖੜ੍ਹੇ ਹਨ- (ਖੱਬਿਓਂ) ਜਿਗਰਦੀਪ ਸਿੰਘ ਢਿੱਲੋਂ, ਮਨਮਿੰਦਰ ਸਿੰਘ ਹੀਰ, ਬਲਵਿੰਦਰ ਸਿੰਘ ਚੱਠਾ, ਅਮਰੀਕ ਸਿੰਘ ਸ਼ਿਕਾਗੋ, ਕਿਰਪਾਲ ਸਿੰਘ ਰੰਧਾਵਾ, ਬਲਵਿੰਦਰ ਸਿੰਘ (ਬੌਬ) ਸੰਧੂ, ਬੇਅੰਤ ਸਿੰਘ ਬੋਪਾਰਾਏ, ਬਿਕਰਮ ਸਿੰਘ ਸਿੱਧੂ ਤੇ ਦੀਦਾਰ ਸਿੰਘ ਧਨੋਆ।

(ਪੂਰੀ ਖਬਰ ਤੇ ਤਸਵੀਰਾਂ ਅੰਦਰਲੇ ਪੰਨਿਆਂ ਉਤੇ)










ਗਾਜ਼ਾ ਵਿੱਚ ਹੁਣ ਭੁੱਖਮਰੀ ਨਾਲ ਮੌਤਾਂ

# ਖ਼ੁਰਾਕ ਖੁਣੋਂ ਸੁੱਕ ਕੇ ਕਰੰਗ ਹੋਏ ਹਜ਼ਾਰਾਂ ਫਲਿਸਤੀਨੀ ਬੱਚੇ

**ਪੰਜਾਬੀ ਪਰਵਾਜ਼ ਬਿਊਰੋ**

ਕਤਰ ਦੀ ਵਿਚੋਲਗੀ ਨਾਲ ਅਮਰੀਕੀ ਦੂਤ ਵਿਟਕੋਫ ਦੀ ਅਗਵਾਈ ਵਾਲੇ ਵਫਦ ਅਤੇ ਹਮਾਸ ਵਿਚਕਾਰ ਗਾਜ਼ਾ ਵਿੱਚ ਜੰਗਬੰਦੀ ਲਈ ਚੱਲ ਰਹੀ ਗੱਲਬਾਤ ਟੁੱਟ ਚੁੱਕੀ ਹੈ। ਇਸ ਲਈ ਇੱਥੇ ਇਜ਼ਰਾਇਲੀ ਫੌਜ ਅਤੇ ਹਮਾਸ ਵਿਚਕਾਰ ਕਲੇਸ਼ ਜਾਰੀ ਹੈ; ਪਰ ਹਾਲਤ ਦਾ ਸਭ ਤੋਂ ਬਦਸੂਰਤ ਪਹਿਲੂ ਇਹ ਹੈ ਕਿ ਗਾਜ਼ਾ ਵਿੱਚ ਭੁੱਖਮਰੀ ਨੂੰ ਇਜ਼ਰਾਇਲ ਨੇ ਜੰਗ ਦਾ ਹਥਿਆਰ ਬਣਾ ਲਿਆ ਹੈ। ਇਹ ਬਹੁਤ ਭਿਆਨਕ ਸਥਿਤੀ ਹੈ। ਹਾਲਤ ਦੇ ਬਦਤਰ ਹੋਣ ਕਾਰਨ ਅੰਤਰਰਾਸ਼ਟਰੀ ਤੌਰ 'ਤੇ ਪੈਦਾ ਹੋਏ ਪ੍ਰਤੀਕਰਮ ਨੇ ਇਜ਼ਰਾਇਲ ਨੂੰ ਸੰਯੁਕਤ ਰਾਸ਼ਟਰ ਵੱਲੋਂ ਭੇਜੀ ਜਾ ਰਹੀ ਖ਼ੁਰਾਕੀ ਮਦਦ ਨੂੰ ਅੰਸ਼ਕ ਰੂਪ ਵਿੱਚ ਖੋਲ੍ਹਣ ਲਈ ਮਜਬੂਰ ਕੀਤਾ ਹੈ, ਪਰ ਇਹ ਸਹਾਇਤਾ ਹਾਲਤ ਨੂੰ ਠੀਕ ਰੁਖ ਪ੍ਰਭਾਵਤ ਕਰਨ ਜੋਗਰੀ ਨਹੀਂ ਹੈ। ਇੱਕ ਅੰਦਾਜ਼ੇ ਅਨੁਸਾਰ ਗਾਜ਼ਾ ਵਿੱਚ ਬੈਠੇ 17 ਹਜ਼ਾਰ ਫਲਿਸਤੀਨੀ ਬੱਚੇ ਤੇ ਔਰਤਾਂ, ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਹਰ ਆਏ ਦਿਨ ਇਸ ਨਾਲ ਮੌਤਾਂ ਵੀ ਹੋ ਰਹੀਆਂ ਹਨ। ਗਾਜ਼ਾ ਦੇ ਸਿਹਤ ਮੰਤਰੀ ਅਨੁਸਾਰ ਇੱਕ ਲੱਖ ਦੇ ਕਰੀਬ ਲੋਕ ਭੁੱਖਮਰੀ ਤੋਂ ਪ੍ਰਭਾਵਤ ਹਨ। ਇਜ਼ਰਾਇਲ ਅਤੇ ਅਮਰੀਕਾ ਵੱਲੋਂ ਸਾਂਝੇ ਤੌਰ 'ਤੇ ਕਾਇਮ ਕੀਤੀ ਖ਼ੁਰਾਕ ਵੰਡ ਏਜੰਸੀ ਕੋਲ ਰਾਸ਼ਨ ਲੈਣ ਵਾਲੇ ਫਲਿਸਤੀਨੀਆਂ 'ਤੇ ਇਜ਼ਰਾਇਲੀ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ 1000 ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਤਾਜ਼ਾ ਗਾਜ਼ਾ ਜੰਗ ਵਿੱਚ ਕਰੀਬ 60 ਹਜ਼ਾਰ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇੰਝ ਭੁੱਖ ਨਾਲ ਹੋ ਰਹੀਆਂ ਮੌਤਾਂ ਕਾਰਨ ਮਰ ਰਹੇ ਲੋਕ ਵੀ ਇੱਕ ਤਰ੍ਹਾਂ ਨਾਲ ਜੰਗ ਦੀ ਹੀ ਭੇਟ ਚੜ੍ਹ ਰਹੇ ਹਨ।

ਇਜ਼ਰਾਇਲ ਵਿੱਚ ਛਪਦੇ ਇੱਕ ਅੰਗਰੇਜ਼ੀ ਅਖਬਾਰ 'ਹਾਰੇਟਜ਼' ਨੇ ਆਪਣੇ ਇੱਕ ਖ਼ਬਰ ਵਿਸ਼ਲੇਸ਼ਣ ਵਿੱਚ ਕਿਹਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਾਜ਼ਾ ਵਿੱਚ ਭੁੱਖਮਰੀ ਵਰਗੇ ਹਾਲਤ ਪੈਦਾ ਕਰਨ ਲਈ ਇੱਕ ਨਿਕਟ ਸਹਿਯੋਗੀ ਦੀ ਭੂਮਿਕਾ ਨਿਭਾਈ ਹੈ। ਯਾਦ ਰਹੇ, ਕੁਝ ਸਮਾਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਗਾਜ਼ਾ ਪੱਟੀ ਦੇ ਲੋਕਾਂ ਨੂੰ ਨਾਲ ਲਗਦੇ ਮੁਲਕਾਂ ਜਿਵੇਂ ਮਿਸਰ, ਜਾਰਡਨ, ਲੈਬਨਾਨ ਅਤੇ ਸੀਰੀਆ ਵਿੱਚ ਚਲੇ ਜਾਣਾ ਚਾਹੀਦਾ ਹੈ। ਗਾਜ਼ਾ ਪੱਟੀ ਨਾਲ ਲਗਦੇ ਸਮੁੰਦਰੀ ਕੰਢੇ ਨੂੰ ਟਰੰਪ ਵੱਲੋਂ ਖੂਬਸੂਰਤ ਹੋਟਲ ਇੰਡਸਟਰੀ (ਰਵੇਰਾ) ਲਈ ਵਰਤਣ ਦੀ ਸਲਾਹ ਦਿੱਤੀ ਗਈ ਸੀ। ਫਲਿਸਤੀਨੀ ਲੋਕਾਂ ਨੂੰ ਹੁਣ ਜਾਪਣ ਲੱਗ ਪਿਆ ਹੈ ਕਿ ਇਜ਼ਰਾਇਲ ਅਤੇ ਅਮਰੀਕਾ ਗਾਜ਼ਾ ਪੱਟੀ ਵਿੱਚੋਂ ਫਲਿਸਤੀਨੀਆਂ ਨੂੰ ਪੂਰੀ ਤਰ੍ਹਾਂ ਖਦੇੜਨਾ ਚਾਹੁੰਦੇ ਹਨ। ਕਿਸੇ ਖਿੱਤੇ 'ਚ ਇੱਕ ਕੌਮ ਦੇ ਇਸ ਮੁਕੰਮਲ ਖਾਤਮੇ ਨੂੰ ਨਸਲਕੁਸ਼ੀ ਦਾ ਨਾਂ ਹੀ ਦਿੱਤਾ ਜਾ ਸਕਦਾ ਹੈ।

ਡਾਕਟਰ ਵਿਦਾਊਟ ਬਾਰਡਰ ਵਰਗੀ ਸੰਸਥਾ ਨੇ ਭੁੱਖਮਰੀ ਨੂੰ ਇਜ਼ਰਾਇਲ ਵੱਲੋਂ ਇੱਕ ਪੂਰੀ ਕੌਮ ਦੀ ਨਸਲਕੁਸ਼ੀ ਦਾ ਹਿੱਸਾ ਹੀ ਮੰਨਿਆ ਹੈ। ਗਾਜ਼ਾ ਵਿੱਚ ਫੈਲੀ ਇਸ ਭੁੱਖਮਰੀ ਨਾਲ ਬੀਮਾਰ ਪਏ ਬੱਚਿਆਂ ਤੇ ਲੋਕਾਂ ਦੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਛਪ ਰਹੀਆਂ ਹਨ ਅਤੇ ਇਲੈਕਟ੍ਰਾਨਿਕ ਮੀਡੀਆ 'ਤੇ ਵਿਖਾਈਆਂ ਜਾ ਰਹੀਆਂ ਹਨ ਤੇ ਸਾਰੀ ਦੁਨੀਆਂ ਇਸ ਦੀ ਚਰਚਾ ਕਰ ਰਹੀ ਹੈ। ਦੁਨੀਆਂ ਭਰ ਵਿੱਚ ਇਸ ਹਾਲਤ ਨੂੰ ਲੈ ਕੇ ਪ੍ਰਦਰਸ਼ਨ ਹੋ ਰਹੇ ਹਨ। ਇੱਥੋਂ ਤੱਕ ਪੱਛਮ ਦੇ ਮੁਲਕਾਂ ਵਿੱਚ ਵੀ ਹਾਲਤ ਇਹ ਹਨ ਕਿ ਸਰਕਾਰਾਂ ਲੋਕਾਂ ਦੇ ਦਬਾਅ ਹੇਠ ਜ਼ਬਾਨੀ ਕਲਾਮੀ ਗਾਜ਼ਾ ਜੰਗ ਵੱਲੋਂ ਪੈਦਾ ਕੀਤੇ ਗਏ ਭੁੱਖਮਰੀ ਵਾਲੇ ਹਾਲਾਤ 'ਤੇ ਚਿੰਤਾ ਪ੍ਰਗਟ ਕਰ ਰਹੀਆਂ ਹਨ; ਪਰ ਨਾਲ ਹੀ ਇਜ਼ਰਾਇਲ ਨੂੰ ਇਸ ਜੰਗ ਲਈ ਹਥਿਆਰ ਮੁਹੱਈਆ ਕਰਵਾਏ ਜਾ ਰਹੇ ਹਨ। ਅਰਬ ਅਤੇ ਹੋਰ ਮੁਸਲਿਮ ਦੇਸ਼ਾਂ ਨਾਲ ਸੰਬੰਧਤ ਹਕੂਮਤਾਂ ਭਾਵੇਂ ਅਮਰੀਕਾ ਰਾਹੀਂ ਇਜ਼ਰਾਇਲ ਦੇ ਹੱਕ ਵਿੱਚ ਭੁਗਤ ਰਹੀਆਂ ਹਨ, ਪਰ ਇਨ੍ਹਾਂ ਦੇਸ਼ਾਂ ਦੇ ਲੋਕ ਇਜ਼ਰਾਇਲ ਵੱਲੋਂ ਫਲਿਸਤੀਨ ਵਿਰੁਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਖਿਲਾਫ ਗੁੱਸੇ ਨਾਲ ਭਰੇ ਪਏ ਹਨ, ਤੇ ਆਪਣੀਆਂ ਤਾਨਾਸ਼ਾਹ ਹਕੂਮਤਾਂ ਨੂੰ ਫਲਿਸਤੀਨੀਆਂ ਦੀ ਨਸਲਕੁਸ਼ੀ ਖਿਲਾਫ ਪ੍ਰਭਾਵੀ ਢੰਗ ਨਾਲ ਖੜ੍ਹੇ ਹੋਣ ਲਈ ਸਹਿਮਤ ਕਰਨ ਤੋਂ ਅਸਮਰੱਥ ਹਨ।




ਇਜ਼ਰਾਇਲ ਵੱਲੋਂ ਹਾਲੇ ਵੀ ਗਾਜ਼ਾ ਵਿੱਚ ਫੈਲੀ ਭੁੱਖਮਰੀ ਵਰਗੀ ਸਥਿਤੀ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਹਾਲਾਤ ਇੱਥੋਂ ਤੱਕ ਬਦਤਰ ਹੋ ਚੁੱਕੇ ਹਨ ਕਿ ਇੱਥੇ ਕੰਮ ਕਰ ਰਹੇ ਡਾਕਟਰ ਅਤੇ ਹੋਰ ਮੈਡੀਕਲ ਅਮਲਾ ਵੀ ਖ਼ੁਰਾਕ ਦੀ ਕਮੀ ਦਾ ਸ਼ਿਕਾਰ ਹੋ ਰਿਹਾ ਹੈ। ਖ਼ੁਰਾਕ ਦੀ ਕਮੀ ਕਾਰਨ ਡਾਕਟਰ ਵੀ ਬਿਮਾਰ ਅਤੇ ਬੇਹੋਸ਼ ਹੋ ਰਹੇ ਹਨ। ਇੱਥੇ ਕੰਮ ਕਰ ਰਹੇ ਸੰਯੁਕਤ ਰਾਸ਼ਟਰ ਅਤੇ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਕਰਮਚਾਰੀਆਂ ਨੂੰ ਖ਼ੁਰਾਕੀ ਥੁੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਇਜ਼ਰਾਇਲ ਨਾਲ ਸੰਬਧਤ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਇਸ ਤੱਥ ਨੂੰ ਸਵੀਕਾਰ ਕੀਤਾ ਹੈ ਕਿ ਗਾਜ਼ਾ ਵਿੱਚ ਜੋ ਕੁਝ ਹੋ ਰਿਹਾ ਹੈ, ਇਸ ਨੂੰ ਨਸਲਕੁਸ਼ੀ ਤੋਂ ਬਿਨਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਦਰਮਿਆਨ ਇਜ਼ਰਾਇਲ ਦੀ ਰਾਜਧਾਨੀ ਤਲਅਵੀਵ ਵਿੱਚ ਇਜ਼ਰਾਇਲ ਦੇ ਆਮ ਸ਼ਹਿਰੀਆਂ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਗਾਜ਼ਾ ਵਿੱਚ ਫਲਿਸਤਾਨੀਆ ਦੇ ਕੀਤੇ ਜਾ ਰਹੇ ਨਰਸੰਘਾਰ ਅਤੇ ਜੰਗ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ। ਹਮਾਸ ਕੋਲ ਬੰਧਕ ਬਣਾਏ ਗਏ ਇਜ਼ਰਾਇਲੀਆਂ ਦੀ ਘਰ ਵਾਪਸੀ ਦੀ ਵੀ ਇਹ ਲੋਕ ਮੰਗ ਕਰ ਰਹੇ ਸਨ। ਯੂਰਪੀਅਨ ਮੁਲਕ ਖਾਸ ਕਰਕੇ ਬਰਤਾਨੀਆ, ਫਰਾਂਸ ਤੇ ਇਟਲੀ ਨੇ ਗਾਜ਼ਾ ਵਿੱਚ ਪੈਦਾ ਹੋਈ ਭੁੱਖਮਰੀ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਸੰਯੁਕਤ ਰਾਸ਼ਟਰ ਵੱਲੋਂ ਭੇਜੀ ਜਾ ਰਹੀ ਖ਼ੁਰਾਕੀ ਸਹਾਇਤਾ ਨੂੰ ਖੋਲ੍ਹਣ ਦੀ ਅਪੀਲ ਕੀਤੀ ਹੈ। ਯਾਦ ਰਹੇ, ਸੀਰੀਆ ਅਤੇ ਲੈਬਨਾਨ ਨਾਲ ਲਗਦੇ ਬਾਰਡਰ 'ਤੇ ਸੰਯੁਕਤ ਰਾਸ਼ਟਰ ਏਡ ਏਜੰਸੀ ਨਾਲ ਸੰਬੰਧਤ ਹਜ਼ਾਰਾਂ ਟਰੱਕ ਕਈ ਮਹੀਨਿਆਂ ਤੋਂ ਇਜ਼ਰਾਇਲੀ ਫੌਜ ਨੇ ਰੋਕੇ ਹੋਏ ਹਨ। ਇੱਕ ਅੰਦਾਜ਼ੇ ਅਨੁਸਾਰ ਗਾਜ਼ਾ ਪੱਟੀ ਵਿੱਚ ਵੱਸਦੇ ਫਲਿਸਤੀਨੀ ਲੋਕਾਂ ਦੀ ਖ਼ੁਰਾਕ ਪੂਰਤੀ ਲਈ ਇੱਕ ਹਜ਼ਾਰ ਟਰੱਕ ਰੋਜ਼ਾਨਾ ਇੱਥੇ ਪੁੱਜਣੇ ਚਾਹੀਦੇ ਹਨ। ਇਜ਼ਰਾਇਲੀ ਫੌਜ ਲਾਂਘਾ ਖੋਲ੍ਹ ਦੇਵੇ ਤਾਂ ਇਹ ਸਹਾਇਤਾ ਪੁੱਜਣੀ ਅਸੰਭਵ ਨਹੀਂ ਹੈ।

ਇਸ ਦੌਰਾਨ ਇੰਗਲੈਂਡ ਦੇ ਸਕਾਟਲੈਂਡ ਵਿੱਚ ਛੁੱਟੀਆਂ ਬਿਤਾ ਰਹੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਫਲਿਸਤੀਨ ਵਿੱਚ ਭੁੱਖਮਰੀ ਵਾਲੇ ਹਾਲਤਾਂ ਨੂੰ ਸਵੀਕਾਰ ਕੀਤਾ। ਉਨ੍ਹਾਂ ਕਿਹਾ ਕਿ ਟੈਲੀਵਿਜ਼ਨ ਮੀਡੀਆ ਰਾਹੀਂ ਫਲਿਸਤੀਨੀ ਬੱਚਿਆਂ ਦੀਆਂ ਜਿਸ ਕਿਸਮ ਦੀਆਂ ਫੋਟੋਆਂ ਸਾਹਮਣੇ ਆਈਆਂ ਹਨ, ਉਹ ਭੁੱਖ ਮਰੀ ਨਾਲ ਜੂਝਦੇ ਦਿਸਦੇ ਹਨ। ਅਮਰੀਕੀ ਰਾਸ਼ਟਰਪਤੀ ਨੇ ਗਾਜ਼ਾ ਵਿੱਚ ਫੈਲੀ ਭੁੱਖਮਰੀ ਦੇ ਮੁੱਦੇ 'ਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨਾਲੋਂ ਸਪਸ਼ਟ ਤੌਰ 'ਤੇ ਵੱਖਰਾ ਸਟੈਂਡ ਲੈ ਲਿਆ ਹੈ। ਯਾਦ ਰਹੇ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਗਾਜ਼ਾ ਵਿੱਚ ਕੋਈ ਭੁੱਖਮਰੀ ਨਹੀਂ ਹੈ। ਦੂਜੇ ਪਾਸੇ ਬੀਤੇ ਸੋਮਵਾਰ ਮੀਡੀਏ ਨਾਲ ਇੱਕ ਰੂਬਰੂ ਵਿੱਚ ਟਰੰਪ ਨੇ ਕਿਹਾ ਕਿ ਯੂਰਪੀਅਨ ਮਿੱਤਰ ਦੇਸ਼ਾਂ ਨਾਲ ਮਿਲ ਕੇ ਉਹ ਗਾਜ਼ਾ ਵਿੱਚ ਖੁਰਕੀ ਵਸਤਾਂ ਸਪਲਾਈ ਕਰਨ ਵਾਲੇ ਕੇਂਦਰ ਸਥਾਪਤ ਕਰਨਗੇ; ਪਰ ਸਿਤਮਜ਼ਰੀਫੀ ਇਹ ਹੈ ਕਿ ਗਾਜ਼ਾ ਜੰਗ ਨੂੰ ਖਤਮ ਕਰਨ ਅਤੇ ਸੰਯੁਕਤ ਰਾਸ਼ਟਰ ਵੱਲੋਂ ਭੇਜੀ ਜਾ ਰਹੀ ਮਦਦ ਨੂੰ ਪੂਰੀ ਤਰ੍ਹਾਂ ਖੋਲ੍ਹਣ ਬਾਰੇ ਉਹ ਕੁਝ ਵੀ ਨਹੀਂ ਆਖ ਰਹੇ ਹਨ।

ਜਦੋਂ ਟਰੰਪ ਵੱਲੋਂ ਉਪਰੋਕਤ ਬਿਆਨ ਦਿੱਤਾ ਗਿਆ, ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੀ ਉਨ੍ਹਾਂ ਦੇ ਨਾਲ ਸਨ। ਸਟਾਰਮਰ ਪਹਿਲਾਂ ਹੀ ਗਾਜ਼ਾ ਵਿੱਚ ਫੈਲੀ ਭੁੱਖਮਰੀ 'ਤੇ ਚਿੰਤਾ ਦਾ ਪ੍ਰਗਟਾਵਾ ਕਰ ਚੁੱਕੇ ਹਨ। ਬਰਤਾਨੀਆ ਵੱਲੋਂ ਹਵਾਈ ਜਹਾਜ਼ਾਂ ਰਾਹੀਂ ਗਾਜ਼ਾ ਖਿੱਤੇ ਵਿੱਚ ਖ਼ੁਰਾਕੀ ਪੈਕੇਟ ਸੁੱਟੇ ਜਾ ਰਹੇ ਹਨ, ਪਰ ਫਲਿਸਤੀਨ ਦੇ ਸਿਹਤ ਮੰਤਰੀ ਨੇ ਕਿਹਾ ਕਿ ਆਸਮਾਨ ਤੋਂ ਵਰ੍ਹਾਈ ਜਾ ਰਹੀ ਇਹ ਖ਼ੁਰਾਕ ਗਾਜ਼ਾ ਵਿੱਚ ਫੈਲੀ ਭੁੱਖਮਰੀ ਲਈ ਬੇਹੱਦ ਨਾਕਾਫੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਗਾਜ਼ਾ ਵਿੱਚ ਤਕਰੀਬਨ ਇੱਕ ਲੱਖ ਲੋਕ ਭੁੱਖਮਰੀ ਤੋਂ ਪ੍ਰਭਾਵਤ ਹਨ। ਇਸ ਦੌਰਾਨ ਜਰਮਨੀ, ਫਰਾਂਸ ਅਤੇ ਇੰਗਲੈਂਡ ਨੇ ਆਪਣੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਵੱਲੋਂ ਫਲਿਸਤੀਨੀ ਸਟੇਟ ਨੂੰ ਮਾਨਤਾ ਦਿੱਤੀ ਜਾਵੇਗੀ। ਇੰਗਲੈਂਡ ਦੇ ਰਾਸ਼ਟਰਪਤੀ ਕੀਰ ਸਟਾਰਮਰ ਨੇ ਕਿਹਾ, 'ਬਰਤਾਨਵੀ ਲੋਕ ਜੋ ਕੁਝ ਟੈਲੀਵਿਜ਼ਨ ਸਕਰੀਨਾਂ 'ਤੇ ਵੇਖ ਰਹੇ ਹਨ, ਉਸ ਨਾਲ ਲੋਕਾਂ ਵਿੱਚ ਇੱਕ ਰੋਹ ਪੈਦਾ ਹੋ ਰਿਹਾ ਹੈ।' ਇਸ ਸਾਰੇ ਕੁਝ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਫਲਿਸਤੀਨੀ ਸਟੇਟ ਨੂੰ ਮਾਨਤਾ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਹੈ।

ਹਮਾਸ ਨੇ ਯੂਰਪੀਅਨ ਮੁਲਕਾਂ ਦੇ ਆਗੂਆਂ ਨੂੰ ਦੋਗਲੇ ਕਰਾਰ ਦਿੱਤਾ ਹੈ। ਹਮਾਸ ਦੇ ਇੱਕ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੂੰ ਅਮਰੀਕਾ ਵੱਲੋਂ ਜੰਗਬੰਦੀ ਲਈ ਕੀਤੀ ਜਾ ਰਹੀ ਗੱਲਬਾਤ ਬੰਦ ਕਰਨ 'ਤੇ ਹੈਰਾਨੀ ਹੋਈ ਹੈ; ਪਰ ਅਮਰੀਕੀ ਰਾਸ਼ਟਰਪਤੀ ਨੇ ਬੀਤੇ ਦਿਨੀਂ ਕਿਹਾ ਕਿ ਹਮਾਸ ਸਮਝੌਤੇ ਵਾਲੀ ਗੱਲਬਾਤ 'ਤੇ ਅੱਗੇ ਵਧਣ ਲਈ ਰਾਜ਼ੀ ਨਹੀਂ ਹੈ। ਯਾਦ ਰਹੇ, ਹਮਾਸ ਕੋਲ ਹਾਲੇ ਵੀ ਇਜ਼ਰਾਇਲ 'ਤੇ ਹਮਲੇ ਦੌਰਾਨ ਅਗਵਾ ਕੀਤੇ ਗਏ 50 ਬੰਦੀ ਮੌਜੂਦ ਹਨ, ਜਿਨ੍ਹਾਂ ਨੂੰ ਛੱਡਣ ਬਦਲੇ ਹਮਾਸ ਵੱਲੋਂ ਗਾਜ਼ਾ ਜੰਗ ਨੂੰ ਪੂਰੀ ਤਰ੍ਹਾਂ ਬੰਦ ਕਰਨ ਅਤੇ ਇਜ਼ਰਾਇਲੀ ਫੌਜ ਨੂੰ ਖਿੱਤੇ ਵਿੱਚੋਂ ਵਾਪਸ ਭੇਜਣ ਅਤੇ ਫਲਿਸਤੀਨੀ ਲੋਕਾਂ ਲਈ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਵੱਲੋਂ ਭੇਜੀ ਜਾ ਰਹੀ ਸਹਾਇਤਾ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ। ਜਦਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਹਮਾਸ ਨੂੰ ਪੂਰੀ ਤਰ੍ਹਾਂ ਖਤਮ ਕੀਤੇ ਬਿਨਾ ਜੰਗ ਨੂੰ ਖਤਮ ਕਰਨ ਅਤੇ ਆਪਣੀਆਂ ਫੌਜਾਂ ਪਿੱਛੇ ਹਟਾਉਣ ਲਈ ਰਾਜ਼ੀ ਨਹੀਂ ਹਨ। ਉਹ ਸਿਰਫ ਕੁਝ ਸਮੇਂ ਲਈ ਜੰਗਬੰਦੀ ਲਈ ਹੀ ਹਾਮੀ ਭਰ ਰਹੇ ਹਨ।

ਇਸ ਦੌਰਾਨ ਉਂਝ ਇੱਕ ਮਹੱਤਵਪੂਰਨ ਘਟਨਾਕ੍ਰਮ ਇਹ ਸਾਹਮਣੇ ਆਇਆ ਹੈ ਕਿ ਬਰਤਾਨਵੀ ਪਾਰਲੀਮੈਂਟ ਦੇ 200 ਮੈਂਬਰਾਂ ਨੇ ਇੱਕ ਪੱਤਰ 'ਤੇ ਦਸਤਖਤ ਕਰਕੇ ਫਲਿਸਤੀਨੀ ਸਟੇਟ ਨੂੰ ਤੁਰੰਤ ਮਾਨਤਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਆਪਣੀ ਇਸ ਚਿੱਠੀ ਵਿੱਚ ਲਿਖਿਆ ਕਿ ਫਲਿਸਤੀਨ ਵਿੱਚ ਭੁੱਖਮਰੀ ਵਾਲੇ ਹਾਲਾਤ ਬਿਆਨ ਤੋਂ ਬਾਹਰ ਹਨ। ਫਰਾਂਸ ਦੇ ਪ੍ਰਧਾਨ ਮੰਤਰੀ ਇਮੈਨੂਅਲ ਮੈਕਰੋਨ ਨੇ ਵੀ ਪਿਛਲੇ ਹਫਤੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਉਨ੍ਹਾਂ ਦਾ ਮੁਲਕ ਫਲਿਸਤੀਨ ਨੂੰ ਇੱਕ ਪ੍ਰਭੂਸੱਤਾ ਸੰਪਨ ਸਟੇਟ ਵਜੋਂ ਮਾਨਤਾ ਦੇਵੇਗਾ। ਟਰੰਪ ਨੇ ਬੀਤੇ ਐਤਵਾਰ ਕਿਹਾ ਕਿ ਉਨ੍ਹਾਂ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਸੰਸਾਰ ਵਿੱਚ ਵਿਰੋਧ ਬਹੁਤ ਜ਼ਿਆਦਾ ਵਧ ਗਿਆ ਹੈ, ਇਸ ਲਈ ਉਸ ਨੂੰ ਹਮਾਸ ਨਾਲ ਨਿਪਟਣ ਲਈ ਕੋਈ ਹੋਰ ਤਰੀਕਾ ਅਪਨਾਉਣਾ ਹੋਏਗਾ।

# ਆਈ.ਪੀ.ਸੀ. ਨੇ ਗਾਜ਼ਾ ਵਿੱਚ ਕਾਲ ਵਰਗੇ ਹਾਲਾਤ ਦੀ ਪੁਸ਼ਟੀ ਕੀਤੀ

ਸੰਯੁਕਤ ਰਾਸ਼ਟਰ ਦੀ ਖ਼ੁਰਾਕ ਸੁਰੱਖਿਆ ਬਾਰੇ ਮੁਨੀਟਰਿੰਗ ਕਰਨ ਵਾਲੀ ਸੰਸਥਾ 'ਇੰਟੈਗਰੇਟਿਡ ਫੂਡ ਸਿਕਿਉਰਿਟੀ ਫੇਜ਼ ਕਲਾਸੀਫਿਕੇਸ਼ਨ (ਆਈ.ਪੀ.ਸੀ.) ਨੇ ਸਾਫ ਕਰ ਦਿੱਤਾ ਹੈ ਕਿ ਗਾਜ਼ਾ ਵਿੱਚ ਕਾਲ ਪੈਣ (ਫੈਮਾਈਨ) ਵਰਗੇ ਹਾਲਤ ਬਣਦੇ ਜਾ ਰਹੇ ਹਨ; ਜਦਕਿ ਇਜ਼ਰਾਇਲ ਵੱਲੋਂ ਫਲਿਸਤੀਨ ਦੀ ਘੇਰਾਬੰਦੀ ਜਾਰੀ ਹੈ। ਭਾਵੇਂ ਅੰਤਰਰਾਸ਼ਟਰੀ ਦਬਾਅ ਅਧੀਨ ਕੁਝ ਖੁਰਾਕ ਦੇ ਟਰੱਕ ਗਾਜ਼ਾ ਵਿੱਚ ਪ੍ਰਵੇਸ਼ ਕਰਨ ਦਿੱਤੇ ਜਾ ਰਹੇ ਹਨ, ਪਰ ਹਾਲਾਤ ਦੀ ਗੰਭੀਰਤਾ ਨੂੰ ਵੇਖਦਿਆਂ ਇਹ ਮਦਦ ਬਹੁਤ ਥੋੜ੍ਹੀ ਹੈ। ਸੰਸਥਾ ਅਨੁਸਾਰ ਗਾਜ਼ਾ 'ਚ ਮਨੁੱਖੀ ਜਾਨਾਂ ਬਚਾਉਣ ਲਈ ਕੌਮਾਂਤਰੀ ਭਾਈਚਾਰੇ ਨੂੰ ਤੁਰੰਤ ਦਖਲ ਦੇਣ ਦੀ ਲੋੜ ਹੈ।

ਆਈ.ਪੀ.ਸੀ. ਨੇ ਆਪਣੇ ਇੱਕ ਵਿਸ਼ਲੇਸ਼ਣ ਵਿੱਚ ਸਾਹਮਣੇ ਲਿਆਂਦਾ ਹੈ ਕਿ ਗਾਜ਼ਾ ਪੱਟੀ ਵਿੱਚ ਵੱਡੀ ਪੱਧਰ 'ਤੇ ਫੈਲੀ ਭੁੱਖਮਰੀ, ਖ਼ੁਰਾਕ ਦੀ ਕਮੀ ਅਤੇ ਇਸ ਕਾਰਨ ਪੈਦਾ ਹੋ ਰਹੀਆਂ ਬਿਮਾਰੀਆਂ ਮੁਨੱਖੀ ਦੁਰਦਸ਼ਾ ਦੀ ਅੰਤਿਮ ਸੀਮਾ (ਵਰਸਟ ਕੇਸ ਸੀਨੈਰੀਓ) ਛੋਹ ਲਈ ਹੈ। ਇਹ ਪਹਿਲੀ ਵਾਰ ਹੈ, ਜਦੋਂ ਆਈ.ਪੀ.ਸੀ. ਨੇ ਇਹ ਸਪਸ਼ਟ ਕਿਹਾ ਹੈ ਕਿ ਗਾਜ਼ਾ ਪੱਟੀ ਵਿੱਚ ਕਾਲ ਵਰਗੀ ਸਥਿਤੀ ਪੈਦਾ ਹੋ ਗਈ ਹੈ। ਹਾਲਾਂਕਿ ਸੰਯੁਕਤ ਰਾਸ਼ਟਰ ਆਧਾਰਤ ਇਸ ਕੌਮਾਂਤਰੀ ਸੰਸਥਾ ਨੇ ਪਹਿਲਾਂ ਇਹ ਚਿਤਾਵਨੀ ਜ਼ਰੂਰ ਦਿੱਤੀ ਸੀ ਕਿ ਗਾਜ਼ਾ ਦਾ ਖਿੱਤਾ ਗੰਭੀਰ ਭੁੱਖਮਰੀ ਦੇ ਕੰਢੇ 'ਤੇ ਖੜ੍ਹਾ ਹੈ। ਯਾਦ ਰਹੇ, ਪਿਛਲੇ ਦੋ ਸਾਲ ਚੱਲੀ ਜੰਗ ਦੇ ਦੌਰਾਨ ਇਜ਼ਰਾਇਲੀ ਸੁਰੱਖਿਆ ਦਸਤੇ ਖਾਧ ਖ਼ੁਰਾਕ ਦੇ ਭਰੇ ਵਾਹਨ ਗਾਜ਼ਾ ਅੰਦਰ ਜਾਣ ਤੋਂ ਕਦੀ ਅੰਸ਼ਕ ਤੌਰ 'ਤੇ ਅਤੇ ਕਦੀ ਪੂਰੀ ਤਰ੍ਹਾਂ ਰੋਕਦੇ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ 7 ਅਕਤੂਬਰ 2023 ਨੂੰ ਇਜ਼ਰਾਇਲ ਦੇ ਇੱਕ ਮੇਲੇ (ਫੈਸਟੀਵਲ) 'ਤੇ ਹੋਏ ਹਮਲੇ ਵਿੱਚ ਹਮਾਸ ਨਾਲ ਸੰਬੰਧਤ ਹਥਿਆਰਬੰਦ ਖਾੜਕੂਆਂ ਨੇ 250 ਦੇ ਕਰੀਬ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਇਸ ਹਮਲੇ ਤੋਂ ਬਾਅਦ ਇਜ਼ਰਾਇਲ ਵੱਲੋਂ ਹਮਾਸ ਦੇ ਕਬਜ਼ੇ ਹੇਠਲੀ ਗਾਜ਼ਾ ਪੱਟੀ 'ਤੇ ਟੈਂਕਾਂ, ਪੈਦਲ ਫੌਜ ਅਤੇ ਹਵਾਈ ਹਮਲਾ ਕਰ ਦਿੱਤਾ ਗਿਆ ਸੀ। ਇਸ ਹਮਲੇ ਤੋਂ ਪਹਿਲਾਂ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਆਪਣੀ ਘਰੇਲੂ ਸਿਆਸਤ ਵਿੱਚ ਭ੍ਰਿਸ਼ਟਾਚਾਰ ਦੇ ਕਈ ਕੇਸਾਂ ਕਾਰਨ ਹਾਲਤ ਪਤਲੀ ਬਣੀ ਹੋਈ ਸੀ। ਹਮਾਸ ਵੱਲੋਂ ਪ੍ਰਦਾਨ ਕੀਤਾ ਇਸ ਹਮਲੇ ਵਾਲਾ ਮੌਕਾ ਨੇਤਨਯਾਹੂ ਦੀ ਘਰੇਲੂ ਸਿਆਸਤ ਨੂੰ ਘਿਉ ਵਾਂਗ ਲੱਗਿਆ ਹੈ। ਹਮਾਸ ਅਤੇ ਇਜ਼ਰਾਇਲ ਦੇ ਇਸ ਖ਼ੂਨੀ ਭੇੜ ਵਿੱਚ ਸੱਭ ਤੋਂ ਵੱਡਾ ਨੁਕਸਾਨ ਆਮ ਫਲਿਸਤੀਨੀ ਲੋਕਾਂ ਦਾ ਹੋਇਆ ਹੈ। ਇਸ ਖਿੱਤੇ ਵਿੱਚ ਵੱਸਦੇ ਤਕਰੀਬਨ 22 ਲੱਖ ਲੋਕਾਂ ਵਿੱਚੋਂ 60 ਹਜ਼ਾਰ ਸਿੱਧੇ ਤੌਰ 'ਤੇ ਗੋਲੀਬਾਰੀ ਵਿੱਚ ਮਾਰੇ ਗਏ ਹਨ, ਜਦਕਿ ਡੇਢ ਲੱਖ ਦੇ ਕਰੀਬ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚ ਬਹੁਤੇ ਬੱਚੇ ਅਤੇ ਔਰਤਾਂ ਸ਼ਾਮਲ ਹਨ। ਇਸ ਤੋਂ ਇਲਾਵਾ 10-12 ਹਜ਼ਾਰ ਲੋਕ ਲਾਪਤਾ ਹਨ। ਉਨ੍ਹਾਂ ਦੇ ਮਲਬੇ ਹੇਠਾਂ ਦਬ ਕੇ ਮਾਰੇ ਜਾਣ ਦਾ ਖਦਸ਼ਾ ਹੈ। ਇਜ਼ਰਾਇਲ ਵੱਲੋਂ ਕੀਤੀ ਗਈ ਬੰਬਾਰੀ ਨੇ ਗਾਜ਼ਾ ਪੱਟੀ ਦੇ ਵਸੇਬੇ ਨੂੰ ਲਗਪਗ ਥੇਹ ਬਣਾ ਦਿੱਤਾ ਹੈ।

ਆਈ.ਪੀ.ਸੀ. ਵੱਲੋਂ ਜਦੋਂ ਕੌਮਾਂਤਰੀ ਭਾਈਚਾਰੇ ਨੂੰ ਸਤਰਕ ਕੀਤਾ ਗਿਆ ਸੀ, ਉਹ ਉਸ ਮੌਕੇ ਪ੍ਰਾਪਤ ਹੋਏ ਸਬੂਤਾਂ 'ਤੇ ਆਧਾਰਤ ਸੀ। ਉਸ ਮੌਕੇ ਸੰਸਥਾ ਨੇ ਗਾਜ਼ਾ ਨੂੰ ਸੱਚਮੁੱਚ ਦੇ 'ਕਾਲ' (ਫੈਮਾਇਨ) ਪੈਣ ਵਾਲੀ ਸਥਿਤੀ ਵਿੱਚ ਹੋਣ ਬਾਰੇ ਐਲਾਨ ਨਹੀਂ ਸੀ ਕੀਤਾ। ਅਜਿਹਾ ਕਰਨ ਲਈ ਵਿਆਪਕ ਵਿਸ਼ਲੇਸ਼ਣ ਦੀ ਲੋੜ ਪੈਂਦੀ ਹੈ। ਇਹ ਵਿਸ਼ਲੇਸ਼ਣ ਸੰਸਥਾ ਵੱਲੋਂ ਜਲਦੀ ਪੂਰਾ ਕਰ ਲਿਆ ਜਾਵੇਗਾ; ਪਰ ਗਾਜ਼ਾ ਵਿੱਚ ਸਾਹਮਣੇ ਆ ਰਹੇ ਤਾਜ਼ਾ ਅੰਕੜਿਆਂ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਹਰ 3000 ਲੋਕਾਂ ਪਿੱਛੇ ਦੋ ਵਿਅਕਤੀ ਭੁੱਖਮਰੀ ਦਾ ਸ਼ਿਕਾਰ ਹਨ। ਇਹ ਸਥਿਤੀ ਕਾਲ ਵਰਗੇ ਹਾਲਤ ਨੂੰ ਦਰਸਾਉਂਦੀ ਹੈ। ਆਈ.ਪੀ.ਸੀ. ਅਨੁਸਾਰ ਰਸਮੀ ਤੌਰ 'ਤੇ ਅਸੀਂ ਉਸ ਵੱਸੋਂ ਨੂੰ ਕਾਲ (ਫੈਮਾਈਨ) ਦਾ ਸ਼ਿਕਾਰ ਮੰਨ ਲੈਂਦੇ ਹਾਂ, ਜਿਸ ਦੀ 20 ਫੀਸਦੀ ਵੱਸੋਂ ਲਈ ਖ਼ੁਰਾਕ ਦੀ ਬਹੁਤ ਜ਼ਿਆਦਾ ਥੁੜ੍ਹ ਹੋਵੇ ਅਤੇ ਤਿੰਨ ਬੱਚਿਆਂ ਵਿੱਚੋਂ ਇੱਕ ਖ਼ੁਰਾਕ ਦੀ ਗੰਭੀਰ ਥੁੜ੍ਹ (ਮਾਲ ਨਿਊਟਰੀਸ਼ਨ) ਦਾ ਸ਼ਿਕਾਰ ਹੋਵੇ। ਆਈ.ਪੀ.ਸੀ. ਨੇ ਕਿਹਾ ਹੈ ਕਿ ਗਾਜ਼ਾ ਵਿੱਚ ਇਹ ਸਥਿਤੀ ਪੈਦਾ ਹੋ ਗਈ ਹੈ। ਹਰ ਤਿੰਨ ਵਿਅਕਤੀਆਂ ਵਿੱਚੋਂ ਇੱਕ ਕਈ ਕਈ ਦਿਨਾਂ ਤੱਕ ਫਾਕੇ ਕੱਟਦਾ ਹੈ।

ਸੰਯੁਕਤ ਰਾਸ਼ਟਰ ਆਧਾਰਤ ਇਸ ਸੰਸਥਾ ਨੇ ਕਿਹਾ ਕਿ ਗਾਜ਼ਾ ਵਿੱਚ ਖੁਰਾਕ ਦੀ ਥੁੜ੍ਹ ਜੁਲਾਈ ਮਹੀਨੇ ਵਿੱਚ ਬਹੁਤ ਤੇਜ਼ੀ ਨਾਲ ਵਧੀ ਅਤੇ ਇਹ ਗਾਜ਼ਾ ਸ਼ਹਿਰ ਨੂੰ ਕਾਲ ਦੇ ਬੂਹੇ 'ਤੇ ਲੈ ਆਈ। ਗਾਜ਼ਾ ਦੇ ਹਸਪਤਾਲਾਂ ਵਿੱਚ ਭੁੱਖ ਕਾਰਨ ਮਰਨ ਵਾਲੇ ਲੋਕਾਂ ਦੀ ਗਿਣਤੀ ਇਸ ਦੌਰ ਵਿੱਚ ਤੇਜ਼ੀ ਨਾਲ ਵਧੀ। 17 ਜੁਲਾਈ ਤੱਕ ਪੰਜ ਸਾਲ ਤੋਂ ਘੱਟ ਉਮਰ ਦੇ 16 ਬੱਚਿਆਂ ਦੀ ਮੌਤ ਹੋ ਚੁੱਕੀ ਸੀ। ਇਸ ਸਾਲ ਅਪ੍ਰੈਲ ਮਹੀਨੇ ਤੋਂ ਅੱਧ ਜੁਲਾਈ ਤੱਕ 20 ਹਜ਼ਾਰ ਤੋਂ ਵੱਧ ਬੱਚੇ ਖੁਰਾਕੀ ਥੁੜ੍ਹ ਕਾਰਨ ਹਸਪਤਾਲਾਂ ਵਿੱਚ ਦਾਖਲ ਹੋਏ। ਜਿਨ੍ਹਾਂ ਵਿੱਚੋਂ ਤਿੰਨ ਹਜ਼ਾਰ ਦੀ ਹਾਲਤ ਬੇਹੱਦ ਗੰਭੀਰ ਸੀ। ਕਾਲ ਵਾਲੀ ਹਾਲਤ ਲਈ ਤੀਜੀ ਮੁੱਖ ਨਿਸ਼ਾਨੀ ਇਸ ਨਾਲ ਹੋਣ ਵਾਲੀਆਂ ਮੌਤਾਂ ਹਨ। ਦੋ ਸਾਲ ਦੀ ਜੰਗ ਤੋਂ ਬਾਅਦ ਜਦੋਂ ਗਾਜ਼ਾ ਵਿੱਚ ਸਿਹਤ ਸੰਭਾਲ ਦਾ ਢਾਂਚਾ ਲੱਗਪਗ ਢੇਰੀ ਹੋ ਚੁੱਕਾ ਹੈ ਤਾਂ ਇਸ ਸੰਬੰਧੀ ਸਹੀ-ਸਹੀ ਡੈਟਾ ਇਕੱਠਾ ਕਰਨਾ ਬਹੁਤ ਮੁਸ਼ਕਿਲ ਹੈ, ਪਰ ਵਰਡ ਫੂਡ ਪ੍ਰੋਗਰਾਮ ਅਤੇ ਯੂਨੀਸੈਫ ਨੇ ਆਪਣੇ ਇੱਕ ਸਾਂਝੇ ਬਿਆਨ ਵਿੱਚ ਸਾਫ ਕੀਤਾ ਹੈ ਕਿ ਇਹ ਮੌਤਾਂ ਗਾਜ਼ਾ ਵਿੱਚ ਆਮ ਹਨ।

ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਟਰੇਜ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਬੋਲਦਿਆਂ ਕਿਹਾ ਕਿ ਗਾਜ਼ਾ ਦੀ ਹਾਲਤ ਬੇਹੱਦ ਮੰਦੀ ਹੋ ਚੁੱਕੀ ਹੈ। ਇਸ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਫੌਰੀ ਦਖਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਿਰਸੰਦੇਹ ਹਮਾਸ ਵੱਲੋਂ 7 ਅਕਤੂਬਰ 2023 ਨੂੰ ਇਜ਼ਰਾਇਲ ਦੇ ਸ਼ਹਿਰੀਆਂ 'ਤੇ ਕੀਤਾ ਗਿਆ ਹਮਲਾ ਸਹੀ ਨਹੀਂ ਸੀ, ਪਰ ਇਸ ਤੋਂ ਬਾਅਦ ਇਜ਼ਰਾਇਲ ਦੀ ਫੌਜ ਵੱਲੋਂ ਗਾਜ਼ਾ ਵਿੱਚ ਜੋ ਕਹਿਰ ਵਰਤਾਇਆ ਗਿਆ ਹੈ, ਉਹ ਵੀ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਜ਼ਰਾਇਲੀ ਫੌਜ ਵੱਲੋਂ ਫਲਿਸਤੀਨੀ ਲੋਕਾਂ ਨੂੰ ਆਪਣੀ ਧਰਤੀ ਤੋਂ ਲਗਪਗ ਉਜਾੜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਤ ਅਮਨ ਨਹੀਂ ਹੈ, ਮੌਤ ਇਨਸਾਫ ਨਹੀਂ ਹੈ ਅਤੇ ਇਸ ਹਾਲਤ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਾਫ ਤੌਰ 'ਤੇ ਕਿਹਾ ਕਿ ਫਲਿਸਤੀਨੀ ਲੋਕਾਂ ਲਈ ਪ੍ਰਭੂਸੱਤਾ ਸੰਪਨ ਰਾਜ ਕੋਈ ਇਨਾਮ ਨਹੀਂ ਹੈ, ਇਹ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਇਜ਼ਰਾਇਲ ਮਸਲੇ ਦਾ ਇੱਕੋ ਇੱਕ ਹੱਲ ਫਲਿਸਤੀਨ ਅਤੇ ਇਜ਼ਰਾਇਲੀਆਂ ਲਈ ਦੋ ਵੱਖਰੇ-ਵੱਖਰੇ ਰਾਜਾਂ ਵਿੱਚ ਆਪਸ ਵਿੱਚ ਸਹਿਹੋਂਦ ਦੇ ਰੂਪ ਵਿੱਚ ਵੱਸਣਾ ਹੀ ਹੈ।



SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀੜੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com




TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325

# ਲੈਂਡ ਪੂਲਿੰਗ ਨੀਤੀ ਖਿਲਾਫ ਕਿਸਾਨ ਰੋਹ ਵਧਣ ਲੱਗਾ

***'ਆਪ' ਸਰਕਾਰ ਇਸ ਨੀਤੀ ਨੂੰ ਲਾਗੂ ਕਰਨ ਲਈ ਬਜ਼ਿੱਦ**
***ਸਾਰੀਆਂ ਵਿਰੋਧੀ ਪਾਰਟੀਆਂ ਕਿਸਾਨਾਂ ਦੇ ਹੱਕ ਵਿੱਚ ਆਈਆਂ**

**ਜਸਵੀਰ ਸਿੰਘ ਮਾਂਗਟ**

ਪੰਜਾਬ ਦੀ ਲੈਂਡ ਪੂਲਿੰਗ ਨੀਤੀ ਦਾ ਵੱਡੀ ਪੱਧਰ 'ਤੇ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਤਕਰੀਬਨ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਇਸ ਨੀਤੀ ਦੇ ਵਿਰੋਧ ਵਿੱਚ ਆ ਗਈਆਂ ਹਨ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਕਿਸਾਨ ਜਥੇਬੰਦੀਆਂ ਦਾ ਇੱਕ ਵੱਡਾ ਹਿੱਸਾ ਅਤੇ ਪੰਜਾਬ ਦੇ ਆਮ ਕਿਸਾਨ ਇਸ ਨੀਤੀ ਦੇ ਪੂਰੀ ਤਰ੍ਹਾਂ ਵਿਰੋਧ ਵਿੱਚ ਨਿੱਤਰ ਆਏ ਹਨ; ਪਰ ਸਰਕਾਰ ਦਾ ਹਾਲ ਇਹ ਹੈ ਕਿ ਉਹ ਰਾਤਾਂ ਨੂੰ ਆਪਣੇ ਕਾਰਿੰਦਿਆਂ ਨੂੰ ਲੋਕਾਂ ਦੀ ਕਥਿਤ ਸਹਿਮਤੀ ਹਾਸਲ ਕਰਨ ਲਈ ਭੇਜ ਰਹੀ ਹੈ। ਸੋਸ਼ਲ ਮੀਡੀਆ 'ਤੇ ਨਸ਼ਰ ਹੋਈ ਜਾਣਕਾਰੀ ਅਨੁਸਾਰ ਇਹ ਕਾਰਿੰਦੇ ਕਿਸਾਨਾਂ ਵੱਲੋਂ ਭਰਾਏ ਜਾਣੇ ਵਾਲੇ ਕਾਗਜ਼ਾਂ 'ਤੇ ਖੁਦ ਹੀ ਦਸਤਖਤ ਕਰ ਕੇ ਸਰਕਾਰ ਨੂੰ ਦੇਈ ਜਾ ਰਹੇ ਹਨ। ਕੁਝ ਸੂਤਰਾਂ ਅਨੁਸਾਰ ਸਰਕਾਰ ਕੋਲ ਜ਼ਮੀਨ ਦੇਣ ਜਾਂ ਨਾ ਦੇਣ ਬਾਰੇ ਪਹੁੰਚੀਆਂ 8 ਹਜਾਰ ਅਰਜ਼ੀਆਂ ਵਿੱਚੋਂ ਸਿਰਫ 15 ਕਿਸਾਨਾਂ ਨੇ ਜ਼ਮੀਨ ਸਰਕਾਰ ਨੂੰ ਦੇਣ ਲਈ ਸਹਿਮਤੀ ਦਿੱਤੀ ਹੈ। ਜਦੋਂ ਪੰਜਾਬ ਦੇ ਖੇਤੀਬਾੜੀ ਮੰਤਰੀ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਕਿਸਾਨ ਇਸ ਨੀਤੀ ਦੇ ਹੱਕ ਵਿੱਚ ਹਨ। ਜਦੋਂ ਉਨ੍ਹਾਂ ਨੂੰ ਇਸ ਬਾਰੇ ਅਸਲ ਗਿਣਤੀ ਦੱਸਣ ਲਈ ਕਿਹਾ ਗਿਆ ਤਾਂ ਉਨ੍ਹਾਂ ਕਹਿ ਦਿੱਤਾ ਕਿ ਬਹੁਤ ਸਾਰੇ ਕਿਸਾਨ ਇਸ ਦਾ ਵਿਰੋਧ ਵੀ ਕਰ ਰਹੇ ਹਨ।

ਫਿਰ ਵੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਇਸ ਨੀਤੀ ਨੂੰ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹਨ ਦਾ ਯਤਨ ਕਰ ਰਹੀ ਹੈ। ਸਰਕਾਰ ਦਲੀਲ ਦੇ ਰਹੀ ਹੈ ਕਿ ਇਹ ਲੈਂਡ ਪਾਲਿਸੀ ਪੰਜਾਬ ਵਿੱਚ ਯੋਜਨਾਬੱਧ ਸ਼ਹਿਰੀ ਵਿਕਾਸ ਕਰਨ ਦੇ ਮਕਸਦ ਨਾਲ ਲਿਆਂਦੀ ਗਈ ਹੈ, ਜਦੋਂ ਕਿ ਇਸ ਨੀਤੀ ਤੋਂ ਪ੍ਰਭਾਵਤ ਹੋਣ ਵਾਲੇ ਕਿਸਾਨ ਇਸ ਨੂੰ ਅਪਨਾਉਣ ਦੇ ਮੂਡ ਵਿੱਚ ਨਹੀਂ ਹਨ। ਆਲੋਚਕਾਂ ਦੀ ਦਲੀਲ ਹੈ ਕਿ ਆਮ ਆਦਮੀ ਪਾਰਟੀ ਕਰਜ਼ਾ ਚੁੱਕ ਕੇ ਪੰਜਾਬ ਵਿੱਚ ਸਰਕਾਰ ਚਲਾ ਰਹੀ ਹੈ। ਪੰਜਾਬ ਸਿਰ ਚੜ੍ਹਿਆ ਕਰਜ਼ਾ ਚਾਰ ਲੱਖ ਕਰੋੜ ਰੁਪਏ ਤੋਂ ਵੱਧ ਹੋ ਚੁਕਾ ਹੈ। ਇਸ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਪੰਜਾਬ ਦਾ ਹੈਲੀਕਾਪਟਰ ਵਰਤ ਕੇ ਗੁਜਰਾਤ ਵਿੱਚ ਆਉਂਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੇ ਮਕਸਦ ਨਾਲ ਪ੍ਰਚਾਰ ਕਰ ਰਹੇ ਹਨ। ਵਿਰੋਧੀ ਪਾਰਟੀਆਂ ਇਹ ਦਲੀਲ ਵੀ ਦੇ ਰਹੀਆਂ ਹਨ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਦਿੱਲੀ ਵਿੱਚ ਸ਼ਰਾਬ ਨੀਤੀ ਰਾਹੀਂ ਕੀਤੀ ਜਾਣ ਵਾਲੀ ਸਕੀਮ ਤਾਂ ਸਿਰੇ ਨਹੀਂ ਚੜ੍ਹੀ, ਇਸ ਲਈ ਹੁਣ ਉਸ ਵੱਲੋਂ ਪੰਜਾਬ ਦੇ ਵਿੱਤੀ/ਆਰਥਕ ਸੋਮਿਆਂ ਨੂੰ ਵਰਤ ਕੇ ਬਾਕੀ ਰਾਜਾਂ ਵਿੱਚ ਆਪਣੀ ਸਿਆਸਤ ਰੇਹੜਨ ਦਾ ਯਤਨ ਕੀਤਾ ਜਾ ਰਿਹਾ ਹੈ। ਅਸਲ ਵਿੱਚ 'ਆਪ' ਸਰਕਾਰ 2027 ਵਿੱਚ ਆ ਰਹੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਵੱਡੀ ਰਕਮ ਇਕੱਠਾ ਕਰਨ ਦਾ ਯਤਨ ਕਰ ਰਹੀ ਹੈ।

ਸਭ ਤੋਂ ਅਜੀਬ ਗੱਲ ਇਹ ਹੈ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਤੋਂ ਮੁਫਤ ਵਿੱਚ 65 ਹਜ਼ਾਰ ਏਕੜ ਜ਼ਮੀਨ ਹਾਸਲ ਕਰਨਾ ਚਾਹੁੰਦੀ ਹੈ। ਇਸ ਵਿੱਚੋਂ 40 ਹਜ਼ਾਰ ਏਕੜ ਜ਼ਮੀਨ ਸਿਰਫ ਲੁਧਿਆਣਾ ਜ਼ਿਲ੍ਹੇ ਵਿੱਚ ਅਕਵਾਇਰ ਕੀਤੀ ਜਾਣੀ ਹੈ। ਬਾਕੀ ਅਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਪੰਜਾਬ ਦੇ 15 ਹੋਰ ਜ਼ਿਲ੍ਹਿਆਂ ਵਿੱਚ ਖ਼ਿਲਰੀ ਹੋਈ ਹੈ। ਜ਼ਮੀਨ ਅਕਵਾਇਰ ਦਾ ਲਾਰਾ ਵੀ ਇਸ ਆਸਰੇ ਕਿ ਜਦੋਂ ਇਹ ਜ਼ਮੀਨ ਕਥਿਤ ਤੌਰ 'ਤੇ ਵਿਕਸਿਤ ਹੋ ਗਈ ਤਾਂ ਇੱਕ ਏਕੜ ਮਗਰ ਇਸ ਵਿੱਚੋਂ ਇੱਕ ਹਜ਼ਾਰ ਵਰਗ ਗਜ਼ ਦਾ ਇੱਕ ਰਿਹਾਇਸ਼ੀ ਪਲਾਟ ਅਤੇ 200 ਵਰਗ ਗਜ਼ ਦਾ ਕਮਰਸ਼ੀਅਲ ਪਲਾਟ ਸੰਬੰਧਤ ਕਿਸਾਨ ਨੂੰ ਦਿੱਤਾ ਜਾਵੇਗਾ। ਆਪਣੇ ਪਹਿਲੇ ਡਰਾਫਟ ਵਿੱਚ ਸਰਕਾਰ ਨੇ ਜ਼ਮੀਨ ਦੇਣ ਵਾਲੇ ਕਿਸਾਨ ਨੂੰ ਤਿੰਨ ਸਾਲ ਤੱਕ 30 ਹਜ਼ਾਰ ਰੁਪਏ ਸਾਲਾਨਾ ਦੇਣ ਦਾ ਵਾਅਦਾ ਕੀਤਾ ਸੀ, ਪਰ ਜਦੋਂ ਇਸ ਨੀਤੀ ਦਾ ਜ਼ੋਰਦਾਰ ਵਿਰੋਧ ਹੋਣ ਲੱਗਾ ਤਾਂ ਸਰਕਾਰ ਨੇ ਕਿਸਾਨ ਨੂੰ 50,000 ਰੁਪਏ ਸਾਲਾਨਾ ਦੇਣ ਦਾ ਐਲਾਨ ਕਰ ਦਿੱਤਾ। ਫਿਰ ਵਿੱਚ ਨੂੰ ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਇੱਕ ਲੱਖ ਰੁਪਏ ਸਾਲਾਨਾ ਦੇਣ ਦੀ ਵੀ ਗੱਲ ਕਹੀ। ਉਪਰੋਕਤ ਉਪਬੰਧ ਦੋ ਕਨਾਲ ਤੋਂ ਲੈ ਕੇ ਅੱਠ ਏਕੜ ਤੱਕ ਹੈ। ਨੌਂ ਤੋਂ ਪੰਜਾਹ ਏਕੜ ਤਕ ਜ਼ਮੀਨ ਵਾਲੇ ਕਿਸਾਨਾਂ ਲਈ ਵੱਖਰਾ ਉਪਬੰਧ ਕੀਤਾ ਗਿਆ ਹੈ। ਅਜਿਹੇ ਕਿਸਾਨਾਂ ਨੂੰ ਇਸ ਜ਼ਮੀਨ ਨੂੰ ਵਿਕਸਿਤ ਕਰਨ ਵਾਲੀਆਂ ਕਮੇਟੀਆਂ ਆਦਿ ਦੀਆਂ ਮੀਟਿੰਗਾਂ ਵਿੱਚ ਵੀ ਸ਼ਾਮਲ ਕੀਤਾ ਜਾਵੇਗਾ। 50 ਏਕੜ ਵਾਲੇ ਕਿਸਾਨ ਦੇ 20 ਏਕੜ ਸਰਕਾਰ ਵਿਕਸਿਤ ਕਰੇਗੀ ਅਤੇ 30 ਏਕੜ ਕਿਸਾਨ ਨੂੰ ਦੇਣੇ ਹੋਣਗੇ। ਇਸ ਜ਼ਮੀਨ ਨੂੰ ਵਿਕਸਿਤ ਕਰਨ ਅਤੇ ਸਹੂਲਤਾਂ ਵਗੈਰਾ ਪ੍ਰਦਾਨ ਕਰਨ ਲਈ ਸਰਕਾਰ 60-40 ਦੇ ਹਿਸਾਬ ਨਾਲ ਖਰਚ ਕੀਤਾ ਜਾਵੇਗਾ। 60 ਫੀਸਦੀ ਖਰਚ ਕਿਸਾਨ ਦਾ ਹੋਵੇਗਾ ਤੇ ਚਾਲੀ ਫੀਸਦੀ ਸਰਕਾਰ ਵੱਲੋਂ ਡਿਵੈਲਪ ਕਰਨ ਵਾਲੀ ਏਜੰਸੀ ਦਾ। ਇਸ ਜ਼ਮੀਨ ਵਿੱਚ 1500 ਗਜ਼ ਦੇ ਪਲਾਟ ਕੱਟੇ ਜਾਣਗੇ, ਪਰ ਜਾਪਦਾ ਹੈ ਕਿ ਪੰਜਾਬ ਦੇ ਕਿਸਾਨ ਕਿਸੇ ਵੀ ਕੀਮਤ 'ਤੇ ਸਰਕਾਰ ਦੀ ਇਹ ਸਕੀਮ ਸਵੀਕਾਰ ਕਰਨ ਲਈ ਰਾਜ਼ੀ ਨਹੀਂ ਹਨ।

ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਇਸ ਨੀਤੀ ਰਾਹੀਂ ਦਸ ਹਜ਼ਾਰ ਕਰੋੜ ਰੁਪਏ ਹਾਸਲ ਕਰਨਾ ਚਾਹੁੰਦੀ ਹੈ। ਕਾਂਗਰਸ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਇਹ ਨੀਤੀ ਇੱਕ ਬਹੁਤ ਵੱਡਾ ਸਕੈਂਡਲ ਹੈ ਅਤੇ ਸਰਕਾਰ ਵੱਲੋਂ ਇਸ ਨੀਤੀ ਰਾਹੀਂ ਬਿਲਡਰਾਂ ਤੋਂ 25 ਹਜ਼ਾਰ ਕਰੋੜ ਰੁਪਏ ਹਾਸਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਦੀ ਹੈ ਤਾਂ ਇਸ ਲੈਂਡ ਪੂਲਿੰਗ ਨੀਤੀ ਨੂੰ ਤੁਰੰਤ ਰੱਦ ਕੀਤਾ ਜਾਵੇਗਾ। ਉਧਰ 'ਆਪ' ਸਰਕਾਰ ਦਾ ਕਹਿਣਾ ਹੈ ਕਿ ਲੈਂਡ ਪੂਲਿੰਗ ਸੰਬੰਧੀ ਸਭ ਤੋਂ ਪਹਿਲੀ ਨੀਤੀ 2013 ਵਿੱਚ ਅਕਾਲੀ ਸਰਕਾਰ ਵੱਲੋਂ ਹੀ ਲਿਆਂਦੀ ਗਈ ਸੀ। ਕਿਸਾਨਾਂ ਵੱਲੋਂ ਆਪਣੇ ਤੌਰ 'ਤੇ ਵਿਕਸਿਤ ਕੀਤੀ ਜਾਣ ਵਾਲੀ ਜ਼ਮੀਨ ਵਿੱਚ ਨਿਯਮ ਸਾਰੇ ਉਹੋ ਲਾਗੂ ਹੋਣਗੇ, ਜਿਹੜੇ ਵਿਕਸਿਤ ਕੀਤੀ ਜਾਣ ਵਾਲੀ ਬਾਕੀ ਅਕਵਾਇਰ ਕੀਤੀ ਗਈ ਜ਼ਮੀਨ ਵਿੱਚ ਹੋਣਗੇ।

ਪੰਜਾਬ ਵਿੱਚ ਜ਼ਮੀਨ ਅਕਵਾਇਰ ਕਰਨ ਬਾਰੇ ਗੱਲ ਕਰਨ ਵੇਲੇ ਧਿਆਨ ਰੱਖਣ ਵਾਲੀ ਚੀਜ਼ ਇਹ ਹੈ ਕਿ ਇਹ ਜ਼ਮੀਨ ਪਹਿਲਾਂ ਹੀ ਵਿਕਸਿਤ ਹੈ। ਬੜੀ ਮਿਹਨਤ ਨਾਲ ਪੰਜਾਬ ਵਿੱਚ ਜ਼ਮੀਨਾਂ ਕਿਸਾਨਾਂ ਵੱਲੋਂ ਪੱਧਰੀਆਂ ਕੀਤੀਆਂ ਗਈਆਂ ਹਨ ਅਤੇ ਵਾਹੀ ਦੇ ਕਾਬਲ ਬਣਾਈਆਂ ਗਈਆਂ ਹਨ। ਇਸ ਜ਼ਮੀਨ ਵਿੱਚ ਕਿਸਾਨ ਤਿੰਨ-ਤਿੰਨ ਫਸਲਾਂ ਕੱਢਦੇ ਹਨ। ਇੱਥੋਂ ਤੱਕ ਕਿ ਕੈਨੇਡਾ ਵਿੱਚ ਵੀ ਖੇਤੀ ਪੈਦਵਾਰ ਦਾ ਪੱਧਰ ਇਹ ਨਹੀਂ ਹੈ, ਜੋ ਪੰਜਾਬ ਵਿੱਚ ਹੈ। ਪੰਜਾਬ ਦੀ ਜ਼ਮੀਨ ਦਾ ਇੱਕ-ਇੱਕ ਇੰਚ ਖੇਤੀ ਲਈ ਸਾਂਭ ਕੇ ਰੱਖਿਆ ਜਾਣਾ ਚਾਹੀਦਾ ਹੈ। ਇਸ ਜ਼ਮੀਨ 'ਤੇ ਲੁੱਕ ਵਿਛਾ ਕੇ ਜਾਂ ਕੰਕਰੀਟ ਦੇ ਜੰਗਲ ਉਸਾਰ ਕੇ ਵਿਕਸਿਤ ਕਰਨ ਦਾ ਭਰਮ ਪਾਲਣਾ ਅਸਲ ਵਿੱਚ ਇਸ ਨੂੰ ਬਰਬਾਦੀ ਵੱਲ ਤੋਰਨਾ ਹੈ। ਯਾਦ ਰਹੇ, ਭਾਰਤ ਮਾਲਾ ਪ੍ਰਾਜੈਕਟ ਅਧੀਨ ਕੇਂਦਰ ਸਰਕਾਰ ਵੱਲੋਂ ਪਹਿਲਾਂ ਹੀ ਪੰਜਾਬ ਵਿੱਚ 70 ਹਜ਼ਾਰ ਏਕੜ ਜ਼ਮੀਨ ਅਕਵਾਇਰ ਕੀਤੀ ਜਾ ਚੁੱਕੀ ਹੈ। ਪੰਜਾਬ ਦੇ ਸ਼ਹਿਰਾਂ ਦੇ ਆਸੇ-ਪਾਸੇ 30-30 ਸਾਲ ਪੁਰਾਣੀਆਂ ਕਲੋਨੀਆਂ ਕੱਟੀਆਂ ਪਈਆਂ ਹਨ, ਜਿਨ੍ਹਾਂ 'ਤੇ ਹਾਲੇ ਤੱਕ ਵਸੇਬਾ ਨਹੀਂ ਹੋਇਆ ਜਾਂ ਟਾਂਵੇਂ ਟਾਂਵੇਂ ਘਰ ਬਣੇ ਹਨ। ਕਾਂਗਰਸ ਘਾਹ, ਭੰਗ ਅਤੇ ਹੋਰ ਅਟਰ-ਬਟਰ ਨਾਲ ਇਹ ਭਰੀਆਂ ਪਈਆਂ ਹਨ। ਜਾਂ ਨਸ਼ੱਈ ਮੁੰਡਿਆਂ ਵੱਲੋਂ ਟੀਕੇ ਲਗਵਾਉਣ ਲਈ ਓਹਲਾ ਬਣਦੀਆਂ ਹਨ। ਪੰਜਾਬ ਜਿਨ੍ਹਾਂ ਚੀਜ਼ਾਂ ਦੀ ਮੰਗ ਕਰ ਰਿਹਾ ਹੈ, ਪੰਜਾਬ ਸਰਕਾਰ ਉਸ ਤੋਂ ਬਿਲਕੁਲ ਉਲਟ ਜਾ ਕੇ ਕੰਮ ਕਰ ਰਹੀ ਹੈ।

ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀਆਂ ਨੂੰ ਪ੍ਰਦੂਸ਼ਤ ਕਰਨ ਦੇ ਦੋਸ਼ ਵਿੱਚ ਸਨਅਤਕਾਰਾਂ ਨੂੰ ਸਜ਼ਾ ਦੇਣ ਵਾਲਾ ਕਾਨੂੰਨ ਡੀਕ੍ਰਿਮੀਨਲਾਈਜ਼ ਕਰ ਦਿੱਤਾ ਹੈ। 1974 ਵਿੱਚ ਬਣਾਏ ਗਏ ਪਾਣੀ ਪ੍ਰਦੂਸ਼ਣ (ਪਾਣੀ ਦੇ ਪ੍ਰਦੂਸ਼ਣ ਸੰਬੰਧੀ ਐਕਟ - ਪਰਿਵੈਨਸ਼ਨ ਐਂਡ ਕੰਟਰੋਲ ਆਫ ਵਾਟਰ ਪਲਿਊਸ਼ਨ ਐਕਟ, 1974) ਵਿੱਚ ਪਾਣੀ ਦਾ ਪ੍ਰਦੂਸ਼ਣ ਕਰਨ ਵਾਲੇ ਵਿਅਕਤੀ/ਸੰਸਥਾ ਨੂੰ 7 ਸਾਲ ਦੀ ਸਜ਼ਾ ਦਾ ਪ੍ਰਬੰਧ ਸੀ, ਪਰ ਹੁਣ ਅਜਿਹਾ ਹੋਣ 'ਤੇ ਸਨਅਤਕਾਰ/ਕਾਰੋਬਾਰੀ ਨੂੰ ਸਿਰਫ ਜ਼ੁਰਮਾਨਾ ਦੇਣਾ ਪਵੇਗਾ। ਵਪਾਰੀਆਂ, ਸਨਅਤਕਾਰਾਂ ਅਤੇ ਕਾਰੋਬਾਰੀਆਂ ਦੇ ਹੱਕ ਵਿੱਚ ਇਸ ਨੂੰ ਇੱਕ ਮਾਮੂਲੀ ਜ਼ੁਰਮ ਬਣਾ ਦਿੱਤਾ ਗਿਆ ਹੈ। ਪਿਛਲੇ ਸਾਲ ਕੇਂਦਰ ਵੱਲੋਂ ਸੋਧੇ ਗਏ ਇਸ ਕਾਨੂੰਨ 'ਤੇ ਪੰਜਾਬ ਸਰਕਾਰ ਨੇ ਆਪਣੀ ਮੋਹਰ ਵੀ ਲਗਾ ਦਿੱਤੀ ਹੈ ਅਤੇ ਇਸ ਨੂੰ ਪੰਜਾਬ ਵਿੱਚ ਵੀ ਲਾਗੂ ਕਰ ਦਿੱਤਾ ਹੈ। ਵਾਤਾਵਰਣ ਪ੍ਰਦੂਸ਼ਣ ਸੰਬੰਧੀ ਕਾਨੂੰਨ ਵਿੱਚ ਸੋਧ ਕਰਕੇ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਸਨਅਤ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਨੋਅ ਅਬਜੈਕਸ਼ਨ ਦਾ ਸਰਟੀਫਿਕੇਟ (ਐਨ.ਓ.ਸੀ.) ਲੈਣ ਦੀ ਸ਼ਰਤ ਵੀ ਹਟਾ ਦਿੱਤੀ ਹੈ। ਇਹ ਇਜਾਜ਼ਤ ਹੁਣ ਸਿਰਫ ਕੇਂਦਰੀ ਪ੍ਰਦੂਸ਼ਣ ਬੋਰਡ ਤੋਂ ਲੈਣੀ ਪਵੇਗੀ। ਪੰਜਾਬ ਵਿੱਚ ਦਰਿਆਈ, ਹਵਾ ਅਤੇ ਜ਼ਮੀਨ ਪ੍ਰਦੂਸ਼ਣ ਖਿਲਾਫ ਸੰਘਰਸ਼ ਜਦੋਂ ਸਰਗਰਮ ਹੋ ਰਿਹਾ ਹੈ ਤਾਂ ਭਾਰਤ ਦੀ ਕੇਂਦਰ ਸਰਕਾਰ ਅਤੇ ਪੰਜਾਬ ਵਿੱਚ ਰਾਜ ਸਰਕਾਰ ਕਾਰੋਬਾਰੀਆਂ ਨੂੰ ਪ੍ਰਦੂਸ਼ਣ ਫੈਲਾਉਣ ਦੀ ਖੁੱਲ੍ਹੀ ਛੁੱਟੀ ਦੇ ਰਹੀ ਹੈ।

ਇਸ ਦੇ ਨਾਲ ਹੀ ਹੁਣ ਪੰਜਾਬ ਸਰਕਾਰ ਨੇ ਇਹ ਲੈਂਡ ਪੂਲਿੰਗ ਵਾਲੀ ਪਾਲਿਸੀ ਲੈ ਆਂਦੀ ਹੈ। ਪੰਜਾਬ ਦੇ ਲੋਕ ਮੰਗ ਇਹ ਕਰਦੇ ਹਨ ਕਿ ਸਾਡੀ ਸਕੂਲੀ ਵਿਦਿਆ, ਸੈਕੰਡਰੀ ਅਤੇ ਉੱਚ ਸਿੱਖਿਆ ਦਾ ਸੁਧਾਰ ਕੀਤਾ ਜਾਵੇ। ਨਵੀਂਆਂ ਤਕਨੀਕਾਂ ਸੰਬੰਧੀ ਸਿੱਖਿਆ ਲਈ ਇੰਸਟੀਚਿਊਟ ਖੋਲ੍ਹੇ ਜਾਣ। ਜੇ ਸਨਅਤ ਏਥੇ ਲਗਾਉਣੀ ਵੀ ਹੈ ਤਾਂ ਇਹ ਪੰਜਾਬ ਦੀ ਖੇਤੀ ਪੈਦਾਵਾਰ ਨੂੰ ਪ੍ਰਸੈਸਿਸ ਕਰਨ ਦੇ ਮਕਸਦ ਨਾਲ ਲਗਾਈ ਜਾਣੀ ਚਾਹੀਦੀ ਹੈ। ਇਸ ਤੋਂ ਅੱਗੇ ਇਸ ਸਨਅਤ ਨਾਲ ਜੁੜਵੇਂ ਰਿਸਰਚ ਇੰਸਟੀਚਿਊਟ ਜਾਂ ਖੋਜ ਯੂਨੀਵਰਸਿਟੀਆਂ ਖੋਲ੍ਹੀਆਂ ਜਾ ਸਕਦੀਆਂ ਹਨ। ਪੰਜਾਬ ਦੀ ਆਰਥਿਕਤਾ ਦਾ ਆਧਾਰ ਖੇਤੀ ਹੀ ਰਹਿਣਾ ਚਾਹੀਦਾ ਹੈ। ਖੇਤੀ ਅਤੇ ਕਿਸਾਨ ਦਾ ਕੁਦਰਤ ਨਾਲ ਸਿੱਧਾ ਅਤੇ ਔਰਗੈਨਿਕ ਰਿਸ਼ਤਾ ਹੁੰਦਾ ਹੈ। ਇਸ ਨੂੰ ਆਧਾਰ ਬਣਾ ਕੇ ਹੀ ਪਹਿਲੀ ਸਨਅਤੀ, ਦੂਜੀ ਸੂਚਨਾ, ਤੀਜੀ ਡਿਜ਼ੀਟਲ ਅਤੇ ਚੌਥੀ ਏ.ਆਈ. ਨਾਲ ਸੰਬੰਧਤ ਆਰਥਕ ਸਨਅਤ ਨੂੰ ਉਸਾਰਿਆ ਜਾਣਾ ਚਾਹੀਦਾ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਪੰਜਾਬ ਇੱਕ ਸਮਾਜਕ ਅਤੇ ਸੱਭਿਆਚਾਰਕ ਇਕਾਈ ਵਜੋਂ ਖਤਮ ਹੋ ਜਾਵੇਗਾ।

ਯਾਦ ਰਹੇ, ਮੌਜੂਦਾ ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਪਹਿਲੇ ਖਰੜੇ ਵਿੱਚ ਇਹ ਉਪਬੰਧ ਵੀ ਸੀ ਕਿ ਜੇ ਲੈਂਡ ਪੂਲਿੰਗ ਵਿੱਚ ਕੋਈ ਕਿਸਾਨ ਜ਼ਮੀਨ ਨਹੀਂ ਦਵੇਗਾ ਤਾਂ 2013 ਐਲ.ਏ.ਏ.ਆਰ. ਐਕਟ ਤਹਿਤ ਇਹ ਜ਼ਮੀਨ ਧੱਕੇ ਨਾਲ ਹਾਸਲ ਕਰ ਲਈ ਜਾਵੇਗੀ। ਇਹ ਖਰੜਾ ਹੁਣ ਸਰਕਾਰ ਨੇ ਵੈਬਸਾਈਟ ਤੋਂ ਚੁੱਕ ਦਿੱਤਾ ਹੈ। ਪੰਜਾਬ ਸਰਕਾਰ ਪਿਛਲੇ ਥੋੜ੍ਹੇ ਸਮੇਂ ਵਿੱਚ ਹੀ ਵਾਰ- ਵਾਰ ਲਿਆਂਦੇ ਗਏ ਲੈਂਡ ਪੂਲਿੰਗ ਨੀਤੀ ਦੇ ਤਿੰਨ ਖਰੜੇ ਗਾਇਬ ਕਰ ਚੁੱਕੀ ਹੈ। ਸਭ ਤੋਂ ਬਾਅਦ ਵਿੱਚ ਲਿਆਂਦਾ ਖਰੜਾ ਵੀ ਹੁਣ ਗਾਇਬ ਕਰ ਦਿੱਤਾ ਗਿਆ ਹੈ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

Hiring Local & Midwest Drivers and Dedicated Lanes & Owner Operators

NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਓਪਰੇਸ਼ਨ ਸਿੰਧੂਰ ਦੇ ਮੁੱਦੇ 'ਤੇ ਪਾਰਲੀਮੈਂਟ ਵਿੱਚ ਬਹਿਸ ਮੁਕੰਮਲ

***ਹਵਾਈ ਸੈਨਾ ਨੂੰ ਹੋਏ ਨੁਕਸਾਨ ਦੀ ਜਾਣਕਾਰੀ ਫਿਰ ਨਹੀਂ ਦਿੱਤੀ ਸਰਕਾਰ ਨੇ *ਭਾਰਤ ਨੇ ਜੰਗ ਨਹੀਂ ਛੇੜੀ, ਸਿਰਫ ਸੰਕੇਤਕ ਹਮਲਾ ਕੀਤਾ-ਰਾਜਨਾਥ**

ਮਈ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਵਿਚਕਾਰ ਤਿੰਨ ਦਿਨ ਤੱਕ ਚੱਲੀਆਂ ਝੜਪਾਂ ਨੂੰ ਭਾਰਤ ਵੱਲੋਂ ਓਪਰੇਸ਼ਨ ਸਿੰਧੂਰ ਦਾ ਨਾਂ ਦਿੱਤਾ ਗਿਆ ਹੈ; ਜਦਕਿ ਪਾਕਿਸਤਾਨ ਇਸ ਨੂੰ ਭਾਰਤ ਵੱਲੋਂ ਆਪਣੀ ਪ੍ਰਭੂਸੱਤਾ 'ਤੇ ਕੀਤਾ ਗਿਆ ਸਿੱਧਾ ਹਮਲਾ ਹੀ ਸਮਝਦਾ ਹੈ। ਇਸ ਹਮਲੇ ਨਾਲ ਸੰਬੰਧਤ ਹਮਲਾਵਰ ਹਾਲੇ ਤੱਕ ਭਾਰਤੀ ਸੁਰੱਖਿਆ ਦਸਤਿਆਂ ਦੇ ਕਾਬੂ ਵਿੱਚ ਨਹੀਂ ਆਏ ਸਨ, ਪਰ ਬੀਤੇ ਦਿਨੀਂ ਤਿੰਨ ਕਥਿਤ ਹਮਲਾਵਰਾਂ ਨੂੰ ਸੁਰੱਖਿਆ ਦਸਤਿਆਂ ਵੱਲੋਂ ਮਾਰ ਦਿੱਤਾ ਗਿਆ ਹੈ। ਇਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਇਹ ਪਹਿਲਗਾਮ ਸਾਕੇ ਦੇ ਮੁਲਜ਼ਮ ਸਨ। ਉਂਝ ਇਹ ਵੀ ਧਿਆਨ ਨਾਲ ਸੋਚਣ ਵਾਲਾ ਨੁਕਤਾ ਹੈ ਕਿ ਇਹ ਕਥਿਤ ਅਤਿਵਾਦੀ ਉਸ ਵਕਤ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਹਨ, ਜਿਸ ਦਿਨ ਓਪਰੇਸ਼ਨ ਸਿੰਧੂਰ ਵਾਲੇ ਮਸਲੇ 'ਤੇ ਪਾਰਲੀਮੈਂਟ ਵਿੱਚ ਬਹਿਸ ਸ਼ੁਰੂ ਹੁੰਦੀ ਹੈ। ਉਂਝ ਜਦੋਂ ਐਨ ਉਸ ਦਿਨ ਕੁੱਝ ਅਤਿਵਾਦੀ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਂਦੇ ਹਨ ਤਾਂ ਸੁਆਲ ਉਠਣੇ ਤਾਂ ਸੁਭਾਵਕ ਹੀ ਹਨ ਕਿ ਇਹ ਕੀ ਸਬੂਤ ਹੈ, ਸੰਬੰਧਤ ਅਤਿਵਾਦੀ ਪਾਕਿਸਤਾਨ ਦੇ ਨਾਗਰਿਕ ਹੀ ਸਨ? ਇੰਨਾ ਕਹਿਣ ਦੀ ਦੇਰ ਸੀ ਕਿ ਭਗਵਾ ਸੈਨਾ ਨੇ ਸਾਬਕਾ ਵਿੱਤ ਮੰਤਰੀ ਚਿਦੰਬਰਮ ਨੂੰ ਪਾਕਿਸਤਾਨ ਦਾ ਬੰਦਾ ਕਹਿਣ ਤੱਕ ਦੀ ਗੁਸਤਾਖੀ ਕਰ ਵਿਖਾਈ। ਇਹ ਸਾਰਾ ਕੁਝ ਸਾਡੀ ਪਾਰਲੀਮੈਂਟ ਵਿੱਚ ਵਾਪਰਿਆ।

ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੇ ਸੱਤਵੇਂ ਦਿਨ ਬੀਤੇ ਮੰਗਲਵਾਰ ਲੋਕ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਪਰੇਸ਼ਨ ਸਿੰਧੂਰ ਬਾਰੇ ਕਿਹਾ ਕਿ ਦੁਨੀਆ ਦੇ ਕਿਸੇ ਲੀਡਰ ਨੇ ਉਨ੍ਹਾਂ ਨੂੰ ਓਪਰੇਸ਼ਨ ਸਿੰਧੂਰ ਸਮਾਪਤ ਕਰਨ ਲਈ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਉਨ੍ਹਾਂ ਨੂੰ 9 ਮਈ ਨੂੰ ਇੱਕ ਫੋਨ ਕਾਲ ਕੀਤੀ ਸੀ। ਉਹ ਇੱਕ ਘੰਟੇ ਲਈ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਸੀ, ਜਦਕਿ ਮੈਂ ਸੀਨੀਅਰ ਫੌਜੀ ਅਫਸਰਾਂ ਨਾਲ ਮੀਟਿੰਗ ਵਿੱਚ ਸਾਂ। ਉਨ੍ਹਾਂ ਦੱਸਿਆ, "ਮੈਂ ਮੀਟਿੰਗ ਤੋਂ ਬਾਅਦ ਉਨ੍ਹਾਂ ਨੂੰ ਮੋੜਵਾਂ ਫੋਨ ਕੀਤਾ। ਉਸ ਨੇ ਮੈਨੂੰ ਦੱਸਿਆ ਕਿ ਪਾਕਿਸਤਾਨ ਬਹੁਤ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਦੀ ਇਸ ਸੂਚਨਾ 'ਤੇ ਮੇਰਾ ਪ੍ਰਤੀਕਰਮ ਇਹ ਸੀ ਕਿ ਜੇ ਉਹ ਇਸ ਕਿਸਮ ਦੇ ਹਮਲੇ ਦੀ ਤਿਆਰੀ ਕਰ ਰਹੇ ਹਨ ਤਾਂ ਯਾਦ ਰੱਖਣ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਮਿਲੇਗਾ।" ਪ੍ਰਧਾਨ ਮੰਤਰੀ ਨੇ ਹੋਰ ਕਿਹਾ ਕਿ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਕੀਤੀ ਗਈ ਇੰਡਸ ਵਾਟਰ ਟਰੀਟੀ ਵਾਲੀ ਗਲਤੀ ਅਸੀਂ ਸੁਧਾਰ ਲਈ ਹੈ। ਉਨ੍ਹਾਂ ਆਪਣਾ ਜੁਮਲਾ ਦੁਹਰਾਇਆ, 'ਖੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।' ਨਰਿੰਦਰ ਮੋਦੀ ਨੇ ਅੱਗੇ ਕਿਹਾ ਕਿ ਓਪਰੇਸ਼ਨ ਸਿੰਧੂਰ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਭਾਰਤ 'ਤੇ ਵਿਦੇਸ਼ੀ ਧਰਤੀ ਤੋਂ ਹਮਲੇ ਬੰਦ ਨਹੀਂ ਹੋ ਜਾਂਦੇ।

ਭਾਰਤੀ ਸੰਸਦ ਦੇ ਦੋਹਾਂ ਸਦਨਾਂ ਵਿੱਚ ਬੀਤੇ ਸੋਮਵਾਰ ਅਤੇ ਮੰਗਲਵਾਰ- ਦੋ ਦਿਨਾ ਬਹਿਸ ਨੂੰ ਸਮੇਟਦਿਆਂ ਦੋਨੋ ਸਦਨ ਅਗਲੇ ਦਿਨ ਤੱਕ ਲਈ ਉਠਾ ਦਿੱਤੇ ਗਏ। ਇਸ ਤੋਂ ਪਹਿਲਾਂ ਭਰਤ ਦੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਓਪਰੇਸ਼ਨ ਸਿੰਧੂਰ ਅਤੇ ਤਿੰਨ ਅਤਿਵਾਦੀਆਂ ਨੂੰ ਮਾਰਨ ਵਾਲੇ ਓਪਰੇਸ਼ਨ ਮਹਾਂਦੇਵ ਬਾਰੇ ਵਿਸਥਾਰ ਨਾਲ ਬਿਓਰਾ ਦਿੱਤਾ। ਉਨ੍ਹਾਂ ਕਿਹਾ ਕਿ 22 ਮਈ ਨੂੰ ਆਈ.ਬੀ. ਨੂੰ ਕਸ਼ਮੀਰ ਵਿੱਚ ਭਾਰਤ-ਪਾਕਿ ਸਰਹੱਦ ਨੇੜੇ ਕੁਝ ਸੈਂਸਰਾਂ ਰਾਹੀਂ ਸੰਕੇਤ ਮਿਲੇ ਸਨ ਕਿ ਅਤਿਵਾਦੀ ਇਸ ਇਲਾਕੇ ਵਿੱਚ ਘੁੰਮ ਰਹੇ ਹਨ। ਸੁਰੱਖਿਆ ਦਸਤਿਆਂ ਨੇ ਬਾਅਦ ਵਿੱਚ ਉਨ੍ਹਾਂ ਦੀ ਘੇਰਾਬੰਦੀ ਕੀਤੀ ਤੇ ਉਹ ਪਕੜ ਵਿੱਚ ਆ ਗਏ। ਉਨ੍ਹਾਂ ਦੱਸਿਆ ਕਿ ਪਹਿਲਗਾਮ ਵਿੱਚ ਹਮਲਾ ਕਰਨ ਤੋਂ ਬਾਅਦ ਜਿਸ ਘਰ ਵਿੱਚ ਇਨ੍ਹਾਂ ਪਨਾਹ ਲਈ ਸੀ, ਉਸ ਘਰ ਵਾਲਿਆਂ ਨੇ ਮਾਰੇ ਗਏ ਤਿੰਨਾਂ ਅਤਿਵਾਦੀਆਂ ਦੀ ਪਛਾਣ ਕਰ ਲਈ ਸੀ। ਗ੍ਰਹਿ ਮੰਤਰੀ ਨੇ ਦੋਹਾਂ ਓਪਰੇਸ਼ਨਾਂ ਦੀ ਪੂਰੀ ਕਹਾਣੀ ਸੁਣਾਉਣ ਦਾ ਯਤਨ ਕੀਤਾ, ਪਰ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰ ਉਨ੍ਹਾਂ ਦੇ ਭਾਸ਼ਨ ਦੌਰਾਨ ਖੱਪ ਪਾਉਂਦੇ ਰਹੇ।






ਪ੍ਰਧਾਨ ਮੰਤਰੀ ਤੋਂ ਬਾਅਦ ਸਦਨ ਦੇ ਹੋਰ ਮੈਂਬਰ ਵੀ ਇਸ ਮਸਲੇ ਉਤੇ ਆਪਣੇ ਵਿਚਾਰ ਪ੍ਰਗਟਾਉਂਦੇ ਰਹੇ। ਕਾਂਗਰਸੀ ਆਗੂ ਅਤੇ ਮੈਂਬਰ ਪਾਰਲੀਮੈਂਟ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ, ਪਾਰਟੀ ਪ੍ਰਧਾਨ ਮਲਿਕਾਰੁਜਨ ਖੜਗੇ ਅਤੇ ਡਾ. ਨਿਸ਼ੀਕਾਂਤ ਦੂਬੇ ਆਦਿ ਆਗੂਆਂ ਨੇ ਵੀ ਇਸ ਮਸਲੇ ਨੂੰ ਛੋਹੰਦਿਆਂ ਸਦਨ ਨੂੰ ਸੰਬੋਧਨ ਕੀਤਾ। ਬੀਤੇ ਦਿਨ ਇਸੇ ਮਸਲੇ 'ਤੇ ਲੋਕ ਸਭਾ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇੱਕ ਸੰਸਦ ਮੈਂਬਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਇਹ ਦੱਸਿਆ ਜਾਵੇ, ਭਾਰਤ ਦੇ ਕਿੰਨੇ ਹਵਾਈ ਜਹਾਜ਼ ਗਿਰਾਏ ਗਏ, ਕਿਹਾ ਗਿਆ ਸੀ ਕਿ ਸਾਨੂੰ ਸਾਧਨਾ ਦੇ ਨੁਕਸਾਨ ਵੱਲ ਨਹੀਂ ਸਗੋਂ ਨਤੀਜਿਆਂ ਵੱਲ ਵੇਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਵਿਦਿਆਰਥੀ ਇਮਤਿਹਾਨ ਵਿੱਚ ਚੰਗੇ ਨੰਬਰ ਲੈ ਜਾਵੇ ਤਾਂ ਇਹ ਗਿਣਨ ਬਹਿ ਜਾਣਾ ਕਿ ਉਸ ਨੇ ਕਿੰਨੀਆਂ ਪੈਨਸਿਲਾਂ ਜਾਂ ਪੈਨ ਗੁਆਏ, ਠੀਕ ਨਹੀਂ; ਨਤੀਜਾ ਕੀ ਨਿਕਲਿਆ, ਇਹ ਮਹੱਤਵਪੂਰਨ ਹੈ। ਲੋਕ ਸਭਾ ਵਿੱਚ ਓਪਰੇਸ਼ਨ ਸਿੰਧੂਰ 'ਤੇ ਬਹਿਸ ਨੂੰ ਅਰੰਭ ਕਰਦਿਆਂ ਉਨ੍ਹਾਂ ਕਿਹਾ ਕਿ ਨਵਾਂ ਭਾਰਤ ਅਤਿਵਾਦ ਦੀਆਂ ਜੜ੍ਹਾਂ ਉਖਾੜਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਨੇ ਹਮਲਾ ਕਰਕੇ ਕੋਈ ਜੰਗ ਨਹੀਂ ਸੀ ਛੇੜੀ, ਸਗੋਂ ਇੱਕ ਪ੍ਰਤੀਕਾਤਮਕ ਹਮਲੇ ਰਾਹੀਂ ਆਪਣੀ ਤਾਕਤ ਦਾ ਮੁਜਾਹਰਾ ਕੀਤਾ ਸੀ।

ਰੱਖਿਆ ਮੰਤਰੀ ਨੇ ਵੀ ਪ੍ਰਧਾਨ ਮੰਤਰੀ ਦੀ ਤਰਜ਼ 'ਤੇ ਕਿਹਾ ਕਿ ਆਪਣੇ ਨਿਸ਼ਾਨੇ ਪੂਰੇ ਕਰ ਲਏ ਜਾਣ ਤੋਂ ਬਾਅਦ ਓਪਰੇਸ਼ਨ ਸਿੰਧੂਰ ਨੂੰ ਸਿਰਫ ਰੋਕਿਆ ਗਿਆ ਹੈ, ਖਤਮ ਨਹੀਂ ਕੀਤਾ ਗਿਆ। ਪਾਕਿਸਤਾਨ ਵੱਲੋਂ ਫਿਰ ਕੋਈ ਹਰਕਤ ਕੀਤੀ ਜਾਂਦੀ ਹੈ ਤਾਂ ਇਹ ਓਪਰੇਸ਼ਨ ਮੁੜ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਜਿਹੇ ਮਾਮਲਿਆਂ 'ਤੇ ਸਾਡੀ ਸਰਕਾਰ ਫੈਸਲਾਕੁੰਨ ਹੈ ਅਤੇ ਇਹੋ ਨਵੇਂ ਭਾਰਤ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਫੌਜ ਦੇ ਡਾਇਰੈਕਟਰ ਜਨਰਲ ਵੱਲੋਂ ਜੰਗ ਰੋਕੇ ਜਾਣ ਦੀ ਅਪੀਲ ਕਰਨ 'ਤੇ ਇਹ ਓਪਰੇਸ਼ਨ ਰੋਕਿਆ ਗਿਆ ਸੀ। ਕਿਸੇ ਵਿਦੇਸ਼ੀ ਆਗੂ ਜਾਂ ਤੀਜੀ ਧਿਰ ਦਾ ਇਸ ਜੰਗ ਨੂੰ ਰੁਕਵਾਉਣ ਵਿੱਚ ਕੋਈ ਹੱਥ ਨਹੀਂ ਹੈ। ਵਿਰੋਧੀ ਧਿਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਸਾਡੇ ਕਿੰਨੇ ਜਹਾਜ਼ ਦੁਸ਼ਮਣ ਵੱਲੋਂ ਗਿਰਾਏ ਗਏ? ਦਾ ਜਵਾਬ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਇਹ ਪੁਛਣ ਦੀ ਬਜਾਏ ਕਿ ਦੁਸ਼ਮਣ ਦੇ ਕਿੰਨੇ ਜਹਾਜ਼ ਭਾਰਤੀ ਫੌਜ ਵੱਲੋਂ ਗਿਰਾਏ ਗਏ, ਤੁਸੀਂ ਇਹ ਕਿਉਂ ਪੁੱਛ ਰਹੇ ਹੋ ਕਿ ਭਾਰਤ ਦੇ ਦੁਸ਼ਮਣ ਨੇ ਕਿੰਨੇ ਜਹਾਜ਼ ਗਿਰਾਏ? ਇਸ ਦੌਰਾਨ ਰਾਹੁਲ ਗਾਂਧੀ ਨੇ ਸਵਾਲ ਕੀਤਾ ਕਿ ਜਦੋਂ ਆਪਣੇ ਸੁਰੱਖਿਆ ਦਸਤੇ ਪਾਕਿਸਤਾਨ ਨੂੰ ਚੋਖਾ ਨੁਕਸਾਨ ਪਹੁੰਚਾ ਰਹੇ ਸਨ ਤਾਂ ਇਹ ਹਮਲੇ ਰੋਕੇ ਕਿਉਂ ਗਏ? ਇਸ ਸਵਾਲ ਦਾ ਜਵਾਬ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਮੈਂ ਪਹਿਲਾਂ ਹੀ ਕਹਿ ਚੁੱਕਾਂ ਹਾਂ ਕਿ, "ਓਪਰੇਸ਼ਨ ਸਾਡੀ ਤਾਕਤ (ਸਟਰੈਂਥ) ਦਾ ਪ੍ਰਤੀਕ ਹੈ। ਅਸੀਂ ਦੁਸ਼ਮਣ ਨੂੰ ਇਹ ਸੰਕੇਤ ਦੇਣ ਦਾ ਯਤਨ ਕੀਤਾ ਕਿ ਜੇ ਸਾਡੇ ਸ਼ਹਿਰੀਆਂ 'ਤੇ ਹਮਲਾ ਕੀਤਾ ਜਾਂਦਾ ਹੈ ਤਾਂ ਭਾਰਤ ਚੁੱਪ ਨਹੀਂ ਰਹੇਗਾ।

ਪਰ ਅਫਸੋਸ ਇਹ ਕਿ ਕਿਸੇ ਪੰਜਾਬੀ ਪਾਰਲੀਮੈਂਟ ਮੈਂਬਰ ਨੇ ਇਹ ਨਹੀਂ ਪੁੱਛਿਆ ਕਿ ਵਾਘਾ ਬਾਰਡਰ ਕਦੋਂ ਖੁਲ੍ਹੇਗਾ! ਪੰਜਾਬ ਇਸ ਬਾਰਡਰ ਬੰਦੀ ਤੋਂ ਵੱਡਾ ਨੁਕਸਾਨ ਉਠਾ ਰਿਹਾ ਹੈ। ਜਿਨ੍ਹਾਂ ਲੋਕਾਂ ਦੀ ਸਰਹੱਦੀ ਖੇਤਰਾਂ ਵਿੱਚ ਕੱਚੀਆਂ/ਪੱਕੀਆਂ ਕਣਕ ਦੀਆਂ ਫਸਲਾਂ ਵਢਾਈਆਂ ਗਈਆਂ, ਉਨ੍ਹਾਂ ਨੂੰ ਮੁਆਵਜ਼ਾ ਕਦੋਂ ਦਿੱਤਾ ਜਾਵੇਗਾ? ਦੋਹਾਂ ਦੇਸ਼ਾਂ ਵਿਚਕਾਰ ਵਧ ਰਹੀ ਕੁੜੱਤਣ ਦੀ ਕੀਮਤ ਸਭ ਤੋਂ ਜ਼ਿਆਦਾ ਪੰਜਾਬ ਅਤੇ ਜੰਮੂ-ਕਸ਼ਮੀਰ ਹੀ ਚੁਕਾਉਂਦੇ ਹਨ। ਕੁੜੱਤਣ ਜਦੋਂ ਟਕਰਾਅ ਵਿੱਚ ਬਦਲਦੀ ਹੈ, ਉਦੋਂ ਵੀ ਪੰਜਾਬ ਅਤੇ ਕਸ਼ਮੀਰ ਦੇ ਬਾਰਡਰ 'ਤੇ ਮਾਰ-ਮਰਾਈ ਸ਼ੁਰੂ ਹੁੰਦੀ ਹੈ। 1947 ਦੀ ਵੰਡ ਤੋਂ ਬਾਅਦ ਸਰਹੱਦੀ ਸੂਬਾ ਬਣ ਜਾਣ ਕਾਰਨ ਪੰਜਾਬ ਨੂੰ ਅਣਮਿਣਿਆ ਆਰਥਕ ਨੁਕਸਾਨ ਹੋਇਆ ਹੈ, ਜਿਸ ਦੀ ਕੋਈ ਸਰਕਾਰ ਭਰਪਾਈ ਨਹੀਂ ਕਰ ਸਕੀ ਅਤੇ ਨਾ ਹੀ ਅੱਗੇ ਆਉਣ ਵਾਲੇ ਕਰ ਸਕਦੇ ਹਨ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.






ATLANTIS BANQUETS

*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਅਮਰੀਕਾ 'ਚ ਗਨ ਕਲਚਰ: ਤੱਥ, ਅੰਕੜੇ ਤੇ ਸਮਾਜਿਕ ਪ੍ਰਭਾਵ

## ਮੈਨਹਟਨ ਦੀ ਹਾਈ-ਪ੍ਰੋਫਾਈਲ ਦਫਤਰੀ ਇਮਾਰਤ ਵਿੱਚ ਗੋਲੀਬਾਰੀ

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕਾ ਵਿੱਚ ਹਥਿਆਰਾਂ ਦਾ ਸੱਭਿਆਚਾਰ, ਜਿਸ ਨੂੰ 'ਗਨ ਕਲਚਰ' ਵਜੋਂ ਜਾਣਿਆ ਜਾਂਦਾ ਹੈ, ਸੰਯੁਕਤ ਰਾਜ ਦੀ ਸੰਵਿਧਾਨ ਦੀ ਦੂਜੀ ਸੋਧ ਦੁਆਰਾ ਸਮਰਥਿਤ ਹੈ, ਜੋ ਨਾਗਰਿਕਾਂ ਨੂੰ ਸਵੈ-ਰੱਖਿਆ, ਸ਼ਿਕਾਰ ਅਤੇ ਮਨੋਰੰਜਨ ਲਈ ਹਥਿਆਰ ਰੱਖਣ ਦੀ ਆਜ਼ਾਦੀ ਦਿੰਦੀ ਹੈ। ਇਹ ਸੱਭਿਆਚਾਰ ਅਮਰੀਕੀ ਸਮਾਜ ਦੀਆਂ ਜੜ੍ਹਾਂ ਵਿੱਚ ਡੂੰਘਾ ਜੁੜਿਆ ਹੋਇਆ ਹੈ, ਪਰ ਹਾਲ ਹੀ ਦੇ ਦਹਾਕਿਆਂ ਵਿੱਚ ਵਧਦੀਆਂ ਗੋਲੀਬਾਰੀ ਦੀਆਂ ਘਟਨਾਵਾਂ, ਜਿਵੇਂ ਕਿ 28 ਜੁਲਾਈ 2025 ਨੂੰ ਨਿਊ ਯਾਰਕ ਦੇ ਮਿਡਟਾਊਨ ਮੈਨਹਟਨ ਵਿੱਚ ਵਾਪਰੀ ਘਟਨਾ, ਨੇ ਇਸ ਦੀਆਂ ਜੜ੍ਹਾਂ ਅਤੇ ਪ੍ਰਭਾਵਾਂ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

28 ਜੁਲਾਈ 2025 ਨੂੰ ਮੈਨਹਟਨ ਦੀ ਪਾਰਕ ਐਵੇਨਿਊ 'ਤੇ ਸਥਿਤ ਇੱਕ ਹਾਈ-ਪ੍ਰੋਫਾਈਲ ਦਫਤਰੀ ਇਮਾਰਤ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ, ਜਿਸ ਵਿੱਚ ਪੰਜ ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚ ਇੱਕ ਆਫ-ਡਿਊਟੀ ਪੁਲਿਸ ਅਧਿਕਾਰੀ ਵੀ ਸ਼ਾਮਲ ਸੀ। ਪੁਲਿਸ ਅਨੁਸਾਰ, ਨੇਵਾਡਾ ਦਾ ਰਹਿਣ ਵਾਲਾ ਸੀ ਅਤੇ ਉਸ ਨੇ ਘਟਨਾ ਤੋਂ ਬਾਅਦ ਖੁਦ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ। ਉਸ ਦੇ ਕੋਲੋਂ ਲਾਸ ਵੇਗਸ ਦਾ ਗੰਨ ਲਾਇਸੰਸ ਮਿਲਿਆ। ਇਹ ਘਟਨਾ ਸ਼ਾਮ 6:30 ਵਜੇ ਦੇ ਕਰੀਬ ਵਾਪਰੀ, ਜਿੱਥੇ ਕਈ ਪ੍ਰਮੁੱਖ ਵਿੱਤੀ ਕੰਪਨੀਆਂ ਅਤੇ ਨੈਸ਼ਨਲ ਫੁੱਟਬਾਲ ਲੀਗ (ਐਨ.ਐਫ.ਐਲ.) ਦੇ ਦਫਤਰ ਸਥਿਤ ਹਨ।

ਘਟਨਾ ਦੀ ਗਵਾਹ ਜੈਸਿਕਾ ਚੇਨ, ਜੋ ਦੂਜੀ ਮੰਜਲ 'ਤੇ ਇੱਕ ਪ੍ਰੈਜ਼ੈਂਟੇਸ਼ਨ ਦੇ ਰਹੀ ਸੀ, ਨੇ ਦੱਸਿਆ ਕਿ ਉਸ ਨੇ ਪਹਿਲੀ ਮੰਜਲ ਤੋਂ ਲਗਾਤਾਰ ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ। ਡਰ ਦੇ ਮਾਰੇ ਉੱਥੇ ਮੌਜੂਦ ਲੋਕ ਕਾਨਫਰੰਸ ਰੂਮ ਵਿੱਚ ਲੁਕ ਗਏ ਅਤੇ ਦਰਵਾਜ਼ੇ ਨੂੰ ਫਰਨੀਚਰ ਨਾਲ ਬੰਦ ਕਰ ਦਿੱਤਾ। ਨਿਊ ਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਕੇ ਇਮਾਰਤ ਵਿੱਚ ਮੌਜੂਦ ਲੋਕਾਂ ਨੂੰ ਸੁਰੱਖਿਅਤ ਰਹਿਣ ਅਤੇ ਪੁਲਿਸ ਦੀ ਮੰਜਲ-ਦਰ-ਮੰਜਲ ਤਲਾਸ਼ੀ ਮੁਹਿੰਮ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਜ਼ਖਮੀਆਂ ਦੀ ਸੰਖਿਆ ਦੀ ਪੁਸ਼ਟੀ ਕੀਤੀ ਅਤੇ ਪੀੜਤ ਪਰਿਵਾਰਾਂ ਨਾਲ ਹਸਪਤਾਲ ਵਿੱਚ ਮੁਲਾਕਾਤ ਕਰਨ ਦੀ ਗੱਲ ਕਹੀ। ਇਹ ਘਟਨਾ ਅਮਰੀਕਾ ਵਿੱਚ ਹਥਿਆਰਾਂ ਦੇ ਆਸਾਨੀ ਨਾਲ਼ ਮਿਲਣ ਅਤੇ ਗਨ ਕਲਚਰ ਦੇ ਗੰਭੀਰ ਨਤੀਜਿਆਂ ਦੀ ਇੱਕ ਹੋਰ ਮਿਸਾਲ ਹੈ।



ਮੈਨਹਟਨ 'ਚ ਗੋਲੀਬਾਰੀ ਕਰਨ ਵਾਲਾ ਸ਼ੇਨ ਤਾਮੁਰਾ

**ਗਨ ਕਲਚਰ ਦੀਆਂ ਇਤਿਹਾਸਕ ਜੜ੍ਹਾਂ:** ਅਮਰੀਕੀ ਗਨ ਕਲਚਰ ਦੀ ਸ਼ੁਰੂਆਤ 18ਵੀਂ ਸਦੀ ਦੀ ਅਮਰੀਕੀ ਕ੍ਰਾਂਤੀ (1775-1783) ਨਾਲ ਜੁੜੀ ਹੈ, ਜਦੋਂ ਨਾਗਰਿਕ ਮਿਲੀਸ਼ੀਆਵਾਂ ਨੇ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਲੜਾਈ ਲੜੀ। 1788 ਵਿੱਚ ਜੇਮਜ਼ ਮੈਡੀਸਨ ਨੇ ਸੰਵਿਧਾਨ ਦੀ ਦੂਜੀ ਸੋਧ ਦੀ ਵਕਾਲਤ ਕੀਤੀ, ਜਿਸ ਵਿੱਚ ਲਿਖਿਆ ਗਿਆ: "ਇੱਕ ਸੁਚਾਰੂ ਮਿਲੀਸ਼ੀਆ, ਜੋ ਇੱਕ ਸੁਤੰਤਰ ਰਾਜ ਦੀ ਸੁਰੱਖਿਆ ਲਈ ਜ਼ਰੂਰੀ ਹੈ, ਨਾਗਰਿਕਾਂ ਦੇ ਹਥਿਆਰ ਰੱਖਣ ਅਤੇ ਚੁੱਕਣ ਦੇ ਅਧਿਕਾਰ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ।" ਇਸ ਨੇ ਹਥਿਆਰਾਂ ਨੂੰ ਨਾ ਸਿਰਫ ਸਵੈ-ਰੱਖਿਆ, ਸਗੋਂ ਰਾਜ ਦੇ ਵਿਰੁੱਧ ਸੰਭਾਵੀ ਅੱਤਿਆਚਾਰ ਦੇ ਵਿਰੋਧ ਵਜੋਂ ਵੀ ਜਾਇਜ਼ ਠਹਿਰਾਇਆ।

19ਵੀਂ ਸਦੀ ਵਿੱਚ ਪੱਛਮੀ ਵਿਸਥਾਰ ਅਤੇ ਸੀਮਾਂਤ ਜੀਵਨ ਨੇ ਹਥਿਆਰਾਂ ਨੂੰ ਸਵੈ-ਰੱਖਿਆ ਅਤੇ ਸ਼ਿਕਾਰ ਲਈ ਜ਼ਰੂਰੀ ਬਣਾਇਆ। ਵਾਈਲਡ ਵੈਸਟ ਦੇ ਦੌਰ ਵਿੱਚ, ਜਿੱਥੇ ਕਾਨੂੰਨ ਦੀ ਅਣਹੋਂਦ ਸੀ, ਨਾਗਰਿਕਾਂ ਨੇ ਆਪਣੀ ਸੁਰੱਖਿਆ ਲਈ ਰਾਈਫਲਾਂ ਅਤੇ ਪਿਸਤੌਲਾਂ 'ਤੇ ਨਿਰਭਰ ਕੀਤਾ। 20ਵੀਂ ਸਦੀ ਵਿੱਚ ਸ਼ਿਕਾਰ ਅਤੇ ਸਪੋਰਟਸ ਸ਼ੂਟਿੰਗ ਨੇ ਹਥਿਆਰਾਂ ਨੂੰ ਮਨੋਰੰਜਨ ਦਾ ਹਿੱਸਾ ਬਣਾਇਆ, ਜਿਸ ਨੇ ਗਨ ਕਲਚਰ ਨੂੰ ਹੋਰ ਮਜ਼ਬੂਤ ਕੀਤਾ।

**ਅੰਕੜੇ ਅਤੇ ਤੱਥ:** ਅਮਰੀਕਾ ਵਿੱਚ ਹਥਿਆਰਾਂ ਦੀ ਸੰਖਿਆ ਅਤੇ ਇਸ ਨਾਲ ਜੁੜੀ ਹਿੰਸਾ ਦੇ ਅੰਕੜੇ ਹੈਰਾਨਕੁਨ ਹਨ। 2023 ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ 46,728 ਲੋਕ ਹਥਿਆਰਾਂ ਨਾਲ ਮਰੇ, ਜਿਨ੍ਹਾਂ ਵਿੱਚ 27,300 ਖੁਦਕੁਸ਼ੀਆਂ ਅਤੇ 17,927 ਕਤਲ ਸ਼ਾਮਲ ਸਨ। ਸਮਾਲ ਆਰਮਜ਼ ਸਰਵੇ 2023 ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ 393 ਮਿਲੀਅਨ ਹਥਿਆਰ ਹਨ, ਜੋ ਵਿਸ਼ਵ ਦੇ 46% ਨਾਗਰਿਕ ਹਥਿਆਰਾਂ ਦਾ ਹਿੱਸਾ ਹੈ। ਅਮਰੀਕਾ ਦੀ ਆਬਾਦੀ 330 ਮਿਲੀਅਨ ਹੈ, ਭਾਵ ਪ੍ਰਤੀ ਵਿਅਕਤੀ 1.2 ਹਥਿਆਰ ਹਨ।

ਪਿਊ ਰਿਸਰਚ ਸੈਂਟਰ ਅਨੁਸਾਰ, 32% ਅਮਰੀਕੀਆਂ ਕੋਲ ਹਥਿਆਰ ਹਨ ਅਤੇ 42% ਘਰਾਂ ਵਿੱਚ ਘੱਟੋ-ਘੱਟ ਇੱਕ ਹਥਿਆਰ ਮੌਜੂਦ ਹੈ। 2024 ਵਿੱਚ ਅਮਰੀਕਾ ਵਿੱਚ 488 ਮਾਸ ਸ਼ੂਟਿੰਗਜ਼ (ਚਾਰ ਜਾਂ ਵੱਧ ਪੀੜਤਾਂ ਵਾਲੀਆਂ ਘਟਨਾਵਾਂ) ਵਾਪਰੀਆਂ, ਜੋ 2023 ਦੀਆਂ 656 ਘਟਨਾਵਾਂ ਨਾਲੋਂ ਘੱਟ ਸਨ, ਪਰ ਫਿਰ ਵੀ ਇਹ ਅੰਕੜਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਨੈਸ਼ਨਲ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.) ਅਮਰੀਕਾ ਦੀ ਸਭ ਤੋਂ ਪ੍ਰਭਾਵਸ਼ਾਲੀ ਗਨ ਲੌਬੀ ਹੈ, ਜਿਸ ਦੇ 5 ਮਿਲੀਅਨ ਮੈਂਬਰ ਹਨ। ਐਨ.ਆਰ.ਏ. ਸਖ਼ਤ ਹਥਿਆਰ ਨਿਯਮਾਂ ਦਾ ਵਿਰੋਧ ਕਰਦੀ ਹੈ ਅਤੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਦੀ ਵਕਾਲਤ ਕਰਦੀ ਹੈ। 2005 ਵਿੱਚ ਐਨ.ਆਰ.ਏ. ਨੇ ਫਲੋਰੀਡਾ ਵਿੱਚ 'ਸਟੈਂਡ-ਯੂਅਰ-ਗਰਾਊਂਡ' ਕਾਨੂੰਨ ਪਾਸ ਕਰਵਾਇਆ, ਜਿਸ ਨੇ ਸਵੈ-ਰੱਖਿਆ ਵਿੱਚ ਹਥਿਆਰਾਂ ਦੀ ਵਰਤੋਂ ਨੂੰ ਸੁਖਾਲਾ ਕੀਤਾ। ਅੱਜ 28 ਸੂਬਿਆਂ ਵਿੱਚ ਅਜਿਹੇ ਕਾਨੂੰਨ ਹਨ।

ਐਨ.ਆਰ.ਏ. ਦੀ ਸਿਆਸੀ ਪਹੁੰਚ ਵੀ ਮਹੱਤਵਪੂਰਨ ਹੈ। 2020 ਦੀਆਂ ਚੋਣਾਂ ਵਿੱਚ ਐਨ.ਆਰ.ਏ. ਨੇ 16 ਮਿਲੀਅਨ ਡਾਲਰ ਖਰਚ ਕੀਤੇ, ਜਿਸ ਵਿੱਚੋਂ ਜ਼ਿਆਦਾਤਰ ਰਿਪਬਲਿਕਨ ਉਮੀਦਵਾਰਾਂ ਦੀ ਸਹਾਇਤਾ ਲਈ ਸੀ। ਇਸ ਨੇ ਸਖ਼ਤ ਬੈਕਗ੍ਰਾਊਂਡ ਚੈਕ ਅਤੇ ਹਥਿਆਰ ਪਾਬੰਦੀਆਂ ਵਰਗੇ ਕਾਨੂੰਨਾਂ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਅਮਰੀਕੀ ਹਥਿਆਰ ਮਾਰਕੀਟ ਵਿਸ਼ਵ ਦੀ ਸਭ ਤੋਂ ਵੱਡੀ ਮਾਰਕੀਟ ਹੈ। 2016 ਵਿੱਚ 10.6 ਮਿਲੀਅਨ ਹਥਿਆਰ ਬਣਾਏ ਗਏ, ਜਿਨ੍ਹਾਂ ਵਿੱਚ ਪਿਸਤੌਲ (44%) ਅਤੇ ਰਾਈਫਲਾਂ (37%) ਦਾ ਦਬਦਬਾ ਸੀ। ਸਮਿਥ ਐਂਡ ਵੈਸਨ, ਰਗਰ ਅਤੇ ਸਿਗ ਸੌਰ ਵਰਗੀਆਂ ਕੰਪਨੀਆਂ ਨੇ ਸਵੈ-ਰੱਖਿਆ ਅਤੇ ਸੁਰੱਖਿਆ 'ਤੇ ਜ਼ੋਰ ਦਿੱਤਾ, ਜਿਸ ਨੇ ਵਿਕਰੀ ਨੂੰ ਹੁਲਾਰਾ ਦਿੱਤਾ। 2020 ਵਿੱਚ ਕੋਵਿਡ-19 ਮਹਾਮਾਰੀ ਅਤੇ ਸਮਾਜਿਕ ਅਸਥਿਰਤਾ ਨੇ ਹਥਿਆਰਾਂ ਦੀ ਮੰਗ ਵਿੱਚ 40% ਵਾਧਾ ਕੀਤਾ।

ਅਮਰੀਕੀ ਹਥਿਆਰ ਮਾਰਕੀਟ ਦੀ ਕੀਮਤ 2023 ਵਿੱਚ 28 ਅਰਬ ਡਾਲਰ ਸੀ, ਅਤੇ 2028 ਤੱਕ ਇਸ ਦੇ 37 ਅਰਬ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਸੈਮੀ-ਆਟੋਮੈਟਿਕ ਰਾਈਫਲਾਂ, ਜਿਵੇਂ ਕਿ ਏ.ਆਰ.-15 ਸਭ ਤੋਂ ਪ੍ਰਸਿੱਧ ਹਨ, ਜੋ ਅਕਸਰ ਮਾਸ ਸ਼ੂਟਿੰਗਜ਼ ਵਿੱਚ ਵਰਤੀਆਂ ਜਾਂਦੀਆਂ ਹਨ। ਹਥਿਆਰਾਂ ਦੀ ਉਪਲਭਤਤਾ ਨੇ ਅਮਰੀਕੀ ਸਮਾਜ 'ਤੇ ਗੰਭੀਰ ਪ੍ਰਭਾਵ ਪਾਏ ਹਨ। ਖੁਦਕੁਸ਼ੀ ਦਰਾਂ ਵਿੱਚ 60% ਮੌਤਾਂ ਹਥਿਆਰਾਂ ਨਾਲ ਹੁੰਦੀਆਂ ਹਨ, ਕਿਉਂਕਿ ਹਥਿਆਰ ਤੁਰੰਤ ਅਤੇ ਪ੍ਰਭਾਵੀ ਸਾਧਨ ਪ੍ਰਦਾਨ ਕਰਦੇ ਹਨ। ਸਕੂਲ ਸ਼ੂਟਿੰਗਜ਼, ਜਿਵੇਂ ਕਿ 1999 ਦੀ ਕੋਲੰਬਾਈਨ ਅਤੇ 2012 ਦੀ ਸੈਂਡੀ ਹੁੱਕ ਘਟਨਾਵਾਂ ਨੇ ਜਨਤਕ ਸੁਰੱਖਿਆ ਦੀਆਂ ਚਿੰਤਾਵਾਂ ਨੂੰ ਵਧਾਇਆ। 2024 ਵਿੱਚ 488 ਮਾਸ ਸ਼ੂਟਿੰਗਜ਼ ਨੇ ਡਰ ਦਾ ਮਾਹੌਲ ਬਣਾਇਆ, ਜਿਸ ਨੇ ਸਕੂਲਾਂ ਅਤੇ ਜਨਤਕ ਸਥਾਨਾਂ 'ਤੇ ਸੁਰੱਖਿਆ ਉਪਾਵਾਂ ਨੂੰ ਸਖ਼ਤ ਕੀਤਾ।

ਗਨ ਕਲਚਰ ਨੇ ਸਮਾਜਿਕ ਵੰਡ ਨੂੰ ਵੀ ਵਧਾਇਆ। ਜਿੱਥੇ ਇੱਕ ਪਾਸੇ ਹਥਿਆਰ ਸਮਰਥਕ ਸੰਵਿਧਾਨਕ ਅਧਿਕਾਰਾਂ 'ਤੇ ਜ਼ੋਰ ਦਿੰਦੇ ਹਨ, ਉੱਥੇ ਸਖ਼ਤ ਨਿਯਮਾਂ ਦੇ ਸਮਰਥਕ ਜਨਤਕ ਸੁਰੱਖਿਆ ਦੀ ਮੰਗ ਕਰਦੇ ਹਨ। ਮਾਰਚ ਫਾਰ ਆਵਰ ਲਾਈਵਜ਼ ਵਰਗੇ ਅੰਦੋਲਨਾਂ ਨੇ ਸਖ਼ਤ ਕਾਨੂੰਨਾਂ ਦੀ ਵਕਾਲਤ ਕੀਤੀ, ਪਰ ਸਿਆਸੀ ਵੰਡ ਨੇ ਸੁਧਾਰਾਂ ਨੂੰ ਰੋਕਿਆ।ਸੋ, ਅਮਰੀਕੀ ਗਨ ਕਲਚਰ ਦੀਆਂ ਜੜ੍ਹਾਂ ਇਤਿਹਾਸਕ ਹਨ, ਪਰ ਇਸ ਦੇ ਨਤੀਜੇ ਗੰਭੀਰ ਹਨ। ਮੈਨਹਟਨ ਵਰਗੀਆਂ ਘਟਨਾਵਾਂ ਸਖ਼ਤ ਹਥਿਆਰ ਨਿਯਮਾਂ ਦੀ ਮੰਗ ਨੂੰ ਉਭਾਰਦੀਆਂ ਹਨ। ਸੰਵਿਧਾਨਕ ਅਧਿਕਾਰਾਂ ਅਤੇ ਜਨਤਕ ਸੁਰੱਖਿਆ ਵਿੱਚ ਸੰਤੁਲਨ ਸਥਾਪਤ ਕਰਨਾ ਅਮਰੀਕੀ ਸਮਾਜ ਲਈ ਸਭ ਤੋਂ ਵੱਡੀ ਚੁਣੌਤੀ ਹੈ। ਸਖ਼ਤ ਬੈਕਗ੍ਰਾਊਂਡ ਚੈਕ, ਮਾਨਸਿਕ ਸਿਹਤ ਸਹਾਇਤਾ ਅਤੇ ਜਨਤਕ ਸੁਰੱਖਿਆ ਉਪਾਵਾਂ ਵਿੱਚ ਨਿਵੇਸ਼ ਇਸ ਸਮੱਸਿਆ ਦੇ ਹੱਲ ਦਾ ਹਿੱਸਾ ਹੋ ਸਕਦੇ ਹਨ।

# ਸਮਰ ਸੈਲੀਬ੍ਰੇਸ਼ਨ ਪਰੇਡ ਵਿੱਚ ਖਾਲਸਾ ਏਡ ਨਾਲ ਪੀ.ਸੀ.ਐੱਸ. ਦੀ ਸ਼ਮੂਲੀਅਤ

**ਸਟ੍ਰੀਮਵੁੱਡ, ਇਲੀਨਾਏ:** ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐੱਸ.) ਨੇ 26 ਜੁਲਾਈ 2025 ਨੂੰ ਸ਼ਿਕਾਗੋ ਦੀ ਸਬਅਰਬ ਸਟ੍ਰੀਮਵੁੱਡ ਦੇ ਸਮਰ ਸੈਲੀਬ੍ਰੇਸ਼ਨ ਪਰੇਡ ਵਿੱਚ ਹਿੱਸਾ ਲੈਣ ਲਈ ਖਾਲਸਾ ਏਡ ਦੇ ਵਾਲੰਟੀਅਰਾਂ ਨਾਲ ਸ਼ਮੂਲੀਅਤ ਕੀਤੀ, ਤਾਂ ਜੋ 29ਵੇਂ ਸਾਲਾਨਾ ਜਸ਼ਨ ਦੀ ਸ਼ੁਰੂਆਤ ਕੀਤੀ ਜਾ ਸਕੇ। ਸਾਲ 2025 ਦੇ ਜਸ਼ਨ ਦਾ ਥੀਮ 'ਕੈਂਡੀਲੈਂਡ - ਇੱਕ ਮਿੱਠਾ ਸਮਾਂ' ਸੀ। ਕਰੀਬ 70 ਐਂਟਰੀਆਂ ਵਾਲੀ ਪਰੇਡ ਸਵੇਰੇ 10:30 ਵਜੇ ਬਾਰਟਲੈਟ ਰੋਡ ਅਤੇ ਸਟ੍ਰੀਮਵੁੱਡ ਬੁਲੇਵਾਰਡ ਦੇ ਚੌਰਾਹੇ ਤੋਂ ਸ਼ੁਰੂ ਹੋਈ ਅਤੇ ਲਗਭਗ ਡੇਢ ਮੀਲ ਦੂਰ ਇਰਵਿੰਗ ਪਾਰਕ ਰੋਡ 'ਤੇ ਪੈਂਦੇ ਹੂਸੀਅਰ ਗਰੋਵ ਪਾਰਕ ਵਿਖੇ ਸਥਿਤ ਤਿਉਹਾਰ ਦੇ ਮੈਦਾਨ ਵਿੱਚ ਸਮਾਪਤ ਹੋਈ।




ਪੀ.ਸੀ.ਐੱਸ. ਅਤੇ ਖਾਲਸਾ ਏਡ ਦੇ ਵਾਲੰਟੀਅਰਾਂ ਦੀ ਪਰੇਡ ਵਿੱਚ ਭਾਗੀਦਾਰੀ ਦਾ ਤਾਲਮੇਲ ਦਿਲਪ੍ਰੀਤ ਕੌਰ, ਸਰਵਣ ਸਿੰਘ ਅਤੇ ਰਾਜਿੰਦਰ ਸਿੰਘ ਮਾਗੋ ਦੁਆਰਾ ਕੀਤਾ ਗਿਆ ਸੀ। ਇਸ ਟੁਕੜੀ ਵਿੱਚ ਇੱਕ ਸਜਾਇਆ ਹੋਇਆ ਵਾਹਨ, ਪੰਜਾਬੀ ਢੋਲ ਬੀਟ ਸੰਗੀਤ, ਅਮਰੀਕੀ ਝੰਡੇ ਅਤੇ ਬੈਨਰ ਸ਼ਾਮਲ ਸਨ, ਜਿਨ੍ਹਾਂ ਦੀ ਦਰਸ਼ਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਮੌਕੇ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਦੇ ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ, "ਅਸੀਂ ਇੱਥੇ (ਅਮਰੀਕਾ) ਰਹਿਣ ਲਈ ਆਏ ਹਾਂ। ਸਾਡੇ ਆਪਣੇ ਤਿਉਹਾਰਾਂ ਤੋਂ ਇਲਾਵਾ ਸਾਡੇ ਭਾਈਚਾਰਿਆਂ ਨੂੰ ਬਾਹਰ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਸ਼ਹਿਰਾਂ ਵਿੱਚ ਮੁੱਖ ਧਾਰਾ ਦੀਆਂ ਗਤੀਵਿਧੀਆਂ ਵਿੱਚ ਪੂਰੇ ਦਿਲ ਨਾਲ ਹਿੱਸਾ ਲੈਣਾ ਚਾਹੀਦਾ ਹੈ, ਜਿੱਥੇ ਉਹ ਰਹਿੰਦੇ ਹਨ।" ਤਿੰਨ ਦਿਨਾਂ ਦੇ ਇਸ ਤਿਉਹਾਰ ਵਿੱਚ 10,000 ਤੋਂ ਵੱਧ ਲੋਕਾਂ ਨੇ ਸਮਰ ਸੈਲੀਬ੍ਰੇਸ਼ਨ ਵਿੱਚ ਸ਼ਿਰਕਤ ਕੀਤੀ, ਜਿਸ ਵਿੱਚ ਪਰੇਡ, ਭੋਜਨ, ਪੀਣ ਵਾਲੇ ਪਦਾਰਥ, ਸੰਗੀਤ, ਖੇਡਾਂ, ਕਾਰਨੀਵਲ, ਸਵਾਰੀਆਂ ਅਤੇ ਮਨੋਰੰਜਨ ਸ਼ਾਮਲ ਸਨ। ਚੇਤੇ ਰਹੇ, ਇਹ ਸਾਲਾਨਾ ਸਮਾਗਮ ਜੁਲਾਈ ਦੇ ਆਖਰੀ ਪੂਰੇ ਹਫਤੇ ਦੇ ਅੰਤ ਵਿੱਚ ਸਟ੍ਰੀਮਵੁੱਡ ਦੇ ਹੂਸੀਅਰ ਗਰੋਵ ਪਾਰਕ ਵਿਖੇ ਆਯੋਜਿਤ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਪੀ.ਸੀ.ਐੱਸ. ਇੱਕ ਗੈਰ-ਮੁਨਾਫ਼ਾ ਸਵੈ-ਸੇਵੀ ਭਾਈਚਾਰਕ ਸੰਸਥਾ ਹੈ, ਜੋ ਸ਼ਿਕਾਗੋ ਮੈਟਰੋਪੋਲੀਟਨ ਖੇਤਰ ਅਤੇ ਇਸ ਤੋਂ ਬਾਹਰ ਪੰਜਾਬੀ ਸੱਭਿਆਚਾਰ, ਪ੍ਰਦਰਸ਼ਨ ਕਲਾ, ਭਾਸ਼ਾ, ਸਿੱਖਿਆ, ਖੇਡਾਂ ਅਤੇ ਚੰਗੀ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਇਸੇ ਤਰ੍ਹਾਂ ਖਾਲਸਾ ਏਡ ਇੱਕ ਗੈਰ-ਮੁਨਾਫ਼ਾ ਮਾਨਵਤਾਵਾਦੀ ਸੰਸਥਾ ਹੈ, ਜਿਸਦਾ ਮੁੱਖ ਦਫਤਰ ਯੂ.ਕੇ. ਵਿੱਚ ਹੈ। ਇਸਦੀਆਂ ਦੁਨੀਆ ਭਰ ਵਿੱਚ ਸ਼ਾਖਾਵਾਂ ਹਨ, ਜੋ ਆਫ਼ਤ ਰਾਹਤ ਪ੍ਰਦਾਨ ਕਰਦੀਆਂ ਹਨ, ਸ਼ਰਨਾਰਥੀਆਂ ਦੀ ਪੂਰੀ ਤਰ੍ਹਾਂ ਸਹਾਇਤਾ ਕਰਦੀਆਂ ਹਨ ਅਤੇ ਵਿਸ਼ਵ ਪੱਧਰ 'ਤੇ ਭਾਈਚਾਰਿਆਂ ਦੀ ਸਹਾਇਤਾ ਲਈ ਅਣਥੱਕ ਕੰਮ ਕਰਦੀਆਂ ਹਨ। 1999 ਵਿੱਚ ਸਥਾਪਿਤ ਹੋਈ ਇਹ ਸੰਸਥਾ ਨਿਰਸਵਾਰਥ ਸੇਵਾ ਦੇ ਸਿਧਾਂਤ ਦੇ ਤਹਿਤ ਕੰਮ ਕਰਦੀ ਹੈ, ਭਾਵੇਂ ਤੁਸੀਂ ਕੋਈ ਵੀ ਹੋਵੋ।

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਬਿਕਰਮ ਸਿੰਘ ਸਿੱਧੂ |
| ਮਨਜਿੰਦਰ ਸਿੰਘ (ਮੈਕ) ਭਮਰਾ | ਪਰਮਜੀਤ ਸਿੰਘ ਸਿੱਧੂ (ਮਹਿਰਾਜ) |
| ਜੋਧ ਸਿੰਘ ਸਿੱਧੂ | ਮਨਮਿੰਦਰ ਸਿੰਘ ਹੀਰ |
| ਬੇਅੰਤ ਸਿੰਘ ਬੈਂਪਾਰਾਏ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਅਮਰੀਕ ਸਿੰਘ ਸ਼ਿਕਾਗੋ | ਮਿੰਨੀ ਮੁਲਤਾਨੀ |
| ਕਿਰਪਾਲ ਸਿੰਘ ਰੰਧਾਵਾ | ਗੁਰਪ੍ਰੀਤ ਕੇ. ਸਿੰਘ |
| ਅੰਮ੍ਰਿਤਪਾਲ ਸਿੰਘ ਗਿੱਲ | ਲਾਲੀ ਧਾਲੀਵਾਲ |
| ਬਲਵਿੰਦਰ ਸਿੰਘ ਚੱਠਾ | ਇੰਦਰ ਹੁੰਜਣ |
| ਦਰਸ਼ਨ ਸਿੰਘ ਪੰਮਾ | ਜਿਗਰਦੀਪ ਸਿੰਘ ਢਿੱਲੋਂ |
| ਗੁਰਿੰਦਰਜੀਤ ਸਿੰਘ ਗਰੇਵਾਲ | ਅਮਨਦੀਪ ਸਿੰਘ ਕੁਲਾਰ |
| ਦੀਦਾਰ ਸਿੰਘ ਧਨੋਆ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਅਮਰਜੀਤ ਸਿੰਘ ਢੀਂਡਸਾ | ਹਰਕੇਵਲ ਸਿੰਘ ਲਾਲੀ |

# ਭਾਰਤ ਅਤੇ ਬਰਤਾਨੀਆ ਵਿਚਾਲੇ ਵਿਸ਼ਾਲ ਵਪਾਰ ਸਮਝੌਤਾ

**ਖੇਤੀ ਖੇਤਰ ਨੂੰ ਭਾਰਤ ਨੇ ਸੁਰੱਖਿਅਤ ਰੱਖਿਆ *ਜੱਗੀ ਜੌਹਲ ਦਾ ਮਾਮਲਾ ਉੱਠਿਆ?*

**ਪੰਜਾਬੀ ਪਰਵਾਜ਼ ਬਿਊਰੋ**

ਸਾਢੇ ਤਿੰਨ ਸਾਲ ਲੰਮੀ ਗੱਲਬਾਤ ਤੋਂ ਬਾਅਦ ਆਖਿਰ ਇੰਗਲੈਂਡ ਅਤੇ ਭਾਰਤ ਵਿਚਾਲੇ ਇਤਿਹਾਸਕ ਵਪਾਰ ਸਮਝੌਤਾ ਹੋ ਗਿਆ ਹੈ। ਇਸ ਦਾ ਐਲਾਨ ਬੀਤੀ 24 ਜੁਲਾਈ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਾਂਝੇ ਤੌਰ 'ਤੇ ਲੰਡਨ ਵਿੱਚ ਕੀਤਾ। ਇਸ ਸਮਝੌਤੇ 'ਤੇ ਆਪਸੀ ਸਹਿਮਤੀ ਅਸਲ ਵਿੱਚ ਏਸੇ ਸਾਲ 2 ਮਈ ਨੂੰ ਬਣ ਗਈ ਸੀ। ਇਸ ਨੂੰ ਅੰਤਿਮ ਛੋਹਾਂ ਦਿੰਦਿਆਂ ਕਾਫੀ ਸਮਾਂ ਲੱਗ ਗਿਆ। ਇਸ ਸਮਝੌਤੇ ਨਾਲ ਇੰਗਲੈਂਡ ਨੂੰ 4.8 ਬਿਲੀਅਨ ਪੌਂਡ ਦਾ ਫਾਇਦਾ ਹੋਏਗਾ, ਜਦਕਿ ਦੋਹਾਂ ਦੇਸ਼ਾਂ ਵੱਲੋਂ 6 ਬਿਲੀਅਨ ਪੌਂਡ ਦਾ ਨਿਵੇਸ਼ ਕੀਤੇ ਜਾਣ 'ਤੇ ਵੀ ਸਹਿਮਤੀ ਬਣੀ ਹੈ।

ਯਾਦ ਰਹੇ, ਯੂਰਪੀਅਨ ਯੂਨੀਅਨ ਨਾਲੋਂ ਟੁੱਟਣ ਤੋਂ ਬਾਅਦ ਬਰਤਾਨਵੀ ਵਪਾਰਕ ਖੇਤਰ ਨੂੰ ਇੱਕ ਵੱਡੀ ਮਾਰਕਿਟ ਦੀ ਲੋੜ ਸੀ, ਜਿਸ ਨੂੰ ਹਾਸਲ ਕਰਨ ਵਿੱਚ ਉਸ ਨੇ ਸਫਲਤਾ ਪ੍ਰਾਪਤ ਕਰ ਲਈ ਹੈ। ਇਸ ਸਮਝੌਤੇ ਨਾਲ ਬਰਤਾਨੀਆ ਨੂੰ ਬਰਾਮਦ ਕੀਤੀਆਂ ਜਾਣ ਵਾਲੀਆਂ 90 ਫੀਸਦੀ ਭਾਰਤੀ ਵਸਤਾਂ 'ਤੇ ਬਰਾਮਦਗੀ ਟੈਕਸ ਖਤਮ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਮਹਿੰਗੀ ਬਰਤਾਨਵੀ ਵਿਸਕੀ, ਕਾਰਾਂ ਅਤੇ ਹੋਰ ਵਸਤਾਂ 'ਤੇ ਭਾਰਤ ਵੱਲੋਂ ਵੀ ਟੈਕਸ ਕਾਫੀ ਘਟਾ ਦਿੱਤਾ ਗਿਆ ਹੈ। ਸਕੌਚ ਵਿਸਕੀ 'ਤੇ ਟੈਕਸ 150 ਫੀਸਦੀ ਤੋਂ ਘਟਾ ਕੇ 75 ਫੀਸਦੀ ਕਰ ਦਿੱਤਾ ਗਿਆ ਹੈ। ਅਗਲੇ ਦਹਾਕੇ ਵਿੱਚ ਇਹ ਟੈਕਸ ਘਟ ਕੇ ਚਾਲੀ ਫੀਸਦੀ ਰਹਿ ਜਾਵੇਗਾ। ਇਸ ਤੋਂ ਇਲਾਵਾ ਇਸ ਸਮਝੌਤੇ ਤਹਿਤ ਬਾਸਮਤੀ ਚੌਲ, ਕਪਾਹ, ਮੂੰਗਫਲੀ, ਚਾਹ ਅਤੇ ਕੌਫੀ ਨੂੰ ਵੀ ਬਰਾਮਦੀ ਟੈਕਸ ਤੋਂ ਛੋਟ ਦੇ ਦਿੱਤੀ ਗਈ ਹੈ। ਖੇਤੀਬਾੜੀ ਦਰਾਮਦਾਂ ਦੇ ਮਾਮਲੇ ਵਿੱਚ ਭਾਰਤ ਵਿਸ਼ਵ ਪੱਧਰ 'ਤੇ 36.63 ਅਰਬ ਡਾਲਰ ਦੀ ਦਰਾਮਦ ਕਰਦਾ ਹੈ। ਯੂ.ਕੇ. ਦੀ ਭਾਰਤ ਤੋਂ ਦਰਾਮਦ ਸਿਰਫ 811 ਮਿਲੀਅਨ ਡਾਲਰ ਦੀ ਹੈ। ਸਮਝੌਤੇ ਤਹਿਤ ਡੇਅਰੀ ਪ੍ਰੋਡਕਟਾਂ, ਸੇਬਾਂ, ਓਟਸ ਅਤੇ ਖੁਰਾਕੀ ਤੇਲਾਂ ਦੀ ਦਰਾਮਦ (ਇੰਪੋਰਟ) 'ਤੇ ਭਾਰਤ ਵੱਲੋਂ ਕੋਈ ਛੋਟ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਖੇਤੀ ਪਦਾਰਥਾਂ ਦੀ ਪ੍ਰੋਸੈਸਿੰਗ ਵਾਲੇ ਮਾਲ ਨੂੰ ਇਸ ਸਮਝੌਤੇ ਤਹਿਤ ਬਰਤਾਨਵੀ ਬਾਜ਼ਾਰਾਂ ਵਿੱਚ ਖੁਲ੍ਹੀ ਪਹੁੰਚ ਮਿਲੇਗੀ।

ਇਸ ਇਤਿਹਾਸਕ ਵਪਾਰ ਸਮਝੌਤੇ ਲਈ ਗੱਲਬਾਤ ਦੌਰਾਨ ਭਾਰਤ ਦੀ ਅਗਵਾਈ ਭਾਰਤ ਦੇ ਕਮਰਸ ਅਤੇ ਸਨਅਤ ਬਾਰੇ ਮੰਤਰੀ ਪਿਊਸ਼ ਗੋਇਲ ਨੇ ਕੀਤੀ, ਜਦੋਂ ਕਿ ਇੰਗਲੈਂਡ ਵੱਲੋਂ ਇਸ ਗੱਲਬਾਤ ਦੀ ਅਗਵਾਈ ਬਰਤਾਨੀਆ ਦੇ ਵਿਦੇਸ਼ ਸਕੱਤਰ ਜੌਨਾਥਨ ਰੇਨੌਲਡਸ ਵੱਲੋਂ ਕੀਤੀ ਗਈ। ਯਾਦ ਰਹੇ, ਬੀਤੇ ਵਰ੍ਹੇ ਨਵੰਬਰ ਮਹੀਨੇ ਵਿੱਚ ਬ੍ਰਾਜ਼ੀਲ ਵਿਚ ਹੋਏ ਜੀ-20 ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿਚਕਾਰ ਇਸ ਮੁੱਦੇ ਨੂੰ ਲੈ ਕੇ ਗੱਲਬਾਤ ਹੋਈ ਸੀ, ਪਰ ਬਾਅਦ ਵਿੱਚ ਕਈ ਮਹੀਨੇ ਇਸ ਮਾਮਲੇ ਨੂੰ ਲੈ ਕੇ ਦੋਹਾਂ ਮੁਲਕਾਂ ਵਿਚਕਾਰ ਚੁੱਪ-ਚਾਂ ਵਰਤੀ ਰਹੀ। ਯਾਦ ਰਹੇ, ਗੱਲਬਾਤ ਦੌਰਾਨ ਦੋਹਾਂ ਮੁਲਕਾਂ ਵਿਚਕਾਰ ਇਸ ਕਿਸਮ ਦੀ ਸਹਿਮਤੀ ਪਹਿਲਾਂ ਹੀ ਬਣ ਗਈ ਸੀ ਕਿ ਇਹ ਵੱਡਾ ਟਰੇਡ ਸਮਝੌਤਾ ਆਸਟਰੇਲੀਆ, ਅਮਰੀਕਾ ਅਤੇ ਕੈਨੇਡਾ ਵਾਲੇ ਸਮਝੌਤਿਆਂ ਦੀ ਤਰਜ਼ 'ਤੇ ਨਹੀਂ ਹੋਏਗਾ। ਦੋਹਾਂ ਮੁਲਕਾਂ ਵੱਲੋਂ ਆਪਸੀ ਸੰਬੰਧਾਂ ਨੂੰ ਵਧੇਰੇ ਸੁਖਾਵੇਂ ਬਣਾਉਣ ਦਾ ਇਸ ਸਮਝੌਤੇ ਨੂੰ ਵਾਹਕ ਬਣਾਇਆ ਗਿਆ ਹੈ। ਭਾਰਤ ਅਤੇ ਇੰਗਲੈਂਡ ਵਿਚਕਾਰ ਸਿਰੇ ਚੜ੍ਹੇ ਇਸ ਵੱਡੇ ਸਮਝੌਤੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਖਿਝਣ ਸਪਸ਼ਟ ਵੇਖੀ ਜਾ ਸਕਦੀ ਹੈ। ਉਨ੍ਹਾਂ ਵੱਡੀਆਂ ਅਮਰੀਕੀ ਟੈਕ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਭਾਰਤੀਆਂ ਨੂੰ ਰੁਜ਼ਗਾਰ ਦੇਣ ਵਿੱਚ ਗੁਰੇਜ਼ ਕਰਨ ਅਤੇ ਇਸ ਦੀ ਥਾਂ ਅਮਰੀਕਾ ਨਿਵਾਸੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨ। ਇੱਥੇ ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਵੱਲੋਂ ਵਿੱਢੀ ਗਈ 'ਟੈਰਿਫ ਵਾਰ' ਦੇ ਤਹਿਤ ਭਾਰਤ ਅਤੇ ਅਮਰੀਕਾ ਵਿਚਕਾਰ ਵੀ ਆਪਸ ਵਿੱਚ ਟਰੇਡ ਸਮਝੌਤਾ ਕਰਨ 'ਤੇ ਗੱਲਬਾਤ ਚੱਲ ਰਹੀ ਹੈ, ਪਰ ਕਈ ਦੌਰ ਦੀ ਗੱਲਬਾਤ ਦੇ ਬਾਵਜੂਦ ਟਰੇਡ ਟੈਰਿਫ ਦੇ ਮਾਮਲਿਆਂ ਵਿੱਚ ਆਪਸੀ ਸਹਿਮਤੀ ਨਹੀਂ ਬਣ ਰਹੀ। ਭਾਰਤ ਸਰਕਾਰ ਵੱਲੋਂ ਸਾਹਮਣੇ ਆਈ ਜਾਣਕਾਰੀ ਅਨੁਸਾਰ ਖੇਤੀ ਉਤਪਾਦਾਂ ਲਈ ਭਾਰਤੀ ਮੰਡੀ ਨੂੰ ਖੋਲ੍ਹਣ ਦੇ ਮਾਮਲੇ ਨੂੰ ਲੈ ਕੇ ਦੋਹਾਂ ਮੁਲਕਾਂ ਵਿਚਕਾਰ ਟਰੇਡ ਗੱਲਬਾਤ ਫਸੀ ਹੋਈ ਹੈ।




■ ਇੰਗਲੈਂਡ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਅਸਲ ਵਿੱਚ ਭਾਰਤ ਅਤੇ ਬਰਤਾਨੀਆ ਵਿਚਕਾਰ ਹੋਏ ਇਤਿਹਾਸਕ ਟਰੇਡ ਸਮਝੌਤੇ ਨੂੰ ਲੱਗੇ ਤਿੰਨ ਸਾਲ ਤੋਂ ਵੱਧ ਸਮੇਂ ਤੋਂ ਅਸੀਂ ਹਿਸਾਬ ਲਗਾ ਸਕਦੇ ਹਾਂ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਟਰੇਡ ਸਮਝੌਤੇ ਨੂੰ ਸਿਰੇ ਚਾੜ੍ਹਨ ਦਾ ਕਾਰਜ ਕਿਸ ਕਦਰ ਚਣੌਤੀਪੂਰਨ ਹੋ ਸਕਦਾ ਹੈ। ਖਾਸ ਕਰਕੇ ਉਦੋਂ, ਜਦੋਂ ਅਮਰੀਕੀ ਰਾਸ਼ਟਰਪਤੀ ਹਰ ਮੁਲਕ ਦੀ ਬਰਾਮਦ 'ਤੇ ਦੂਜੇ ਮੁਲਕਾਂ ਵੱਲੋਂ ਲਗਾਏ ਜਾਂਦੇ ਬਰਾਮਦ ਟੈਕਸ ਦੇ ਬਰਾਬਰ ਬਰਾਮਦ ਟੈਕਸ ਲਗਾਉਣ ਦੀ ਗੱਲ ਕਹਿ ਚੁੱਕੇ ਹਨ। ਕੁਝ ਸੰਭਾਵਤ ਸਿੱਖ ਹੱਤਿਆਵਾਂ ਦੇ ਮਸਲਿਆਂ ਨੂੰ ਲੈ ਕੇ ਵੀ ਅਮਰੀਕਾ ਭਾਰਤ 'ਤੇ ਦਬਾਅ ਬਣਾ ਰਿਹਾ ਹੈ। ਅੱਜ ਜਦੋਂ ਦੁਨੀਆਂ ਦੀ ਆਰਥਿਕਤਾ ਮੰਦੇ ਦੌਰ ਵਿੱਚ ਚੱਲ ਰਹੀ ਹੈ, ਸਿੱਕੇ ਦਾ ਫੈਲਾਅ ਅਤੇ ਮਹਿੰਗਾਈ ਦਾ ਸਾਹਮਣਾ ਤਕਰੀਬਨ ਹਰ ਮੁਲਕ ਨੂੰ ਕਰਨਾ ਪੈ ਰਿਹਾ ਹੈ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਨਵੀਂ ਟਰੇਡ ਵਾਰ ਸਾਰੀ ਦੁਨੀਆਂ ਦੀਆਂ ਆਰਥਿਕਤਾਵਾਂ ਲਈ ਖ਼ਤਰਾ ਬਣ ਗਈ ਹੈ। ਖੁਦ ਅਮਰੀਕਾ ਵੀ ਇਸ ਟਰੇਡ ਵਾਰ ਦੇ ਹੋਣ ਵਾਲੇ ਨੁਕਸਾਨਾਂ ਤੋਂ ਬਚ ਨਹੀਂ ਸਕੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬਰਤਾਨੀਆ ਦੇ ਵਿਦੇਸ਼ ਸਕੱਤਰ ਜੌਨਾਥਨ ਰੇਨੌਲਡਸ ਨੇ ਆਪਣੀ ਭਾਰਤ ਦੀ ਫੇਰੀ ਮੌਕੇ ਕਾਮਰਸ ਅਤੇ ਸਨਅਤ ਮੰਤਰੀ ਪਿਊਸ਼ ਗੋਇਲ ਨੂੰ ਮਿਲੇ ਸਨ। ਉਦੋਂ ਭਾਰਤ ਅਤੇ ਇੰਗਲੈਂਡ ਵਿੱਚ ਹਾਲੇ ਆਮ ਚੋਣਾਂ ਹੋਣੀਆਂ ਸਨ। ਭਾਰਤ ਵਿੱਚ ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਚੁਣੇ ਗਏ, ਜਦਕਿ ਇੱਕ ਲੰਮੇ ਅਰਸੇ ਬਾਅਦ ਇੰਗਲੈਂਡ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਸਰਕਾਰ ਬਣ ਗਈ। ਇੰਗਲੈਂਡ ਦੀ ਲੇਬਰ ਪਾਰਟੀ ਅਤੇ ਭਾਜਪਾ ਸਰਕਾਰ ਨਾਲ ਸੰਬੰਧਾਂ ਦੇ ਮਾਮਲੇ ਵਿੱਚ ਵੀ ਉਸ ਸਮੇਂ ਖਟਪਟਾਹਟ ਵਾਲਾ ਮਾਹੌਲ ਸੀ। ਯਾਦ ਰਹੇ, ਲੇਬਰ ਪਾਰਟੀ ਦੇ ਸਾਬਕਾ ਮੁਖੀ ਜੇਰਮੀ ਕੋਰਬਿਨ ਨੇ ਕਸ਼ਮੀਰ ਦੇ ਮਾਮਲੇ ਵਿੱਚ ਪਾਕਿਸਤਾਨ ਦੇ ਪੱਖ ਵਿੱਚ ਸਟੈਂਡ ਲੈ ਲਿਆ ਸੀ, ਪਰ ਲੇਬਰ ਲੀਡਰ ਦੇ ਬਦਲਣ ਅਤੇ ਫਿਰ ਉਸ ਦੇ ਪ੍ਰਧਾਨ ਮੰਤਰੀ ਬਣ ਜਾਣ ਤੋਂ ਬਾਅਦ ਬਰਤਾਨੀਆ ਸਰਕਾਰ ਨੇ ਭਾਰਤ ਨਾਲ ਇੱਕ ਵੱਡੇ ਟਰੇਡ ਸਮਝੌਤੇ ਬਾਰੇ ਦੁਬਾਰਾਂ ਤੋਂ ਸੋਚਣਾ ਸ਼ੁਰੂ ਕੀਤਾ। ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਕਨਜ਼ਰਵੇਟਿਵ ਸਰਕਾਰ ਵੇਲੇ ਟਰੇਡ ਸਮਝੌਤੇ ਲਈ ਹੋਈਆਂ ਕੋਸ਼ਿਸ਼ਾਂ ਦਾ ਇਤਿਹਾਸ ਫਰੋਲਿਆ ਗਿਆ, ਪਰ ਉਸ ਦੌਰਾਨ ਦੋਹਾਂ ਧਿਰਾਂ ਵਿੱਚ ਵਾਹਵਾ ਦੂਰੀ ਵਿਖਾਈ ਦਿੱਤੀ। ਪਿਛਲੀ ਸਰਕਾਰ ਦੀਆਂ ਕੋਸ਼ਿਸ਼ਾਂ ਵਾਲਾ ਚੈਪਟਰ ਬੰਦ ਕਰਕੇ ਲੇਬਰ ਸਰਕਾਰ ਨੇ ਨਵੇਂ ਸਿਰੇ ਤੋਂ ਆਪਸੀ ਟਰੇਡ ਸਮਝੌਤੇ 'ਤੇ ਗੱਲਬਾਤ ਸ਼ੁਰੂ ਕੀਤੀ ਅਤੇ ਨਤੀਜੇ ਕੱਢਣ ਵਿੱਚ ਸਫਲ ਰਹੀ।

ਨਵੇਂ ਸਮਝੌਤੇ ਵਿੱਚ ਆਮ ਬਰਤਾਨਵੀ ਵਸਤਾਂ 'ਤੇ ਬਰਾਮਦ ਟੈਕਸ 15 ਫੀਸਦੀ ਤੋਂ ਘਟਾ ਕੇ 3 ਫੀਸਦੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਆਉਂਦੇ ਸਾਲਾਂ ਵਿੱਚ ਬਰਾਮਦੀ ਟੈਕਸ ਹੋਰ ਘਟਾਏ ਜਾਣ 'ਤੇ ਵੀ ਸਹਿਮਤੀ ਹੋਈ ਹੈ। ਇਸ ਸਮਝੌਤੇ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਰੱਖਣ ਵਾਲੇ ਲੋਕਾਂ ਦਾ ਆਖਣਾ ਹੈ ਕਿ ਇਹ ਸਮਝੌਤਾ ਇੰਗਲੈਂਡ ਦੀਆਂ ਵਿੱਤੀ ਅਤੇ ਲੀਗਲ ਸੇਵਾਵਾਂ ਲਈ ਕੁਝ ਵੀ ਮੁਹੱਈਆ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਭਾਰਤ ਵਿੱਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਵਾਤਾਵਰਣ ਦੇ ਮਸਲਿਆਂ ਬਾਰੇ ਅਪਣਾਈ ਜਾ ਰਹੀ ਅਣਗਹਿਲੀ ਦਾ ਜ਼ਿਕਰ ਵੀ ਛਿੜਿਆ ਹੈ। ਇਸ ਤੋਂ ਲਗਦਾ ਹੈ ਕਿ ਵਾਤਾਵਰਣ ਸੁਰੱਖਿਆ, ਖਾਸ ਕਰਕੇ ਕੋਲਾ ਖਾਣਾ ਦੇ ਮਾਮਲੇ ਵਿੱਚ, ਅਤੇ ਦੁਵੱਲੇ ਨਿਵੇਸ਼ ਦੇ ਮਾਮਲੇ ਨੂੰ ਲੈ ਕੇ ਆਪਸੀ ਗੱਲਬਾਤ ਆਉਣ ਵਾਲੇ ਸਮੇਂ ਵਿੱਚ ਚਲਦੀ ਰਹੇਗੀ। ਯਾਦ ਰਹੇ, ਬਰਤਾਨੀਆ 'ਕਾਰਬਨ ਬਰਾਡਰ ਟੈਕਸ' ਦਾ ਮੁੱਦਾ ਉਠਾ ਰਿਹਾ ਹੈ ਅਤੇ ਭਾਰਤ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਸੁਣਨ ਵਿੱਚ ਆਇਆ ਹੈ ਕਿ ਭਾਰਤੀ ਜੇਲ੍ਹ ਵਿੱਚ ਬੰਦ ਜੱਗੀ ਜੌਹਲ ਦਾ ਮਾਮਲਾ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਮੋਦੀ ਕੋਲ ਉਠਾਇਆ ਗਿਆ ਹੈ, ਪਰ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ। ਯਾਦ ਰਹੇ, ਆਪਣੇ ਵਿਆਹ ਲਈ ਭਾਰਤ ਆਏ ਜੱਗੀ ਜੌਹਲ ਨੂੰ 2017 ਵਿੱਚ ਕਥਿਤ ਅਤਿਵਾਦ ਦੇ ਕੇਸਾਂ ਵਿੱਚ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਜੱਗੀ ਜੌਹਲ ਉਸ 'ਤੇ ਪਾਏ ਗਏ 9 ਕੇਸਾਂ ਵਿੱਚੋਂ ਬਰੀ ਹੋ ਚੁਕਾ ਹੈ। ਭਾਰਤ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀਆਂ ਦੀ ਮਿਲਣੀ ਤੋਂ ਪਹਿਲਾਂ ਸਕਾਟਲੈਂਡ ਦੇ ਸਕੱਤਰ ਨੇ ਕਿਹਾ ਸੀ ਕਿ ਜੱਗੀ ਜੌਹਲ ਦਾ ਕੇਸ ਦੋਹਾਂ ਆਗੂਆਂ ਦੀ ਗੱਲਬਾਤ ਵਿੱਚ ਇੱਕ ਪ੍ਰਮੁੱਖ ਏਜੰਡਾ ਹੈ। ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਬਰਤਾਨੀਆ ਸਰਕਾਰ ਨੇ ਜੱਗੀ 'ਤੇ ਪਾਏ ਗਏ ਨਾਜਾਇਜ਼ ਕੇਸਾਂ ਦੇ ਮਾਮਲੇ ਵਿੱਚ ਕੋਈ ਵੀ ਸਾਰਥਕ ਦਖਲ ਨਹੀਂ ਦਿੱਤਾ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਵਿਆਹ ਲਈ ਭਾਰਤ ਆਏ ਮੇਰੇ ਭਰਾ ਦੀ ਜੇਲ੍ਹ ਵਿੱਚ ਬੰਦ ਰਹਿਣ ਕਾਰਨ ਉਮਰ ਵਧ ਰਹੀ ਹੈ।






# ਸਿਆਸਤ: 'ਆਪ' ਦੀ ਅੰਦਰੂਨੀ ਖਿੱਚੋਤਾਣ ਅਤੇ ਰਣਨੀਤੀ

## *ਸਿਆਸੀ ਪਿੱਚ 'ਤੇ ਹਿੱਟ ਵਿਕਟ ਤੋਂ ਬਚਣ ਦੀ ਕੋਸ਼ਿਸ਼

ਪੰਜਾਬੀ ਪਰਵਾਜ਼ ਬਿਊਰੋ

ਆਮ ਆਦਮੀ ਪਾਰਟੀ (ਆਪ) ਸਿਆਸੀ ਪਿੱਚ 'ਤੇ ਹਿੱਟ ਵਿਕਟ ਦੀ ਸਥਿਤੀ ਤੋਂ ਬਚਣ ਲਈ ਪੂਰੀ ਤਰ੍ਹਾਂ ਸੁਚੇਤ ਹੈ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਟੀ ਦਾ ਮੁੱਖ ਜ਼ੋਰ ਆਪਣੇ ਨੇਤਾਵਾਂ ਅਤੇ ਵਰਕਰਾਂ ਨੂੰ ਇਕਜੁੱਟ ਰੱਖਣ 'ਤੇ ਹੈ। ਖਰੜ ਦੀ ਵਿਧਾਇਕ ਅਨਮੋਲ ਗਗਨ ਮਾਨ ਦੀ ਨਾਰਾਜ਼ਗੀ ਅਤੇ ਅਸਤੀਫੇ ਦੇ ਐਲਾਨ ਨੇ ਪਾਰਟੀ ਲਈ ਇੱਕ ਵੱਡੀ ਚੁਣੌਤੀ ਪੈਦਾ ਕੀਤੀ ਸੀ, ਪਰ ਅਨਮੋਲ ਨੂੰ 24 ਘੰਟਿਆਂ ਦੇ ਅੰਦਰ ਮਨਾ ਕੇ 'ਆਪ' ਨੇ ਵਿਰੋਧੀਆਂ ਦੇ ਹੱਥੋਂ ਸਿਆਸੀ ਮੁੱਦਾ ਖੋਹ ਲਿਆ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਆਪ' ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹਨ। 2022 ਦੀਆਂ ਚੋਣਾਂ ਵਿੱਚ ਸੂਬੇ ਵਿੱਚ 117 ਵਿੱਚੋਂ 92 ਸੀਟਾਂ ਜਿੱਤ ਕੇ ਪਾਰਟੀ ਨੇ ਇਤਿਹਾਸਕ ਜਿੱਤ ਹਾਸਲ ਕੀਤੀ ਸੀ। ਹੁਣ 'ਆਪ-2.0' ਮਿਸ਼ਨ ਦੇ ਤਹਿਤ ਪਾਰਟੀ ਦਾ ਟੀਚਾ ਸੂਬੇ ਵਿੱਚ ਸਰਕਾਰ ਨੂੰ ਕਾਇਮ ਰੱਖਣਾ ਹੈ। ਸੂਤਰਾਂ ਅਨੁਸਾਰ, ਪਾਰਟੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਸੂਬੇ ਵਿੱਚ 5000 ਤੋਂ ਵੱਧ ਜਨਤਕ ਮੀਟਿੰਗਾਂ ਅਤੇ 2000 ਸਮਾਜਿਕ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਹੈ, ਜਿਸ ਨਾਲ ਜਨਤਾ ਨਾਲ ਸਿੱਧਾ ਸੰਪਰਕ ਵਧਿਆ ਹੈ।

ਪਾਰਟੀ ਦਾ ਮੰਨਣਾ ਹੈ ਕਿ ਅੰਦਰੂਨੀ ਵਿਵਾਦ ਜਾਂ ਨਾਰਾਜ਼ਗੀ ਸਿਆਸੀ ਪਿੱਚ 'ਤੇ ਹਿੱਟ ਵਿਕਟ ਦਾ ਕਾਰਨ ਬਣ ਸਕਦੀ ਹੈ। ਇਸ ਲਈ 'ਆਪ' ਨੇ ਜ਼ਮੀਨੀ ਪੱਧਰ ਦੇ ਵਰਕਰਾਂ ਤੋਂ ਲੈ ਕੇ ਸੀਨੀਅਰ ਨੇਤਾਵਾਂ ਤੱਕ ਸਾਰਿਆਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਅਤੇ ਹੱਲ ਕਰਨ ਦੀ ਰਣਨੀਤੀ ਅਪਣਾਈ ਹੈ। ਸੂਤਰਾਂ ਅਨੁਸਾਰ, ਪਿਛਲੇ ਇੱਕ ਸਾਲ ਵਿੱਚ ਪਾਰਟੀ ਨੇ 85% ਅੰਦਰੂਨੀ ਸ਼ਿਕਾਇਤਾਂ ਨੂੰ ਸੁਲਝਾਇਆ ਹੈ, ਜੋ ਇਸ ਦੀ ਅੰਦਰੂਨੀ ਪ੍ਰਬੰਧਕੀ ਸਮਰੱਥਾ ਨੂੰ ਦਰਸਾਉਂਦਾ ਹੈ।

ਖਰੜ ਸੀਟ ਤੋਂ 'ਆਪ' ਦੀ ਵਿਧਾਇਕ ਅਨਮੋਲ ਗਗਨ ਮਾਨ ਦਾ ਮਾਮਲਾ ਪਾਰਟੀ ਲਈ ਇੱਕ ਵੱਡੀ ਚੁਣੌਤੀ ਸੀ। 2022 ਵਿੱਚ ਪਹਿਲੀ ਵਾਰ ਵਿਧਾਇਕ ਬਣੀ ਅਨਮੋਲ ਨੂੰ ਸਰਕਾਰ ਵਿੱਚ ਮੰਤਰੀ ਦਾ ਅਹੁਦਾ ਦਿੱਤਾ ਗਿਆ ਸੀ। ਹਾਲਾਂਕਿ ਸਤੰਬਰ 2024 ਵਿੱਚ ਅੰਦਰੂਨੀ ਸਿਆਸੀ ਗਤੀਵਿਧੀਆਂ ਅਤੇ ਪ੍ਰਦਰਸ਼ਨ ਦੇ ਮੁੱਦਿਆਂ ਕਾਰਨ ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਹਟਾ ਦਿੱਤਾ ਗਿਆ। ਸੂਤਰਾਂ ਅਨੁਸਾਰ, ਅਨਮੋਲ ਦੀ ਨਾਰਾਜ਼ਗੀ ਦਾ ਮੁੱਖ ਕਾਰਨ ਪਾਰਟੀ ਦੀ ਅੰਦਰੂਨੀ ਗੁੱਟਬਾਜ਼ੀ ਅਤੇ ਖਰੜ ਹਲਕੇ ਵਿੱਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਘਾਟ ਸੀ।

19 ਜੁਲਾਈ 2025 ਨੂੰ ਅਨਮੋਲ ਨੇ ਵਿਧਾਇਕੀ ਅਤੇ ਸਿਆਸਤ ਛੱਡਣ ਦਾ ਐਲਾਨ ਕਰਕੇ ਸਿਆਸੀ ਹਲਚਲ ਪੈਦਾ ਕਰ ਦਿੱਤੀ। ਇਸ ਫੈਸਲੇ ਨੇ ਵਿਰੋਧੀ ਪਾਰਟੀਆਂ, ਖਾਸ ਤੌਰ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 'ਆਪ' ਦੀ ਅੰਦਰੂਨੀ ਅਸਥਿਰਤਾ ਨੂੰ ਉਜਾਗਰ ਕਰਨ ਦਾ ਮੌਕਾ ਦਿੱਤਾ, ਪਰ 'ਆਪ' ਦੇ ਸੀਨੀਅਰ ਨੇਤਾਵਾਂ, ਜਿਨ੍ਹਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਸ਼ਾਮਲ ਸਨ, ਨੇ ਤੁਰੰਤ ਕਾਰਵਾਈ ਕੀਤੀ। 24 ਘੰਟਿਆਂ ਦੇ ਅੰਦਰ ਅਨਮੋਲ ਨੂੰ ਮਨਾਇਆ ਗਿਆ, ਅਤੇ ਅਰਵਿੰਦ ਕੇਜਰੀਵਾਲ ਨਾਲ ਚਰਚਾ ਤੋਂ ਬਾਅਦ ਉਨ੍ਹਾਂ ਦਾ ਅਸਤੀਫਾ ਨਾਮਨਜ਼ੂਰ ਕਰ ਦਿੱਤਾ ਗਿਆ।

**ਪੰਜਾਬ ਅਤੇ ਦਿੱਲੀ ਵਿੱਚ 'ਆਪ' ਦਾ ਅੰਦਰੂਨੀ ਸੰਕਟ:** 'ਆਪ' ਨੂੰ ਨਾ ਸਿਰਫ ਪੰਜਾਬ, ਸਗੋਂ ਦਿੱਲੀ ਵਿੱਚ ਵੀ ਅੰਦਰੂਨੀ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿੱਚ ਅਨਮੋਲ ਗਗਨ ਮਾਨ ਦਾ ਮਾਮਲਾ ਇੱਕ ਉਦਾਹਰਣ ਹੈ, ਪਰ ਇਸ ਤੋਂ ਇਲਾਵਾ ਹੋਰ ਵੀ ਕਈ ਮੁੱਦਿਆਂ ਨੇ ਪਾਰਟੀ ਦੀ ਇਕਜੁੱਟਤਾ ਨੂੰ ਚੁਣੌਤੀ ਦਿੱਤੀ ਹੈ। ਸੂਤਰਾਂ ਅਨੁਸਾਰ, ਪੰਜਾਬ ਵਿੱਚ 'ਆਪ' ਦੇ 20% ਵਿਧਾਇਕ ਪਾਰਟੀ ਦੀ ਨੀਤੀਆਂ ਅਤੇ ਅੰਦਰੂਨੀ ਗੁੱਟਬਾਜ਼ੀ ਨਾਲ ਨਾਰਾਜ਼ ਹਨ। ਪਿਛਲੇ ਦੋ ਸਾਲਾਂ ਵਿੱਚ, ਘੱਟੋ-ਘੱਟ 5 ਵਿਧਾਇਕਾਂ ਨੇ ਪਾਰਟੀ ਦੀਆਂ ਨੀਤੀਆਂ 'ਤੇ ਸਵਾਲ ਉਠਾਏ ਹਨ, ਜਿਸ ਵਿੱਚ ਸਿੱਖਿਆ, ਸਿਹਤ ਅਤੇ ਵਿਕਾਸ ਪ੍ਰੋਜੈਕਟਾਂ ਦੀ ਗਤੀ ਸ਼ਾਮਲ ਹੈ।

ਦਿੱਲੀ ਵਿੱਚ ਵੀ 'ਆਪ' ਨੂੰ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2024 ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਅਤੇ ਰਿਹਾਈ ਨੇ ਪਾਰਟੀ ਦੀ ਰਾਸ਼ਟਰੀ ਤਸਵੀਰ ਨੂੰ ਪ੍ਰਭਾਵਿਤ ਕੀਤਾ। ਸੂਤਰਾਂ ਅਨੁਸਾਰ, ਦਿੱਲੀ ਵਿੱਚ 'ਆਪ' ਦੇ 15% ਵਿਧਾਇਕ ਅਤੇ 30% ਜ਼ਮੀਨੀ ਵਰਕਰ ਪਾਰਟੀ ਦੀ ਨੀਤੀਆਂ ਤੇ ਸੰਗਠਨਾਤਮਕ ਢਾਂਚੇ ਨਾਲ ਅਸੰਤੁਸ਼ਟ ਹਨ। ਦਿੱਲੀ ਸਰਕਾਰ ਦੀਆਂ ਮੁਫਤ ਸਕੀਮਾਂ, ਜਿਵੇਂ ਕਿ ਮੁਫਤ ਬਿਜਲੀ ਅਤੇ ਪਾਣੀ ਨੇ ਜਨਤਕ ਸਮਰਥਨ ਤਾਂ ਵਧਾਇਆ, ਪਰ ਵਿੱਤੀ ਸੰਕਟ ਨੇ ਪਾਰਟੀ ਦੇ ਅੰਦਰੂਨੀ ਪ੍ਰਬੰਧਨ ਨੂੰ ਜਟਿਲ ਕਰ ਦਿੱਤਾ। 2024-25 ਦੇ ਵਿੱਤੀ ਸਾਲ ਵਿੱਚ ਦਿੱਲੀ ਸਰਕਾਰ ਨੂੰ 5000 ਕਰੋੜ ਰੁਪਏ ਦੇ ਬਜਟ ਘਾਟੇ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਪਾਰਟੀ ਦੀਆਂ ਸਕੀਮਾਂ ਨੂੰ ਲਾਗੂ ਕਰਨ ਦੀ ਸਮਰੱਥਾ 'ਤੇ ਅਸਰ ਪਾਇਆ।

ਪੰਜਾਬ ਵਿੱਚ ਵੀ 'ਆਪ' ਦੀ ਸਰਕਾਰ ਨੂੰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦਾ 700 ਕਰੋੜ ਰੁਪਏ ਦਾ ਬਕਾਇਆ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਦੇਰੀ ਨੇ ਸਰਕਾਰ ਦੀ ਤਸਵੀਰ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਤੋਂ ਇਲਾਵਾ ਸੂਬੇ ਦੇ ਸਿੱਖਿਆ ਅਤੇ ਸਿਹਤ ਸੈਕਟਰ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ 10,000 ਨਵੀਆਂ ਨੌਕਰੀਆਂ ਦਾ ਵਾਅਦਾ ਪੂਰਾ ਨਾ ਹੋਣ ਕਾਰਨ ਜਨਤਕ ਅਸੰਤੋਸ਼ ਵਧਿਆ ਹੈ।

**ਵਿਰੋਧੀਆਂ ਦੀ ਪ੍ਰਤੀਕਿਰਿਆ ਅਤੇ ਸਿਆਸੀ ਘੇਰਾਬੰਦੀ:** ਅਨਮੋਲ ਗਗਨ ਮਾਨ ਦੇ ਅਸਤੀਫੇ ਦੇ ਐਲਾਨ ਨੇ ਵਿਰੋਧੀ ਪਾਰਟੀਆਂ, ਖਾਸ ਤੌਰ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 'ਆਪ' ਦੀ ਅੰਦਰੂਨੀ ਅਸਥਿਰਤਾ ਨੂੰ ਉਜਾਗਰ ਕਰਨ ਦਾ ਮੌਕਾ ਦਿੱਤਾ। ਕਾਂਗਰਸ ਦੀ ਵਿਦਿਆਰਥੀ ਵਿੰਗ ਐਨ.ਐਸ.ਯੂ.ਆਈ. ਦੇ ਪੰਜਾਬ ਪ੍ਰਧਾਨ ਇਸ਼ਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਅਨਮੋਲ ਨੇ ਆਪਣੇ ਹਲਕੇ ਨੂੰ ਇੱਕ ਦਿਨ ਲਈ ਲਾਵਾਰਸ ਛੱਡ ਦਿੱਤਾ, ਜੋ ਜਨਤਕ ਨੁਮਾਇੰਦੇ ਦੀ ਜ਼ਿੰਮੇਵਾਰੀ ਦੀ ਉਲੰਘਣਾ ਹੈ।

ਐਨ.ਐਸ.ਯੂ.ਆਈ. ਨੇ ਮੋਹਾਲੀ ਦੇ ਖਰੜ ਪੁਲਿਸ ਸਟੇਸ਼ਨ ਵਿੱਚ ਅਨਮੋਲ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਵੱਖ-ਵੱਖ ਦੋਸ਼ ਲਾਏ ਗਏ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਇਸ਼ਪ੍ਰੀਤ ਦਾ ਦਾਅਵਾ ਹੈ ਕਿ ਅਨਮੋਲ ਨੇ ਪਾਰਟੀ ਛੱਡਣ ਦੇ ਡਰੋਂ ਯੂ-ਟਰਨ ਲਿਆ, ਕਿਉਂਕਿ ਉਨ੍ਹਾਂ ਨੂੰ ਕੇਸ ਦਰਜ ਹੋਣ ਦਾ ਖਤਰਾ ਸੀ। ਅਨਮੋਲ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਅਸਤੀਫਾ 'ਆਪ' ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਅਰਵਿੰਦ ਕੇਜਰੀਵਾਲ ਦੇ ਨਿਰਦੇਸ਼ਾਂ 'ਤੇ ਨਾਮਨਜ਼ੂਰ ਕੀਤਾ ਗਿਆ, ਅਤੇ ਉਹ ਪਾਰਟੀ ਦੇ ਫੈਸਲੇ ਨਾਲ ਸਹਿਮਤ ਹਨ।

ਸੂਤਰਾਂ ਅਨੁਸਾਰ, ਪੰਜਾਬ ਵਿੱਚ ਵਿਰੋਧੀ ਪਾਰਟੀਆਂ ਨੇ ਪਿਛਲੇ ਇੱਕ ਸਾਲ ਵਿੱਚ 'ਆਪ' ਦੀ ਅੰਦਰੂਨੀ ਅਸਥਿਰਤਾ ਨੂੰ ਉਜਾਗਰ ਕਰਨ ਲਈ 100 ਤੋਂ ਵੱਧ ਪ੍ਰੈਸ ਕਾਨਫਰੰਸਾਂ ਅਤੇ 50 ਜਨਤਕ ਰੈਲੀਆਂ ਦਾ ਆਯੋਜਨ ਕੀਤਾ ਹੈ। ਇਸ ਨੇ 'ਆਪ' ਦੀ ਸਰਕਾਰ ਅਤੇ ਸੰਗਠਨ 'ਤੇ ਦਬਾਅ ਵਧਾਇਆ ਹੈ।

'ਆਪ' ਨੂੰ ਪੰਜਾਬ ਅਤੇ ਦਿੱਲੀ ਵਿੱਚ ਅੰਦਰੂਨੀ ਸੰਕਟਾਂ ਨੂੰ ਹੱਲ ਕਰਨ ਲਈ ਕੁਝ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਪਾਰਟੀ ਨੂੰ ਅੰਦਰੂਨੀ ਸੰਵਾਦ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਸੂਤਰਾਂ ਅਨੁਸਾਰ, 'ਆਪ' ਨੇ ਪੰਜਾਬ ਵਿੱਚ 2024-25 ਵਿੱਚ 200 ਅੰਦਰੂਨੀ ਮੀਟਿੰਗਾਂ ਦਾ ਆਯੋਜਨ ਕੀਤਾ, ਪਰ ਇਸ ਨੂੰ ਹੋਰ ਵਧਾਉਣ ਦੀ ਜ਼ਰੂਰਤ ਹੈ।

ਦੂਜਾ, ਪਾਰਟੀ ਨੂੰ ਵਿਧਾਇਕਾਂ ਅਤੇ ਵਰਕਰਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਲਈ ਇੱਕ ਸਥਾਈ ਸ਼ਿਕਾਇਤ ਨਿਵਾਰਣ ਸੈੱਲ ਸਥਾਪਤ ਕਰਨਾ ਚਾਹੀਦਾ ਹੈ। ਇਸ ਨਾਲ ਨਾਰਾਜ਼ਗੀ ਦੀਆਂ ਘਟਨਾਵਾਂ ਨੂੰ 50% ਤੱਕ ਘਟਾਇਆ ਜਾ ਸਕਦਾ ਹੈ। ਤੀਜਾ, 'ਆਪ' ਨੂੰ ਵਿੱਤੀ ਪ੍ਰਬੰਧਨ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ, ਖਾਸ ਤੌਰ 'ਤੇ ਪੰਜਾਬ ਵਿੱਚ, ਜਿੱਥੇ ਮੁਫਤ ਸਕੀਮਾਂ ਨੇ ਸਰਕਾਰ ਦੇ ਵਿੱਤੀ ਸਰੋਤਾਂ 'ਤੇ ਦਬਾਅ ਪਾਇਆ ਹੈ।

ਆਮ ਆਦਮੀ ਪਾਰਟੀ ਨੇ ਅਨਮੋਲ ਗਗਨ ਮਾਨ ਦੇ ਮਾਮਲੇ ਨੂੰ ਸਮੇਂ ਸਿਰ ਸੁਲਝਾਅ ਕੇ ਸਿਆਸੀ ਪਿੱਚ 'ਤੇ ਹਿੱਟ ਵਿਕਟ ਤੋਂ ਬਚਣ ਦੀ ਸਮਰੱਥਾ ਦਿਖਾਈ ਹੈ; ਪਰ ਪੰਜਾਬ ਅਤੇ ਦਿੱਲੀ ਵਿੱਚ ਅੰਦਰੂਨੀ ਖਿੱਚੋਤਾਣ ਤੇ ਵਿੱਤੀ ਚੁਣੌਤੀਆਂ ਨੇ ਪਾਰਟੀ ਦੀ ਰਣਨੀਤੀ ਨੂੰ ਜਟਿਲ ਕਰ ਦਿੱਤਾ ਹੈ। 2027 ਦੀਆਂ ਚੋਣਾਂ ਵਿੱਚ ਸਫਲਤਾ ਹਾਸਲ ਕਰਨ ਲਈ 'ਆਪ' ਨੂੰ ਅੰਦਰੂਨੀ ਇਕਜੁੱਟਤਾ, ਵਿੱਤੀ ਪ੍ਰਬੰਧਨ ਅਤੇ ਜਨਤਕ ਸਮਰਥਨ ਨੂੰ ਮਜ਼ਬੂਤ ਕਰਨ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ। ਜੇਕਰ ਪਾਰਟੀ ਇਨ੍ਹਾਂ ਚੁਣੌਤੀਆਂ ਨੂੰ ਸਫਲਤਾਪੂਰਵਕ ਹੱਲ ਕਰ ਲੈਂਦੀ ਹੈ, ਤਾਂ ਇਹ ਨਾ ਸਿਰਫ ਪੰਜਾਬ ਵਿੱਚ ਸਰਕਾਰ ਨੂੰ ਕਾਇਮ ਰੱਖ ਸਕਦੀ ਹੈ, ਸਗੋਂ ਰਾਸ਼ਟਰੀ ਪੱਧਰ 'ਤੇ ਵੀ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਸਕਦੀ ਹੈ।

# ਮੁਫਤ ਬੱਸ ਸਫਰ ਬਣਿਆ ਪੀ.ਆਰ.ਟੀ.ਸੀ. ਲਈ ਗਲੇ ਦੀ ਹੱਡੀ

## ਵਿੱਤੀ ਸੰਕਟ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.), ਜੋ ਕਿ ਪੰਜਾਬ ਦੀ ਜਨਤਾ ਲਈ ਜਨਤਕ ਆਵਾਜਾਈ ਦਾ ਮੁੱਖ ਸਾਧਨ ਹੈ, ਇਸ ਸਮੇਂ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰ ਦੀ ਮੁਫਤ ਬੱਸ ਸਫਰ ਸਕੀਮ, ਜੋ ਖਾਸ ਤੌਰ 'ਤੇ ਔਰਤਾਂ ਲਈ ਸ਼ੁਰੂ ਕੀਤੀ ਗਈ ਸੀ, ਪੀ.ਆਰ.ਟੀ.ਸੀ. ਲਈ ਵਿੱਤੀ ਬੋਝ ਬਣ ਗਈ ਹੈ। ਇਸ ਸਕੀਮ ਦੇ ਬਕਾਏ ਦੀ ਰਕਮ 700 ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜਿਸ ਕਾਰਨ ਮੁਲਾਜ਼ਮਾਂ ਨੂੰ ਨਾ ਸਿਰਫ ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ ਹਨ, ਸਗੋਂ ਸੇਵਾਮੁਕਤੀ ਲਾਭ ਅਤੇ ਹੋਰ ਬਕਾਏ ਵੀ ਅਟਕੇ ਹੋਏ ਹਨ। ਇਸ ਲੇਖ ਵਿੱਚ ਅਸੀਂ ਪੀ.ਆਰ.ਟੀ.ਸੀ. ਦੇ ਵਿੱਤੀ ਸੰਕਟ ਦੇ ਕਾਰਨਾਂ, ਪ੍ਰਭਾਵਾਂ ਅਤੇ ਸੰਭਾਵੀ ਹੱਲਾਂ 'ਤੇ ਵਿਸਥਾਰ ਨਾਲ ਚਰਚਾ ਕਰਾਂਗੇ।

ਪੀ.ਆਰ.ਟੀ.ਸੀ. ਦੀ ਵਿੱਤੀ ਸਥਿਤੀ ਪਿਛਲੇ ਕੁਝ ਸਾਲਾਂ ਵਿੱਚ ਲਗਾਤਾਰ ਖਰਾਬ ਹੋਈ ਹੈ। ਸਰਕਾਰ ਵੱਲੋਂ ਮੁਫਤ ਬੱਸ ਸਫਰ ਸਕੀਮ ਦੇ ਤਹਿਤ ਪੀ.ਆਰ.ਟੀ.ਸੀ. ਨੂੰ 700 ਕਰੋੜ ਰੁਪਏ ਦਾ ਬਕਾਇਆ ਨਹੀਂ ਮਿਲਿਆ। ਇਸ ਦੇ ਨਾਲ ਹੀ, ਸੇਵਾਮੁਕਤੀ ਲਾਭਾਂ ਅਤੇ ਹੋਰ ਬਕਾਇਆਂ ਦੀ ਰਕਮ 170 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਪੀ.ਆਰ.ਟੀ.ਸੀ. ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ, ਹਰ ਮਹੀਨੇ ਤਨਖਾਹਾਂ ਅਤੇ ਪੈਨਸ਼ਨਾਂ ਲਈ ਲਗਭਗ 30 ਕਰੋੜ ਰੁਪਏ ਦੀ ਜ਼ਰੂਰਤ ਹੁੰਦੀ ਹੈ, ਪਰ ਸਰਕਾਰ ਵੱਲੋਂ ਮੁਫਤ ਸਫਰ ਸਕੀਮ ਲਈ ਸਿਰਫ 22-28 ਕਰੋੜ ਰੁਪਏ ਹੀ ਜਾਰੀ ਕੀਤੇ ਜਾਂਦੇ ਹਨ। ਜੁਲਾਈ 2025 ਵਿੱਚ ਸਥਿਤੀ ਹੋਰ ਵਿਗੜ ਗਈ, ਜਦੋਂ ਸਿਰਫ 22 ਕਰੋੜ ਰੁਪਏ ਮਿਲੇ, ਜਿਸ ਕਾਰਨ ਰੈਗੂਲਰ ਮੁਲਾਜ਼ਮਾਂ ਨੂੰ ਤਨਖਾਹਾਂ ਦਾ ਭੁਗਤਾਨ ਨਹੀਂ ਹੋ ਸਕਿਆ।

ਪੀ.ਆਰ.ਟੀ.ਸੀ. ਦੇ ਬੇੜੇ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕੋਈ ਨਵੀਂ ਬੱਸ ਸ਼ਾਮਲ ਨਹੀਂ ਹੋਈ। ਇਸ ਦੇ ਨਤੀਜੇ ਵਜੋਂ ਪੁਰਾਣੀਆਂ ਬੱਸਾਂ ਦੀ ਮੁਰੰਮਤ ਅਤੇ ਰੱਖ-ਰਖਾਅ ਦਾ ਖਰਚ ਵੀ ਵਧ ਗਿਆ ਹੈ, ਜੋ ਸੰਸਥਾ ਦੇ ਵਿੱਤੀ ਸਰੋਤਾਂ 'ਤੇ ਹੋਰ ਦਬਾਅ ਪਾ ਰਿਹਾ ਹੈ। ਸੂਤਰਾਂ ਅਨੁਸਾਰ, ਪੀ.ਆਰ.ਟੀ.ਸੀ. ਦੀਆਂ 60% ਤੋਂ ਵੱਧ ਬੱਸਾਂ 10 ਸਾਲ ਤੋਂ ਪੁਰਾਣੀਆਂ ਹਨ ਅਤੇ ਇਨ੍ਹਾਂ ਦੀ ਮੁਰੰਮਤ 'ਤੇ ਸਾਲਾਨਾ 50 ਕਰੋੜ ਰੁਪਏ ਤੋਂ ਵੱਧ ਖਰਚ ਹੋ ਰਿਹਾ ਹੈ।

ਪੰਜਾਬ ਸਰਕਾਰ ਨੇ 2021 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਔਰਤਾਂ ਲਈ ਮੁਫਤ ਬੱਸ ਸਫਰ ਸਕੀਮ ਸ਼ੁਰੂ ਕੀਤੀ ਸੀ। ਇਸ ਸਕੀਮ ਦਾ ਮਕਸਦ ਸੀ ਔਰਤਾਂ ਨੂੰ ਸਸਤੀ ਅਤੇ ਸੁਰੱਖਿਅਤ ਆਵਾਜਾਈ ਮੁਹੱਈਆ ਕਰਵਾਉਣਾ। ਸਕੀਮ ਸ਼ੁਰੂ ਹੋਣ ਤੋਂ ਬਾਅਦ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਸਾਫਰਾਂ ਦੀ ਗਿਣਤੀ ਵਿੱਚ 30% ਤੱਕ ਦਾ ਵਾਧਾ ਹੋਇਆ, ਪਰ ਸਰਕਾਰ ਵੱਲੋਂ ਇਸ ਸਕੀਮ ਦੇ ਬਕਾਏ ਦਾ ਭੁਗਤਾਨ ਨਿਯਮਤ ਨਹੀਂ ਹੋ ਸਕਿਆ। ਸੂਤਰਾਂ ਅਨੁਸਾਰ, ਸਕੀਮ ਦੇ ਸ਼ੁਰੂਆਤੀ ਸਾਲ ਵਿੱਚ ਹੀ 200 ਕਰੋੜ ਰੁਪਏ ਦਾ ਬਕਾਇਆ ਜਮ੍ਹਾ ਹੋ ਗਿਆ ਸੀ, ਜੋ ਹੁਣ 700 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਇਸ ਸਕੀਮ ਦੇ ਪ੍ਰਭਾਵ ਨੇ ਪੀ.ਆਰ.ਟੀ.ਸੀ. ਦੀਆਂ ਸੇਵਾਵਾਂ 'ਤੇ ਵੀ ਅਸਰ ਪਾਇਆ ਹੈ। ਮੁਫਤ ਸਫਰ ਦੀ ਸਹੂਲਤ ਕਾਰਨ ਬੱਸਾਂ ਵਿੱਚ ਭੀੜ ਵਧ ਗਈ ਹੈ, ਜਿਸ ਨਾਲ ਸੀਟਾਂ ਦੀ ਉਪਲਬਧਤਾ ਘਟੀ ਹੈ ਅਤੇ ਭੁਗਤਾਨ ਕਰਨ ਵਾਲੇ ਮੁਸਾਫਰਾਂ ਵਿੱਚ ਨਾਰਾਜ਼ਗੀ ਵਧੀ ਹੈ। ਸੂਤਰਾਂ ਅਨੁਸਾਰ, ਪੀ.ਆਰ.ਟੀ.ਸੀ. ਦੀ ਮਾਸਿਕ ਆਮਦਨ ਵਿੱਚ 15-20% ਦੀ ਕਮੀ ਆਈ ਹੈ, ਕਿਉਂਕਿ ਮੁਫਤ ਸਫਰ ਸਕੀਮ ਦੇ ਤਹਿਤ ਮੁਸਾਫਰਾਂ ਦੀ ਵੱਡੀ ਗਿਣਤੀ ਨੇ ਟਿਕਟਾਂ ਖਰੀਦਣੀਆਂ ਬੰਦ ਕਰ ਦਿੱਤੀਆਂ।

ਪੀ.ਆਰ.ਟੀ.ਸੀ. ਵਿੱਚ ਇਸ ਸਮੇਂ ਲਗਭਗ 700 ਰੈਗੂਲਰ ਮੁਲਾਜ਼ਮ, 1200 ਠੇਕਾ ਮੁਲਾਜ਼ਮ ਅਤੇ 500 ਪੈਨਸ਼ਨਰ ਹਨ। ਜੁਲਾਈ 2025 ਦੀ ਤਨਖਾਹ ਅਜੇ ਤੱਕ ਰੈਗੂਲਰ ਮੁਲਾਜ਼ਮਾਂ ਨੂੰ ਨਹੀਂ ਮਿਲੀ, ਜਦਕਿ ਧਰਨਿਆਂ ਅਤੇ ਪ੍ਰਦਰਸ਼ਨਾਂ ਤੋਂ ਬਾਅਦ ਠੇਕਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 17 ਜੁਲਾਈ ਨੂੰ ਤਨਖਾਹ ਮਿਲ ਗਈ। ਇਸ ਅਸਮਾਨਤਾ ਨੇ ਮੁਲਾਜ਼ਮਾਂ ਵਿੱਚ ਨਾਰਾਜ਼ਗੀ ਨੂੰ ਹੋਰ ਵਧਾ ਦਿੱਤਾ ਹੈ।

ਮੁਲਾਜ਼ਮ ਆਗੂ ਉਤਮ ਸਿੰਘ ਬਾਗੜੀ ਅਤੇ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਮੇਂ ਸਿਰ ਤਨਖਾਹ ਨਾ ਮਿਲਣ ਕਾਰਨ ਮੁਲਾਜ਼ਮਾਂ ਨੂੰ ਆਰਥਿਕ ਅਤੇ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਸਾਰੇ ਮੁਲਾਜ਼ਮ ਆਪਣੇ ਪਰਿਵਾਰਾਂ ਦੀਆਂ ਮੁਢਲੀਆਂ ਜ਼ਰੂਰਤਾਂ, ਜਿਵੇਂ ਕਿ ਸਕੂਲ ਦੀਆਂ ਫੀਸਾਂ, ਘਰ ਦਾ ਕਿਰਾਇਆ ਅਤੇ ਮੈਡੀਕਲ ਖਰਚੇ, ਪੂਰੇ ਕਰਨ ਵਿੱਚ ਅਸਮਰੱਥ ਹਨ। ਸੂਤਰਾਂ ਅਨੁਸਾਰ, ਪਿਛਲੇ ਇੱਕ ਸਾਲ ਵਿੱਚ ਤਨਖਾਹਾਂ ਵਿੱਚ ਦੇਰੀ ਦੀਆਂ ਘਟਨਾਵਾਂ ਵਿੱਚ 40% ਦਾ ਵਾਧਾ ਹੋਇਆ ਹੈ।

ਸਰਕਾਰ ਦਾ ਰਵੱਈਆ ਪੀ.ਆਰ.ਟੀ.ਸੀ. ਦੀਆਂ ਮੁਸ਼ਕਿਲਾਂ ਦਾ ਮੁੱਖ ਕਾਰਨ ਬਣਿਆ ਹੋਇਆ ਹੈ। ਮੁਫਤ ਬੱਸ ਸਫਰ ਸਕੀਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਸਰਕਾਰ ਨੇ ਬਕਾਇਆ ਰਕਮ ਦਾ ਨਿਯਮਤ ਭੁਗਤਾਨ ਨਹੀਂ ਕੀਤਾ। ਇੱਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਨੂੰ ਹਰ ਮਹੀਨੇ 27-28 ਕਰੋੜ ਰੁਪਏ ਜਾਰੀ ਕਰਨੇ ਚਾਹੀਦੇ ਹਨ, ਪਰ ਜੁਲਾਈ 2025 ਵਿੱਚ ਸਿਰਫ 22 ਕਰੋੜ ਰੁਪਏ ਮਿਲੇ। ਸਰਕਾਰ ਨੇ ਵਾਅਦਾ ਕੀਤਾ ਹੈ ਸੀ ਕਿ ਸ਼ੁੱਕਰਵਾਰ, 25 ਜੁਲਾਈ 2025 ਤੱਕ 5.43 ਕਰੋੜ ਰੁਪਏ ਦੀ ਵਾਧੂ ਰਕਮ ਜਾਰੀ ਕਰ ਦਿੱਤੀ ਜਾਵੇਗੀ, ਪਰ ਮੁਲਾਜ਼ਮਾਂ ਦਾ ਸਬਰ ਹੁਣ ਟੁੱਟ ਰਿਹਾ ਹੈ।




ਗੁੱਸੇ ਵਿੱਚ ਆਏ ਮੁਲਾਜ਼ਮਾਂ ਨੇ ਪੀ.ਆਰ.ਟੀ.ਸੀ. ਦੇ ਹੈੱਡ ਆਫਿਸ ਦੇ ਬਾਹਰ ਧਰਨਾ ਦੇਣ ਦਾ ਐਲਾਨ ਕੀਤਾ ਹੈ। ਮੁਲਾਜ਼ਮ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਬਕਾਇਆ ਰਕਮ ਜਲਦੀ ਜਾਰੀ ਨਾ ਕੀਤੀ ਗਈ, ਤਾਂ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾਣਗੇ। ਸੂਤਰਾਂ ਅਨੁਸਾਰ, ਪਿਛਲੇ ਇੱਕ ਸਾਲ ਵਿੱਚ ਮੁਲਾਜ਼ਮਾਂ ਦੇ ਪ੍ਰਦਰਸ਼ਨਾਂ ਦੀ ਗਿਣਤੀ ਵਿੱਚ 25% ਦਾ ਵਾਧਾ ਹੋਇਆ ਹੈ, ਜੋ ਸਰਕਾਰ ਅਤੇ ਪੀ.ਆਰ.ਟੀ.ਸੀ. ਪ੍ਰਬੰਧਕਾਂ ਵਿਚਕਾਰ ਤਣਾਅ ਨੂੰ ਦਰਸਾਉਂਦਾ ਹੈ।

ਪੀ.ਆਰ.ਟੀ.ਸੀ. ਦੇ ਵਿੱਤੀ ਸੰਕਟ ਨੂੰ ਹੱਲ ਕਰਨ ਲਈ ਸਰਕਾਰ ਅਤੇ ਪ੍ਰਬੰਧਕਾਂ ਨੂੰ ਮਿਲ ਕੇ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ ਸਰਕਾਰ ਨੂੰ ਮੁਫਤ ਬੱਸ ਸਫਰ ਸਕੀਮ ਦੇ ਬਕਾਏ ਦੀ ਰਕਮ ਨੂੰ ਜਲਦੀ ਤੋਂ ਜਲਦੀ ਜਾਰੀ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਕੀਮ ਦੀ ਸਮੀਖਿਆ ਕਰਕੇ ਇਸ ਨੂੰ ਵਧੇਰੇ ਵਿੱਤੀ ਤੌਰ 'ਤੇ ਟਿਕਾਊ ਬਣਾਉਣ ਦੀ ਜ਼ਰੂਰਤ ਹੈ। ਮਿਸਾਲ ਵਜੋਂ, ਸਕੀਮ ਦੇ ਦਾਇਰੇ ਨੂੰ ਸੀਮਤ ਕਰਕੇ ਸਿਰਫ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੱਕ ਸੀਮਤ ਕੀਤਾ ਜਾ ਸਕਦਾ ਹੈ।

ਦੂਜਾ, ਪੀ.ਆਰ.ਟੀ.ਸੀ. ਨੂੰ ਆਪਣੀ ਆਮਦਨ ਵਧਾਉਣ ਲਈ ਨਵੇਂ ਸਰੋਤ ਖੋਜਣੇ ਚਾਹੀਦੇ ਹਨ। ਮਿਸਾਲ ਵਜੋਂ, ਪੀ.ਆਰ.ਟੀ.ਸੀ. ਵੱਲੋਂ ਆਪਣੀਆਂ ਬੱਸਾਂ 'ਤੇ ਵਿਗਿਆਪਨ ਦੀ ਸਹੂਲਤ ਸ਼ੁਰੂ ਕਰਕੇ ਸਾਲਾਨਾ 10-15 ਕਰੋੜ ਰੁਪਏ ਦੀ ਵਾਧੂ ਆਮਦਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬੱਸ ਸਟੈਂਡਾਂ 'ਤੇ ਵਪਾਰਕ ਸਹੂਲਤਾਂ ਜਿਵੇਂ ਕਿ ਦੁਕਾਨਾਂ ਅਤੇ ਖਾਣ-ਪੀਣ ਦੇ ਸਟਾਲ ਵੀ ਵਾਧੂ ਆਮਦਨ ਦਾ ਸਰੋਤ ਬਣ ਸਕਦੇ ਹਨ।

ਤੀਜਾ, ਪੀ.ਆਰ.ਟੀ.ਸੀ. ਨੂੰ ਆਪਣੇ ਬੇੜੇ ਦਾ ਆਧੁਨਿਕੀਕਰਨ ਕਰਨ ਦੀ ਜ਼ਰੂਰਤ ਹੈ। ਨਵੀਆਂ ਅਤੇ ਵਾਤਾਵਰਣ ਅਨੁਕੂਲ ਬੱਸਾਂ ਸ਼ਾਮਲ ਕਰਕੇ ਨਾ ਸਿਰਫ ਰੱਖ-ਰਖਾਅ ਦਾ ਖਰਚ ਘਟਾਇਆ ਜਾ ਸਕਦਾ ਹੈ, ਸਗੋਂ ਮੁਸਾਫਰਾਂ ਦੀ ਸੰਤੁਸ਼ਟੀ ਵੀ ਵਧਾਈ ਜਾ ਸਕਦੀ ਹੈ। ਸਰਕਾਰ ਵੱਲੋਂ ਸਬਸਿਡੀ ਜਾਂ ਵਿਸ਼ੇਸ਼ ਫੰਡ ਜਾਰੀ ਕਰਕੇ ਇਸ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਸਕਦਾ ਹੈ।

ਪੀ.ਆਰ.ਟੀ.ਸੀ. ਦਾ ਵਿੱਤੀ ਸੰਕਟ ਨਾ ਸਿਰਫ ਸੰਸਥਾ ਦੀ ਕਾਰਜਕੁਸ਼ਲਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਹਜ਼ਾਰਾਂ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਜ਼ਿੰਦਗੀ 'ਤੇ ਵੀ ਬੁਰਾ ਅਸਰ ਪਾ ਰਿਹਾ ਹੈ। ਸਰਕਾਰ ਅਤੇ ਪੀ.ਆਰ.ਟੀ.ਸੀ. ਪ੍ਰਬੰਧਕਾਂ ਨੂੰ ਮਿਲ ਕੇ ਇਸ ਸੰਕਟ ਦਾ ਹੱਲ ਲੱਭਣ ਦੀ ਜ਼ਰੂਰਤ ਹੈ। ਮੁਫਤ ਬੱਸ ਸਫਰ ਸਕੀਮ ਦੀ ਸਮੀਖਿਆ, ਬਕਾਇਆ ਰਕਮ ਦਾ ਜਲਦੀ ਭੁਗਤਾਨ ਅਤੇ ਨਵੇਂ ਆਮਦਨੀ ਸਰੋਤਾਂ ਦੀ ਖੋਜ ਇਸ ਸਮੱਸਿਆ ਦੇ ਹੱਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ। ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ, ਤਾਂ ਪੀ.ਆਰ.ਟੀ.ਸੀ. ਦੀਆਂ ਸੇਵਾਵਾਂ ਅਤੇ ਮੁਲਾਜ਼ਮਾਂ ਦਾ ਮਨੋਬਲ ਹੋਰ ਡਿੱਗ ਸਕਦਾ ਹੈ, ਜੋ ਪੰਜਾਬ ਦੀ ਜਨਤਕ ਆਵਾਜਾਈ ਪ੍ਰਣਾਲੀ ਲਈ ਵੱਡਾ ਝਟਕਾ ਸਾਬਤ ਹੋਵੇਗਾ।

# ਕੈਨੇਡਾ ਨੇ ਬਦਲੇ ਨਿਯਮ: ਪੰਜਾਬੀਆਂ ‘ਤੇ ਪਵੇਗਾ ਸਭ ਤੋਂ ਵੱਧ ਅਸਰ

## *ਮਾਤਾ-ਪਿਤਾ ਦੀ ਪੀ.ਆਰ. ਲਈ ਹੁਣ ਘੱਟੋ-ਘੱਟ ਆਮਦਨ ਵਿੱਚ ਤਬਦੀਲੀ

**ਪੰਜਾਬੀ ਪਰਵਾਜ਼ ਬਿਊਰੋ**

ਕੈਨੇਡਾ ਸਰਕਾਰ ਨੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਜਾਂ ਪੜਦਾਦਾ-ਪੜਦਾਦੀ ਨੂੰ ਸਥਾਈ ਨਿਵਾਸ (ਪੀ.ਆਰ.) ਦੇਣ ਦੇ ਨਿਯਮਾਂ ਵਿੱਚ ਤਬਦੀਲੀ ਕੀਤੀ ਹੈ, ਜਿਸ ਦਾ ਸਭ ਤੋਂ ਵੱਧ ਅਸਰ ਪੰਜਾਬੀ ਮੂਲ ਦੇ ਪਰਵਾਸੀਆਂ ‘ਤੇ ਪਵੇਗਾ। ਸੁਪਰ ਵੀਜ਼ਾ ਦੇ ਜ਼ਰੀਏ ਪਰਵਾਸੀਆਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਾਂ ਪੜਦਾਦਾ-ਪੜਦਾਦੀ ਕੈਨੇਡਾ ਵਿੱਚ ਪੰਜ ਸਾਲ ਤੱਕ ਰਹਿ ਸਕਦੇ ਹਨ, ਅਤੇ ਇਸ ਮਿਆਦ ਨੂੰ ਦੋ ਸਾਲ ਹੋਰ ਵਧਾਇਆ ਜਾ ਸਕਦਾ ਹੈ। ਹੁਣ ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ ਦੇ ਤਹਿਤ ਪੀ.ਆਰ. ਲਈ ਘੱਟੋ-ਘੱਟ ਆਮਦਨ ਦੀ ਸੀਮਾ ਵਧਾ ਦਿੱਤੀ ਗਈ ਹੈ, ਜਿਸ ਨਾਲ ਬਹੁਤ ਸਾਰੇ ਪੰਜਾਬੀ ਪਰਵਾਸੀਆਂ ਦੀਆਂ ਅਰਜ਼ੀਆਂ ਅਟਕਣ ਦੀ ਸੰਭਾਵਨਾ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਵਿਭਾਗ ਅਨੁਸਾਰ, ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ ਦੇ ਤਹਿਤ ਪੀ.ਆਰ. ਵਾਲੇ ਕੈਨੇਡੀਅਨ ਨਾਗਰਿਕਾਂ ਜਾਂ ਸਥਾਈ ਨਿਵਾਸੀਆਂ ਲਈ ਘੱਟੋ-ਘੱਟ ਸਾਲਾਨਾ ਆਮਦਨ ਦੀ ਸੀਮਾ 47,549 ਕੈਨੇਡੀਅਨ ਡਾਲਰ ਨਿਰਧਾਰਤ ਕੀਤੀ ਗਈ ਹੈ। ਇਹ ਰਕਮ ਪਿਛਲੇ ਸਾਲ ਦੀ ਸੀਮਾ ਨਾਲੋਂ ਲਗਭਗ 8% ਜ਼ਿਆਦਾ ਹੈ ਅਤੇ ਇਹ ਸੀਮਾ ਸਿਰਫ ਉਦੋਂ ਲਾਗੂ ਹੁੰਦੀ ਹੈ, ਜਦੋਂ ਪਰਿਵਾਰ ਵਿੱਚ ਸਿਰਫ ਦੋ ਮੈਂਬਰ ਹੋਣ। ਜੇ ਪਰਿਵਾਰ ਵਿੱਚ ਤਿੰਨ ਮੈਂਬਰ ਹਨ, ਤਾਂ ਸਾਲਾਨਾ ਆਮਦਨ ਦੀ ਸੀਮਾ 58,456 ਕੈਨੇਡੀਅਨ ਡਾਲਰ ਹੋ ਜਾਂਦੀ ਹੈ, ਜੋ 2024 ਦੀ ਸੀਮਾ ਨਾਲੋਂ 8% ਵੱਧ ਹੈ।

ਇਸੇ ਤਰ੍ਹਾਂ ਭਾਰਤ ਤੋਂ ਆਪਣੇ ਮਾਤਾ-ਪਿਤਾ ਨੂੰ ਪੀ.ਆਰ. ਦੀ ਅਰਜ਼ੀ ਦੁਆਉਣ ਵਾਲੇ ਚਾਰ ਮੈਂਬਰਾਂ ਵਾਲੇ ਪਰਿਵਾਰ ਲਈ ਸਾਲਾਨਾ ਆਮਦਨ 71,000 ਕੈਨੇਡੀਅਨ ਡਾਲਰ ਹੋਣੀ ਚਾਹੀਦੀ ਹੈ। ਇਸ ਤਬਦੀਲੀ ਨੇ ਪਰਵਾਸੀ ਪੰਜਾਬੀਆਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਕਿਉਂਕਿ ਪੰਜਾਬੀ ਮੂਲ ਦੇ ਲੋਕ ਹੀ ਇਸ ਪ੍ਰੋਗਰਾਮ ਦਾ ਸਭ ਤੋਂ ਵੱਧ ਲਾਭ ਉਠਾਉਂਦੇ ਹਨ।

ਪੰਜਾਬੀ ਮੂਲ ਦੇ ਪਰਵਾਸੀਆਂ ਨੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ ਦੇ ਤਹਿਤ ਵੱਡੀ ਗਿਣਤੀ ਵਿੱਚ ਅਰਜ਼ੀਆਂ ਦਾਇਰ ਕੀਤੀਆਂ ਹਨ। ਸੂਤਰਾਂ ਅਨੁਸਾਰ, 2023 ਦੇ ਅੰਤ ਤੱਕ ਇਸ ਸ਼੍ਰੇਣੀ ਵਿੱਚ 40,000 ਤੋਂ ਵੱਧ ਪੀ.ਆਰ. ਲਈ ਅਰਜ਼ੀਆਂ ਪੈਂਡਿੰਗ ਸਨ, ਜਿਨ੍ਹਾਂ ਵਿੱਚੋਂ 60% ਤੋਂ ਵੱਧ ਪੰਜਾਬੀ ਮੂਲ ਦੇ ਪਰਵਾਸੀਆਂ ਦੀਆਂ ਸਨ। ਨਵੀਂ ਆਮਦਨ ਸੀਮਾ ਦੇ ਬਦਲਾਅ ਨਾਲ ਬਹੁਤ ਸਾਰੀਆਂ ਅਰਜ਼ੀਆਂ ਦੇ ਅਟਕਣ ਦੀ ਸੰਭਾਵਨਾ ਹੈ।

ਵੀਜ਼ਾ 24 ਦੀ ਐਮ.ਡੀ. ਪੂਜਾ ਸਚਦੇਵਾ ਨੇ ਕਿਹਾ, “ਇਸ ਨਵੇਂ ਨਿਯਮ ਨਾਲ ਬਹੁਤ ਸਾਰੇ ਅਰਜ਼ੀਕਰਤਾਵਾਂ ਦੀਆਂ ਫਾਈਲਾਂ ਅਟਕ ਜਾਣਗੀਆਂ। ਜਿਨ੍ਹਾਂ ਪਰਵਾਸੀਆਂ ਨੂੰ ਆਪਣੇ ਮਾਤਾ-ਪਿਤਾ ਨੂੰ ਕੈਨੇਡਾ ਬੁਲਾਉਣਾ ਹੈ, ਉਨ੍ਹਾਂ ਨੂੰ ਜਾਂ ਤਾਂ ਆਪਣੀ ਤਨਖਾਹ ਵਧਾਉਣੀ ਪਵੇਗੀ ਜਾਂ ਫਿਰ ਉਚ ਤਨਖਾਹ ਵਾਲੀ ਨੌਕਰੀ ਦੀ ਭਾਲ ਕਰਨੀ ਪਵੇਗੀ।” ਸੂਤਰਾਂ ਅਨੁਸਾਰ, ਪਰਵਾਸੀ ਪੰਜਾਬੀਆਂ ਵਿੱਚੋਂ 40% ਤੋਂ ਵੱਧ ਅਰਜ਼ੀਕਰਤਾ ਨਵੀਂ ਆਮਦਨ ਸੀਮਾ ਨੂੰ ਪੂਰਾ ਨਹੀਂ ਕਰ ਸਕਦੇ, ਜਿਸ ਨਾਲ ਉਨ੍ਹਾਂ ਦੀਆਂ ਅਰਜ਼ੀਆਂ ’ਤੇ ਅਸਰ ਪਵੇਗਾ।

ਸੁਪਰ ਵੀਜ਼ਾ ਪਰਵਾਸੀਆਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਾਂ ਪੜਦਾਦਾ-ਪੜਦਾਦੀ ਨੂੰ ਕੈਨੇਡਾ ਵਿੱਚ ਪੰਜ ਸਾਲ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ, ਅਤੇ ਇਸ ਮਿਆਦ ਨੂੰ ਦੋ ਸਾਲ ਹੋਰ ਵਧਾਇਆ ਜਾ ਸਕਦਾ ਹੈ। 28 ਜੁਲਾਈ 2025 ਤੋਂ ਪੀ.ਆਰ. ਅਰਜ਼ੀਆਂ ਦਾਇਰ ਕਰਨ ਦੇ ਸੱਦੇ ਭੇਜੇ ਜਾਣਗੇ। ਇਸ ਦੇ ਨਾਲ ਹੀ ਇਮੀਗ੍ਰੇਸ਼ਨ ਵਿਭਾਗ ਨੇ 10,000 ਨਵੀਆਂ ਅਰਜ਼ੀਆਂ ਸਵੀਕਾਰ ਕਰਨ ਦਾ ਐਲਾਨ ਕੀਤਾ ਹੈ ਅਤੇ 17,000 ਤੋਂ ਵੱਧ ਸੰਭਾਵੀ ਬੇਨਤੀਕਾਰਾਂ ਨੂੰ ਅਰਜ਼ੀਆਂ ਦਾਇਰ ਕਰਨ ਦੇ ਸੱਦੇ ਭੇਜੇ ਜਾਣਗੇ।

ਜਿਨ੍ਹਾਂ ਪਰਵਾਸੀਆਂ ਨੂੰ 28 ਜੁਲਾਈ ਤੋਂ ਬਾਅਦ ਪੀ.ਆਰ. ਦਾ ਸੱਦਾ ਨਹੀਂ ਮਿਲਦਾ, ਉਨ੍ਹਾਂ ਨੂੰ ਸੁਪਰ ਵੀਜ਼ਾ ਜਾਂ 10 ਸਾਲ ਦੇ ਮਲਟੀਪਲ ਐਂਟਰੀ ਵੀਜ਼ਾ ਦੀ ਚੋਣ ਕਰਨ ਦੀ ਸਲਾਹ ਦਿੱਤੀ ਗਈ ਹੈ। 2023 ਦੀ ਸਾਲਾਨਾ ਇਮੀਗ੍ਰੇਸ਼ਨ ਰਿਪੋਰਟ ਅਨੁਸਾਰ, ਮਾਤਾ-ਪਿਤਾ ਅਤੇ ਦਾਦਾ-ਦਾਦੀ ਸ਼੍ਰੇਣੀ ਵਿੱਚ 40,000 ਤੋਂ ਵੱਧ ਪੀ.ਆਰ. ਅਰਜ਼ੀਆਂ ਪੈਂਡਿੰਗ ਸਨ ਅਤੇ ਇਨ੍ਹਾਂ ਦੀ ਪ੍ਰੋਸੈਸਿੰਗ ਮਿਆਦ ਦੋ ਸਾਲ ਤੱਕ ਹੋ ਸਕਦੀ ਹੈ।

ਕੈਨੇਡਾ ਵਿੱਚ ਵਸਦੇ ਇਮੀਗ੍ਰੇਸ਼ਨ ਮਾਹਿਰ ਪਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਆਮਦਨ ਸੀਮਾ ਵਧਾਉਣ ਦਾ ਮੁੱਖ ਕਾਰਨ ਕੈਨੇਡਾ ਵਿੱਚ ਵਧਦੀ ਮਹਿੰਗਾਈ ਅਤੇ ਮਕਾਨਾਂ ਦੇ ਕਿਰਾਏ ਦੀਆਂ ਉਚੀਆਂ ਦਰਾਂ ਹਨ। ਉਨ੍ਹਾਂ ਨੇ ਕਿਹਾ, “ਜੇ ਅਰਜ਼ੀਕਰਤਾ ਦੀ ਆਮਦਨ ਉਚਿਤ ਨਹੀਂ ਹੈ, ਤਾਂ ਉਹ ਆਪਣੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਦੀ ਦੇਖਭਾਲ ਕਿਵੇਂ ਕਰ ਸਕਦਾ ਹੈ?” ਸੂਤਰਾਂ ਅਨੁਸਾਰ, 2024-25 ਵਿੱਚ ਕੈਨੇਡਾ ਵਿੱਚ ਮਹਿੰਗਾਈ ਦਰ 3.5% ਤੱਕ ਪਹੁੰਚ ਗਈ ਹੈ ਅਤੇ ਮਕਾਨਾਂ ਦੇ ਕਿਰਾਏ ਵਿੱਚ 10-12% ਦਾ ਵਾਧਾ ਹੋਇਆ ਹੈ। ਇਸ ਨੇ ਸਰਕਾਰ ਨੂੰ ਪੀ.ਆਰ. ਨਿਯਮਾਂ ਨੂੰ ਸਖਤ ਕਰਨ ਲਈ ਮਜਬੂਰ ਕੀਤਾ ਹੈ।




ਪਰਵਾਸੀ ਪੰਜਾਬੀਆਂ ਲਈ ਇਹ ਨਵੇਂ ਨਿਯਮ ਵੱਡੀ ਚੁਣੌਤੀ ਬਣ ਗਏ ਹਨ। ਸੂਤਰਾਂ ਅਨੁਸਾਰ, ਪੰਜਾਬੀ ਮੂਲ ਦੇ 70% ਤੋਂ ਵੱਧ ਪਰਵਾਸੀ ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ ਦੇ ਤਹਿਤ ਅਰਜ਼ੀਆਂ ਦਾਇਰ ਕਰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬਰੈਂਪਟਨ, ਸਰੀ ਅਤੇ ਵੈਨਕੂਵਰ ਵਰਗੇ ਸ਼ਹਿਰਾਂ ਵਿੱਚ ਵਸਦੇ ਹਨ। ਨਵੀਂ ਆਮਦਨ ਸੀਮਾ ਨੇ ਇਨ੍ਹਾਂ ਪਰਵਾਸੀਆਂ ਦੀਆਂ ਅਰਜ਼ੀਆਂ ਨੂੰ ਪ੍ਰਭਾਵਿਤ ਕੀਤਾ ਹੈ, ਕਿਉਂਕਿ ਬਹੁਤ ਸਾਰੇ ਪਰਵਾਸੀਆਂ ਦੀ ਸਾਲਾਨਾ ਆਮਦਨ 50,000 ਕੈਨੇਡੀਅਨ ਡਾਲਰ ਤੋਂ ਘੱਟ ਹੈ।

ਇਸ ਤੋਂ ਇਲਾਵਾ ਕੈਨੇਡਾ ਦੇ ਸ਼ਹਿਰਾਂ ਵਿੱਚ ਰਹਿਣ ਦੀ ਉਚੀ ਲਾਗਤ ਨੇ ਪਰਵਾਸੀਆਂ ਦੀਆਂ ਮੁਸ਼ਕਿਲਾਂ ਨੂੰ ਹੋਰ ਵਧਾ ਦਿੱਤਾ ਹੈ। ਮਿਸਾਲ ਵਜੋਂ, ਬਰੈਂਪਟਨ ਵਿੱਚ ਇੱਕ ਦੋ-ਬੈਡਰੂਮ ਮਕਾਨ ਦਾ ਮਹੀਨਾਵਾਰ ਕਿਰਾਇਆ 2000 ਤੋਂ 2500 ਕੈਨੇਡੀਅਨ ਡਾਲਰ ਤੱਕ ਹੈ, ਜੋ ਇੱਕ ਔਸਤ ਪਰਵਾਸੀ ਪਰਿਵਾਰ ਦੀ ਆਮਦਨ ਦਾ ਵੱਡਾ ਹਿੱਸਾ ਹੈ। ਇਸ ਸਥਿਤੀ ਵਿੱਚ ਨਵੀਂ ਆਮਦਨ ਸੀਮਾ ਨੂੰ ਪੂਰਾ ਕਰਨਾ ਬਹੁਤ ਸਾਰੇ ਪਰਵਾਸੀ ਪੰਜਾਬੀਆਂ ਲਈ ਅਸੰਭਵ ਹੋ ਗਿਆ ਹੈ।

ਇਸ ਸੰਕਟ ਨੂੰ ਹੱਲ ਕਰਨ ਲਈ ਪਰਵਾਸੀਆਂ ਨੂੰ ਕੁਝ ਵਿਕਲਪ ਚੁਣਨ ਦੀ ਸਲਾਹ ਦਿੱਤੀ ਜਾ ਰਹੀ ਹੈ। ਪਹਿਲਾਂ, ਜਿਨ੍ਹਾਂ ਅਰਜ਼ੀਕਰਤਾਵਾਂ ਨੂੰ ਪੀ.ਆਰ. ਦਾ ਸੱਦਾ ਨਹੀਂ ਮਿਲਦਾ, ਉਹ ਸੁਪਰ ਵੀਜ਼ਾ ਜਾਂ 10 ਸਾਲ ਦਾ ਮਲਟੀਪਲ ਐਂਟਰੀ ਵੀਜ਼ਾ ਚੁਣ ਸਕਦੇ ਹਨ। ਸੁਪਰ ਵੀਜ਼ਾ ਦੀ ਪ੍ਰਕਿਰਿਆ ਤੇਜ਼ ਹੈ ਅਤੇ ਇਸ ਦੀ ਪ੍ਰੋਸੈਸਿੰਗ ਮਿਆਦ 6 ਤੋਂ 12 ਮਹੀਨਿਆਂ ਦੀ ਹੈ, ਜਦਕਿ ਪੀ.ਆਰ. ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਦੋ ਸਾਲ ਜਾਂ ਇਸ ਤੋਂ ਵੱਧ ਸਮਾਂ ਲੱਗ ਸਕਦਾ ਹੈ।

ਦੂਜਾ, ਪਰਵਾਸੀਆਂ ਨੂੰ ਆਪਣੀ ਆਮਦਨ ਵਧਾਉਣ ਲਈ ਨਵੀਆਂ ਨੌਕਰੀਆਂ ਜਾਂ ਵਾਧੂ ਕੰਮ ਦੀ ਭਾਲ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਸੂਤਰਾਂ ਅਨੁਸਾਰ, ਕੈਨੇਡਾ ਵਿੱਚ ਸਿਹਤ ਸੰਭਾਲ, ਆਈ.ਟੀ. ਅਤੇ ਨਿਰਮਾਣ ਸੈਕਟਰ ਵਿੱਚ ਨੌਕਰੀਆਂ ਦੀ ਮੰਗ ਵਧੀ ਹੈ, ਜਿੱਥੇ ਸਾਲਾਨਾ 60,000 ਤੋਂ 80,000 ਕੈਨੇਡੀਅਨ ਡਾਲਰ ਦੀ ਆਮਦਨ ਵਾਲੀਆਂ ਨੌਕਰੀਆਂ ਉਪਲਬਧ ਹਨ।

ਤੀਜਾ, ਕੈਨੇਡਾ ਸਰਕਾਰ ਨੂੰ ਇਸ ਪ੍ਰੋਗਰਾਮ ਦੀ ਸਮੀਖਿਆ ਕਰਕੇ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਣ ਦੀ ਜ਼ਰੂਰਤ ਹੈ। ਭਾਈਚਾਰਕ ਸੰਗਠਨਾਂ ਨੇ ਮੰਗ ਕੀਤੀ ਹੈ ਕਿ ਆਮਦਨ ਸੀਮਾ ਨੂੰ ਖੇਤਰੀ ਅਤੇ ਸਮੁਦਾਇਕ ਆਧਾਰ ‘ਤੇ ਵਿਚਾਰਿਆ ਜਾਵੇ, ਕਿਉਂਕਿ ਵੱਖ-ਵੱਖ ਸ਼ਹਿਰਾਂ ਵਿੱਚ ਰਹਿਣ ਦੀ ਲਾਗਤ ਵਿੱਚ ਵੱਡਾ ਅੰਤਰ ਹੈ।

ਕੈਨੇਡਾ ਸਰਕਾਰ ਦੇ ਨਵੇਂ ਨਿਯਮਾਂ ਨੇ ਪਰਵਾਸੀ ਪੰਜਾਬੀਆਂ ਨੂੰ ਵੱਡੀ ਚੁਣੌਤੀ ਪੇਸ਼ ਕੀਤੀ ਹੈ। ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ ਦੇ ਤਹਿਤ ਵਧੀ ਹੋਈ ਆਮਦਨ ਸੀਮਾ ਨੇ ਅਰਜ਼ੀਕਰਤਾਵਾਂ ਦੀਆਂ ਮੁਸ਼ਕਿਲਾਂ ਨੂੰ ਵਧਾ ਦਿੱਤਾ ਹੈ, ਅਤੇ ਬਹੁਤ ਸਾਰੀਆਂ ਅਰਜ਼ੀਆਂ ਦੇ ਅਟਕਣ ਦੀ ਸੰਭਾਵਨਾ ਹੈ। ਪੰਜਾਬੀ ਭਾਈਚਾਰਾ, ਜੋ ਇਸ ਪ੍ਰੋਗਰਾਮ ਦਾ ਸਭ ਤੋਂ ਵੱਧ ਲਾਭ ਉਠਾਉਂਦਾ ਹੈ, ਨੂੰ ਹੁਣ ਨਵੀਂ ਰਣਨੀਤੀ ਅਪਣਾਉਣੀ ਪਵੇਗੀ। ਸੁਪਰ ਵੀਜ਼ਾ ਅਤੇ ਮਲਟੀਪਲ ਐਂਟਰੀ ਵੀਜ਼ਾ ਵਰਗੇ ਵਿਕਲਪ ਇੱਕ ਅਸਥਾਈ ਹੱਲ ਹੋ ਸਕਦੇ ਹਨ, ਪਰ ਲੰਬੇ ਸਮੇਂ ਦੀ ਸਫਲਤਾ ਲਈ ਸਰਕਾਰ ਅਤੇ ਪਰਵਾਸੀ ਭਾਈਚਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ।




# ਗਲੋਬਲ ਪੰਜਾਬੀ ਮਿਲਾਪ (ਸ਼ਿਕਾਗੋ)

**ਪੰਜਾਬੀ ਅਖਾਣ**

ਸਨਿਚਰਵਾਰ 16 ਅਗਸਤ 2025 *(ਦੁਪਹਿਰ 2 ਤੋਂ ਸ਼ਾਮ 6 ਵਜੇ ਤੱਕ)*

**Touch Of Spice: 913 W. Irving Park Rd., Itasca, IL 60143**



Surjit Singh Madhopuri, Dr. Atamjit, Dr. Javed Bhatty, Ravinder Sehra, Zulfiqar Naqvi, Dr. Surinder Singh Gill, G. Mustafa Anjum, Abid Rasheed, Kashish Hoshiarpuri

Tahira Rida, Raj Lally, Dr Afzaal Rehman, Master Dharampal Singh Uggi, Sarwan Singh, Amrit Kaur, Prof K S Hundal, Mian Saqlain, Smt. Kirpal Kaur

Rakind Kaur, Gurleen Kaur, Thakar S Basati, Riaz Baber, Bibi Surjit Kaur Gill, Ch. Zafar, Navraaz Kaur, Sajid Chaudhry

**For More Information, Please Contact:**
**Thakar S. Basati 847-736-6092**
**Sajid Chaudhry 773-213-3775**

**Sponsors: PHACA (Pakistan Heritage and Cultural Association) & NKPI (Navraaz K. Productions Inc.)**

# ਸ਼ਿਕਾਗੋ 'ਚ ਪਈ ਪੀ.ਏ.ਓ. ਦੇ ਤੀਆਂ ਦੇ ਮੇਲੇ ਦੀ ਧਮਕ

## *ਰੁਪਿੰਦਰ ਹਾਂਡਾ ਨੇ ਸਟੇਜ ਸੰਭਾਲਦਿਆਂ ਹੀ ਮੇਲਣਾਂ ਨੂੰ ਨੱਚਣ ਲਾਇਆ
## *ਪਹਿਨ-ਪੱਚਰ ਕੇ ਆਈਆਂ ਬੀਬੀਆਂ ਨੇ ਮੇਲੇ ਨੂੰ ਦਿੱਤਾ ਤ੍ਰਿੰਜਣ ਦਾ ਰੂਪ

ਅਨੁਰੀਤ ਕੌਰ ਢਿੱਲੋਂ

**ਸ਼ਿਕਾਗੋ:** ਤੀਆਂ ਦਾ ਮੇਲਾ ਬੀਬੀਆਂ 'ਚ ਤ੍ਰਿੰਜਣਾਂ ਦਾ ਚਾਅ-ਉਤਸ਼ਾਹ ਲੈ ਆਉਂਦਾ ਹੈ, ਤੇ ਉਨ੍ਹਾਂ ਨੂੰ ਸਜਣ-ਸੰਵਰਨ ਦਾ ਮੌਕਾ ਮਿਲ ਜਾਂਦਾ ਹੈ। ਕੁੜੀਆਂ ਦੇ ਚਾਵਾਂ-ਮੁਲਾਰਾਂ, ਰੀਝਾਂ, ਸੱਧਰਾਂ ਅਤੇ ਸਾਂਝਾਂ ਦੀ ਤਰਜ਼ਮਾਨੀ ਕਰਨ ਵਾਲਾ ਇਕਲੌਤਾ ਤਿਉਹਾਰ ਤੀਆਂ ਹਨ। ਇਸੇ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਸ਼ਿਕਾਗੋ ਦੇ ਤੀਆਂ ਦੇ ਮੇਲੇ 'ਚ ਸੋਨੇ 'ਤੇ ਸੁਹਾਗਾ ਉਦੋਂ ਹੋ ਗਿਆ, ਜਦੋਂ ਮੇਲੇ ਵਿੱਚ ਮਸ਼ਹੂਰ ਗਾਇਕਾ ਰੁਪਿੰਦਰ ਹਾਂਡਾ ਨੇ ਸਟੇਜ 'ਤੇ ਆਉਂਦਿਆਂ ਹੀ ਮੇਲਣਾਂ ਨੂੰ ਨੱਚਣ ਲਾ ਲਿਆ। ਰੁਪਿੰਦਰ ਹਾਂਡਾ ਇਸ ਤੀਆਂ ਦੇ ਮੇਲੇ ਦਾ ਮੁੱਖ ਆਕਰਸ਼ਣ ਸੀ। ਆਪਣੇ ਗੀਤ 'ਕਾਲੀ ਐਕਟਿਵਾ', 'ਉਡਣ ਕਬੂਤਰ ਚੀਨੇ', 'ਕਜਰਾ ਮੁਹੱਬਤ ਵਾਲਾ', 'ਗੁੜ ਨਾਲੋਂ ਇਸ਼ਕ ਮਿੱਠਾ', 'ਪਰਦੇ ਮੇ ਰਹਿਨੇ ਦੋ', 'ਸੜਕੇ ਸੜਕੇ ਜਾਂਦੀਏ ਮੁਟਿਆਰੇ', 'ਪੰਜਾਬਣੇ ਸ਼ੌਕੀਨ ਕੁੜੀਏ' ਗਾਉਂਦੇ ਗਾਉਂਦੇ ਹਾਂਡਾ ਨੇ ਦੋ ਟੀਮਾਂ ਬਣਾ ਲਈਆਂ। ਫਿਰ ਇੱਕ-ਇੱਕ ਕੁੜੀ/ਬੀਬੀ ਚੁਣਦਿਆਂ ਪੂਰੀ ਸਟੇਜ ਭਰ ਲਈ। ਗਾਣਿਆਂ ਦੇ ਨਾਲ ਨਾਲ ਉਸ ਨੇ ਸਰੋਤਿਆਂ ਸੰਗ ਗੱਲਾਂ ਕਰਦਿਆਂ ਉਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ।

ਪੀ.ਏ.ਓ. ਦਾ ਇਹ ਇੱਕੀਵਾਂ ਮੇਲਾ ਸੀ ਤੇ ਸੰਸਥਾ ਦੀਆਂ ਮੈਂਬਰਾਨ ਨੇ ਢੋਲਕੀ ਨਾਲ ਲੋਕ ਗੀਤਾਂ ਤੇ ਬੋਲੀਆਂ ਨਾਲ ਮੇਲੇ ਦੀ ਸ਼ੁਰੂਆਤ ਕੀਤੀ। ਰੰਗਦਾਰ ਸੂਟਾਂ, ਘੱਗਰਿਆਂ, ਗਹਿਣੇ-ਗੱਟਿਆਂ, ਰੰਗ-ਬਰੰਗੇ ਪਰਾਂਦਿਆਂ ਨਾਲ ਸਜੀਆਂ ਮੁਟਿਆਰਾਂ ਮੇਲੇ ਦੀ ਸ਼ਾਨ ਬਣੀਆਂ ਹੋਈਆਂ ਸਨ। ਇੱਕ ਤੋਂ ਵਧ ਇੱਕ ਸਜ ਕੇ ਆਈਆਂ ਮੁਟਿਆਰਾਂ ਇੱਕ ਦੂਜੀ ਦੀ ਤਾਰੀਫ ਕਰਦੀਆਂ ਨਹੀਂ ਥੱਕ ਰਹੀਆਂ ਸਨ। ਉਸੇ ਤਰ੍ਹਾਂ ਮੇਲੇ ਦੀ ਹੋਰ ਸ਼ਾਨ ਬਾਹਰ ਲੱਗੇ ਸਟਾਲਾਂ ਨੇ ਵਧਾ ਦਿੱਤੀ ਹੋਈ ਸੀ। ਆਸ਼ੀਆਨਾ ਬੈਂਕੁਇਟ ਹਾਲ ਕਿਸੇ ਸ਼ਾਪਿੰਗ ਮਾਲ ਵਾਂਗ ਲੱਗ ਰਿਹਾ ਸੀ ਤੇ ਮੁਟਿਆਰਾਂ ਜਿੰਨਾ ਹਾਲ ਦੇ ਅੰਦਰ ਗੀਤ-ਸੰਗੀਤ ਤੇ ਗਿੱਧੇ/ਡਾਂਸ ਪੇਸ਼ਕਾਰੀ ਦਾ ਅਨੰਦ ਮਾਣ ਰਹੀਆਂ ਸਨ, ਓਨਾ ਹੀ ਬਾਹਰ ਸਟਾਲਾਂ 'ਤੇ ਵੀ ਪੰਜਾਬੀ ਜੁੱਤੀਆਂ, ਸੂਟ, ਗਹਿਣੇ ਆਦਿ ਖਰੀਦ ਖਰੀਦ ਆਪਣੇ ਚਾਅ ਪੂਰੇ ਕਰ ਰਹੀਆਂ ਸਨ।

ਫੋਟੋ ਖਿੱਚਣ ਲਈ ਰਾਖਵੀਂ ਥਾਂ ਉਤੇ ਬੀਬੀਆਂ ਤਰ੍ਹਾਂ ਤਰ੍ਹਾਂ ਦੇ ਸਲੋਗਨ ਵਾਲੀਆਂ ਤਖਤੀਆਂ ਫੜ੍ਹ ਕੇ ਤਸਵੀਰਾਂ ਖਿਚਵਾਉਂਦੀਆਂ ਫੁੱਲੀ ਨਹੀਂ ਸਨ ਸਮਾ ਰਹੀਆਂ।

ਖ਼ੈਰ! ਤੀਆਂ ਦੇ ਮੇਲੇ ਨੂੰ ਅੱਗੇ ਵਧਾਉਂਦਿਆਂ ਨੈਨਾ ਸਿੰਘ ਨੇ ਸਟੇਜ 'ਤੇ ਆ ਕੇ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਵੀ ਇੰਜ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ। ਉਸ ਨੇ ਪ੍ਰੋਗਰਾਮ ਦੀਆਂ ਮੰਚ ਸੰਚਾਲਕਾਂ ਦੀ ਜਾਣ-ਪਛਾਣ ਵੀ ਕਰਵਾਈ। ਇਸ ਉਪਰੰਤ ਕਿਰਨਦੀਪ ਕੌਰ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਤੀਆਂ ਦਾ ਪਿਛੋਕੜ ਦੱਸਿਆ। ਸਭ ਤੋਂ ਪਹਿਲਾਂ ਸਵਾਤੀ ਗਰੁੱਪ ਦੀਆਂ ਮੁਟਿਆਰਾਂ ਨੇ ਗੁਲਾਬੀ ਸੂਟਾਂ ਨਾਲ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ, ਜਦ ਉਨ੍ਹਾਂ 'ਕਾਲੀ ਐਨਕ ਨਾ ਲਾਇਆ ਕਰ' ਉਤੇ ਪੇਸ਼ਕਾਰੀ ਕੀਤੀ। ਇਸ ਗਰੁੱਪ ਨੇ ਕੁਲ ਪੰਜ ਗੀਤਾਂ ਉਤੇ ਪੇਸ਼ਕਾਰੀ ਕਰ ਕੇ ਵਾਹ-ਵਾਹ ਖੱਟੀ। 'ਸਵੇਰਾ ਟੀਮ' ਦੀਆਂ ਮੁਟਿਆਰਾਂ ਨੇ ਸੁਹਾਗ ਗਾਏ, ਜਿਨ੍ਹਾਂ ਵਿੱਚ ਬਲਜੀਤ ਕੌਰ ਅਠਵਾਲ, ਰਾਜਵਿੰਦਰ ਕੌਰ ਤੇ ਡਿੰਪਲ ਡੋਗਰਾ ਤੋਂ ਇਲਾਵਾ ਅੰਮ੍ਰਿਤਪਾਲ ਕੌਰ ਤੇ ਅਨੁ ਕੌਰ ਸ਼ਾਮਲ ਸਨ। ਨੇਹਾ ਸੋਬਤੀ ਦੀ ਅਗਵਾਈ ਹੇਠ 'ਨੇਹਾ ਗਰੁੱਪ' ਨੇ ਪੰਜ ਗੀਤਾਂ ਉਤੇ ਕੋਰਿਓਗ੍ਰਾਫੀ ਕੀਤੀ।





ਅਗਲੀ ਪੇਸ਼ਕਾਰੀ 'ਅਕਸ਼ੇ ਭੰਗੜਾ ਗਰੁੱਪ' ਵੱਲੋਂ ਪੇਸ਼ ਕੀਤੀ ਗਈ, ਜਿਸ ਦੇ ਕੋਆਰਡੀਨੇਟਰ ਨਵਜੋਧ ਸਿੰਘ ਬਾਜਵਾ ਸਨ। 'ਅਕਸ਼ੇ ਭੰਗੜਾ ਗਰੁੱਪ' ਦੀ ਟੀਮ ਨੇ ਲੁੱਡੀ ਪੇਸ਼ ਕੀਤੀ, 'ਕੁੜੀਏ ਨੀ ਲਾਚੇ ਵਾਲੀਏ।' ਜਦਕਿ ਬਲਜੀਤ ਅਠਵਾਲ ਤੇ ਰਿੰਪਲ ਡੋਗਰਾ ਨੇ 'ਮਾਹੀ ਵੇ ਮਾਹੀ ਮੈਨੂੰ ਵੈਦ ਕਰਾ ਦੇ' ਗੀਤ ਜ਼ਰੀਏ ਵਿਆਹੇ ਜੋੜੇ ਦੀ ਨੋਕ-ਝੋਕ ਪੇਸ਼ ਕੀਤੀ। ਉਪਰੰਤ ਗਿੱਧਾ ਪੇਸ਼ ਕੀਤਾ ਗਿਆ, ਜਿਸ ਨੂੰ ਹਰਮਨ ਕੌਰ ਨੇ ਤਿਆਰ ਕਰਵਾਇਆ ਸੀ। ਗਿੱਧੇ ਦੀ ਟੀਮ ਨੇ ਆਪਣੀ ਪ੍ਰਭਾਵਸ਼ਾਲੀ ਪੇਸ਼ਕਾਰੀ ਜ਼ਰੀਏ ਸਭ ਨੂੰ ਜੋਸ਼ ਵਿੱਚ ਲੈ ਆਂਦਾ। ਪੇਸ਼ਕਾਰੀ ਦੌਰਾਨ ਬੀਬੀਆਂ ਨੇ ਤ੍ਰਿੰਜਣਾਂ ਦਾ ਦ੍ਰਿਸ਼ ਪੇਸ਼ ਕੀਤਾ- ਕੋਈ ਫੁਲਕਾਰੀ ਕੱਢ ਰਹੀ ਸੀ ਤੇ ਕੋਈ ਚਾਦਰ ਉਤੇ ਬੂਟੀਆਂ ਪਾ ਰਹੀ ਸੀ; ਕੋਈ ਚਰਖਾ ਕੱਤਦੀ ਸੀ ਤੇ ਕੋਈ ਸਲਾਈ ਨਾਲ ਬੁਣਤੀਆਂ ਪਾ ਰਹੀ ਸੀ; ਅਤੇ ਕੋਈ ਪੱਖੀਆਂ ਦੀ ਝੱਲ ਮਾਰਦੀ ਤੇ ਕੋਈ ਤਾੜ ਤਾੜ ਤਾੜੀਆਂ ਦਾ ਤਾਲ ਬਿਠਾਉਂਦੀ ਪੂਰੇ ਤਰਾਰੇ ਵਿੱਚ ਆਈ ਹੋਈ ਸੀ। ਇਸ ਮੌਕੇ ਕਿਰਪਾਲ ਕੌਰ ਲਾਲ ਤੇ ਰਾਜ ਧਾਲੀਵਾਲ ਨੇ 'ਕੋਠੇ 'ਤੇ ਆ ਮਾਹੀਆ' ਪੇਸ਼ ਕੀਤਾ।

ਇਸ ਵਾਰ ਮੇਲੇ 'ਚ 'ਬੇਬੇ ਪੰਜਾਬਣ' ਕਰਵਾਇਆ ਗਿਆ, ਜਿਸ ਵਿੱਚ ਵਡੇਰੀ ਉਮਰ ਦੀਆਂ ਬਜ਼ੁਰਗ ਬੀਬੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਮਿਲਵਾਕੀ ਤੋਂ ਆਈ ਬੀਬੀ ਵਿਸ਼ਵਜੀਤ ਕੌਰ ਨੇ ਇਹ ਖਿਤਾਬ ਆਪਣੇ ਨਾਂ ਕਰਵਾਇਆ ਤੇ ਲਾਡੀ ਕੇ. ਸਿੰਘ ਨੇ ਉਨ੍ਹਾਂ ਦਾ ਫੁਲਕਾਰੀ ਦੇ ਕੇ ਮਾਣ-ਤਾਣ ਕੀਤਾ।

ਮੰਚ ਸੰਭਾਲਦਿਆਂ ਗੁਰਲੀਨ ਕੌਰ ਨੇ ਕੁਝ ਸ਼ੇਅਰ ਸੁਣਾਏ ਅਤੇ 'ਤੀਆਂ ਦੀ ਟੀਮ' ਦਾ ਧੰਨਵਾਦ ਕਰਦਿਆਂ ਮਹਿਮਾਨਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਝ ਸਪਾਂਸਰਾਂ ਦਾ ਸਨਮਾਨ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਦੀ ਪਤਨੀ ਡਾ. ਅਨਿੰਨਦਿਤਾ ਘੋਸ਼ ਅਤੇ ਗੈਸਟ ਆਫ ਆਨਰ ਦੇ ਪਰਿਵਾਰ ਦੀਆਂ ਬੀਬੀਆਂ ਤੋਂ ਕਰਵਾਇਆ ਗਿਆ। ਕੁਝ ਸਪਾਂਸਰਾਂ ਦਾ ਪਲੈਕ ਨਾਲ ਅਤੇ ਕੁਝ ਦਾ ਫੁਲਕਾਰੀ ਦੇ ਕੇ ਸਨਮਾਨ ਕੀਤਾ ਗਿਆ। ਇਹ ਫੁਲਕਾਰੀਆਂ 'ਸਖੀ ਅਟਾਇਰ' ਵੱਲੋਂ ਰੂਪੀ ਸਿੱਧੂ ਤੇ ਬਿਕਰਮ ਸਿੱਧੂ ਵੱਲੋਂ ਸਪਾਂਸਰ ਕੀਤੀਆਂ

⇒ ਬਾਕੀ ਸਫਾ 18 ਉਤੇ ਪੜ੍ਹੋ


























F.I.A
FEDERATION OF INDIAN ASSOCIATIONS CHICAGO, IL
FEDERATION OF INDIAN ASSOCIATION
FIA – CHICAGO Presents
INDIA'S
79th INDEPENDENCE DAY
CELEBRATION WITH MUSICAL LEGENDS
TANISHQ USA
30 YEARS ANNIVERSARY
SUNIL SHAH
(847) 309 4462
PINKY & DINESH THAKKAR
INDIACO
NOBODY GIVES YOU INDIA LIKE WE DO!
HMSI
FRIDAY
AUG 8TH
The Matrix Club
808 Illinois Rt 59
Naperville, IL 60540
COCKTAIL HOUR – 6PM
Tribute TO MOTHERLAND -7PM
DINNER & Bollywood MELODIES @ 8PM
Ajeet Singh Banquet Chair
Legendary
Jatin Pandit
Raahul Jatin
Unforgettable evening with legendary Jatin Pandit
the musical maestro behind Bollywood's greatest hits -
accompanied by his stellar ensemble of singers & musicians.
Spectacular celebration of melody & nostalgia
Tickets – VVIP $250 | $100 | $75
CHICAGO CARDIOLOGY INSTITUTE
POWERVOLT
The Power for your System
VINAKOM
OROCHEM
Vinni's Salon & Spa
Manish and Shailja Gandhi
DELY SERVICES
WORLD'S MONEY EXCHANGE, INC
FOREIGN EXCHANGE & PRECIOUS METALS
MR. ANIL R SHAH
312-641-2151
A.B. Entertainment
Vidya Jyoti
SSS ENTERTAINMENT
SHREE CATERING
ReliaCare
630-960-5100
www.reliacareltd.com
NARESH SHAH
DIMPLE'S BEAUTY SALON
MAFS
metropolitan asian family services
Medstar
Om & Kanan Dhingra
AAHOA
Anu & Bharat Malhotra
For details contact:
Sunil Shah 847-309-4462
Anu Malhotra 630-460-4271
Neil Khot 847-340-0123
Pratibha Jairath 630-222-1248
Vinita Gulabani 630-915-0658
Hitesh Gandhi 630-205-3265

# 'ਪੰਜਾਬੀ ਪਰਵਾਜ਼' ਨੇ ਭਰੀ ਇੱਕ ਹੋਰ ਪਰਵਾਜ਼

## *ਪੱਤਰਕਾਰੀ ਦੇ ਮਕਸਦ, ਅਖਬਾਰਾਂ ਦੇ ਇਤਿਹਾਸ ਅਤੇ ਇਸ ਦੀਆਂ ਕਦਰਾਂ-ਕੀਮਤਾਂ ਬਾਰੇ ਭਾਵਪੂਰਤ ਤਕਰੀਰ
## *ਪੰਜਾਬੀਆਂ ਦੀ ਪਰਵਾਸ ਤੇ ਪਰਵਾਜ਼ ਦੇ ਸੰਦਰਭ ਵਿੱਚ ਸਾਂਝ ਅਤੇ ਬੋਲੀ ਨਾਲ ਜੁੜੀਆਂ ਤਰਜੀਹਾਂ ਉਤੇ ਵਿਚਾਰ

**ਸ਼ਿਕਾਗੋ:** ਅਖਬਾਰ 'ਪੰਜਾਬੀ ਪਰਵਾਜ਼' ਨੇ ਆਪਣੀ ਦੂਜੀ ਵਰ੍ਹੇਗੰਢ ਮਨਾਉਂਦਿਆਂ ਇੱਕ ਹੋਰ ਪਰਵਾਜ਼ ਭਰੀ ਹੈ। ਪੱਤਰਕਾਰੀ ਦੇ ਖੇਤਰ ਵਿੱਚ ਇਹ ਪਰਵਾਜ਼ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਭਰੀ ਗਈ ਹੈ, ਜਿਸ ਦੌਰਾਨ ਪੱਤਰਕਾਰੀ ਦੇ ਮਕਸਦ, ਅਖਬਾਰਾਂ ਦੇ ਇਤਿਹਾਸ ਅਤੇ ਇਸ ਦੀਆਂ ਕਦਰਾਂ-ਕੀਮਤਾਂ ਬਾਰੇ ਤਕਰੀਰਾਂ ਕੀਤੇ ਜਾਣ ਦੇ ਨਾਲ ਨਾਲ ਪੰਜਾਬੀਆਂ ਦੀ ਪਰਵਾਸ ਤੇ ਪਰਵਾਜ਼ ਦੇ ਸੰਦਰਭ ਵਿੱਚ ਭਾਵਪੂਰਤ ਸਾਂਝ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵਿਚਰਨ ਸਮੇਂ ਆਉਂਦੀਆਂ ਔਕੜਾਂ ਤੇ ਵਿਦੇਸ਼ ਵਿੱਚ ਅਖਬਾਰਾਂ ਰਾਹੀਂ ਪੰਜਾਬੀ ਬੋਲੀ ਨਾਲ ਜੁੜੀਆਂ ਤਰਜੀਹਾਂ ਉਤੇ ਚਰਚਾ ਕੀਤੀ ਗਈ। ਇਸ ਮੌਕੇ ਭਾਈਚਾਰੇ ਦੀਆਂ ਸੰਜੀਦਾ ਸ਼ਖਸੀਅਤਾਂ ਵੱਲੋਂ ਅਖਬਾਰ ਦੀ ਬਿਹਤਰੀ ਲਈ ਕੁਝ ਸੁਝਾਅ ਵੀ ਦਿੱਤੇ ਗਏ। ਅਖਬਾਰ ਦੀ ਦੂਜੀ ਵਰ੍ਹੇਗੰਢ ਦੇ ਜਸ਼ਨ ਦੌਰਾਨ ਮਹਿਮਾਨਾਂ ਦੀਆਂ ਖੂਬ ਰੌਣਕਾਂ ਲੱਗੀਆਂ ਅਤੇ ਉਨ੍ਹਾਂ ਦੇ ਮਨੋਰੰਜਨ ਲਈ ਮਿਆਰੀ ਗਾਇਕੀ ਦਾ ਦੌਰ ਵੀ ਚੱਲਿਆ।


ਕੌਂਸਲ ਜਨਰਲ ਸੋਮਨਾਥ ਘੋਸ਼


ਰਵਿੰਦਰ ਸਿੰਘ ਸਹਿਰਾਅ


ਦਵਿੰਦਰ ਸਿੰਘ ਰੰਗੀ


ਸਿਕੰਦਰ ਸਿੰਘ ਔਜਲਾ


ਮਨਜੀਤ ਸਿੰਘ ਗਿੱਲ


ਡਾ. ਹਰਜਿੰਦਰ ਸਿੰਘ ਖਹਿਰਾ

ਪ੍ਰੋਗਰਾਮ ਦੀ ਸ਼ੁਰੂਆਤ ਅਸੀਸ ਕੌਰ ਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਨਾਲ ਕੀਤੀ। ਫਿਰ ਉਸ ਨੇ ਇੱਕ ਸ਼ੇਅਰ ਪੜ੍ਹਿਆ,

ਕਹਿੰਦੇ ਨੇ ਹੁੰਦਾ ਓਹੀ, ਜੋ ਮੁਕੱਦਰ 'ਚ ਹੁੰਦਾ
ਬੰਦਾ, ਬੰਦੇ ਤੋਂ ਕੁਝ ਖੋਹ ਨਹੀਂ ਸਕਦਾ।
ਹੋਵੇ ਵੱਡਿਆਂ ਦਾ ਹੱਥ ਜੇ ਸਿਰ ਉਤੇ
ਤਾਂ ਫਿਰ ਕੀ ਕੁਝ ਹੋ ਨਹੀਂ ਸਕਦਾ।

ਸੋ, ਵੱਡਿਆਂ ਦਾ ਹੱਥ ਸਾਡੇ ਸਿਰ ਉਤੇ ਹੋਣਾ ਬਹੁਤ ਜ਼ਰੂਰੀ ਹੈ।

ਅਸੀਸ ਕੌਰ ਨੇ ਅਖਬਾਰ ਦੇ ਬੋਰਡ ਮੈਂਬਰਾਂ ਤੇ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦੀ ਸ਼ਬਦ ਉਚਾਰਦਿਆਂ ਆਪਣੀ ਛੋਟੀ ਭੈਣ ਅਜੂਨੀ ਕੌਰ ਨੂੰ ਮੰਚ 'ਤੇ ਸੱਦਿਆ। ਅਜੂਨੀ ਕੌਰ ਨੇ ਪੰਜਾਬੀ ਪਰਵਾਜ਼ ਦੇ ਦੂਜੇ ਸਾਲ ਦੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਉਪਰੰਤ ਅਸੀਸ ਕੌਰ ਨੇ ਦੋ ਹੋਰ ਸ਼ੇਅਰ ਸੁਣਾਏ,

ਡਰ ਮੈਨੂੰ ਵੀ ਲੱਗਿਆ ਫਾਸਲਾ ਵੇਖ ਕੇ
ਪਰ ਮੈਂ ਅੱਗੇ ਵਧਦੀ ਗਈ ਰਸਤਾ ਵੇਖ ਕੇ,
ਆਪਣੇ ਆਪ ਹੀ ਮੇਰੇ ਕੋਲ ਆਉਂਦੀ ਗਈ
ਮੇਰੀ ਮੰਜ਼ਿਲ, ਮੇਰਾ ਹੌਸਲਾ ਵੇਖ ਕੇ।

---

ਮੰਜ਼ਿਲ ਉਨ੍ਹਾਂ ਨੂੰ ਹੀ ਮਿਲਦੀ
ਜਿਨ੍ਹਾਂ ਦੇ ਸੁਪਨਿਆਂ 'ਚ ਜਾਨ ਹੁੰਦੀ,
ਸਿਰਫ ਖੰਭਾਂ ਨਾਲ ਕੁਝ ਨਹੀਂ ਹੁੰਦਾ
ਹੌਸਲਿਆਂ ਨਾਲ ਪਰਵਾਜ਼ ਹੁੰਦੀ।

ਇਸ ਮੌਕੇ ਪੱਤਰਕਾਰ ਕੁਲਜੀਤ ਦਿਆਲਪੁਰੀ ਨੇ ਹਾਜ਼ਰੀਨ ਦੇ ਮਾਣ ਵਿੱਚ ਕਿਹਾ ਕਿ ਇਹ ਪ੍ਰੋਗਰਾਮ ਤੁਹਾਡੇ ਕਰਕੇ, ਤੁਹਾਡੇ ਲਈ ਅਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਹੋ ਸਕਿਆ ਹੈ। ਉਨ੍ਹਾਂ ਅਖਬਾਰ ਦੇ ਬੋਰਡ ਮੈਂਬਰਾਂ ਅਤੇ ਸ਼ਿਕਾਗੋਲੈਂਡ ਦੀਆਂ ਸ਼ਖਸੀਅਤਾਂ ਤੋਂ ਇਲਾਵਾ ਇੰਡੀਆਨਾ, ਮਿਸ਼ੀਗਨ, ਓਹਾਇਓ ਤੇ ਵਿਸਕਾਨਸਿਨ ਸਟੇਟ ਤੋਂ ਆਏ ਸਮੁੱਚੇ ਮਹਿਮਾਨਾਂ ਤੇ ਸਪਾਂਸਰਾਂ ਦਾ 'ਪੰਜਾਬੀ ਪਰਵਾਜ਼' ਨਾਲ ਖੜ੍ਹਨ ਲਈ ਧੰਨਵਾਦ ਕੀਤਾ।

ਇਸ ਮੌਕੇ ਅਖਬਾਰ ਦੀ ਪ੍ਰਬੰਧਕ ਅਨੁਰੀਤ ਕੌਰ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਜਿਵੇਂ ਸਾਡੀ ਪੀੜ੍ਹੀ ਅਖਬਾਰ ਨਾਲ ਜੁੜੀ ਹੋਈ ਹੈ, ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਤੇ ਬੱਚੇ ਸੋਸ਼ਲ ਮੀਡੀਆ ਨਾਲ ਜ਼ਿਆਦਾ ਜੁੜੇ ਹੋਣ ਕਰਕੇ ਅਸੀਂ ਸੋਚ ਰਹੇ ਹਾਂ ਕਿ ਉਨ੍ਹਾਂ ਨੂੰ ਵੀ ਆਪਣੀ ਭਾਸ਼ਾ ਨਾਲ ਜੋੜਨ ਲਈ ਇਸ ਦਾ ਸਹਾਰਾ ਲਿਆ ਜਾਵੇ ਅਤੇ ਇਸ ਲਈ ਪੱਤਰਕਾਰੀ ਖੇਤਰ ਵਿੱਚ ਲੰਮੇ ਸਮੇਂ ਤੋਂ ਜੁੜੇ ਹੋਏ ਹਰਦੀਪ ਸਿੰਘ ਹੈਪੀ ਪੰਡਵਾਲਾ ਨਾਲ ਰਲ ਕੇ ਸੋਸ਼ਲ ਮੀਡੀਆ ਪਲੈਟਫਾਰਮ ਵੈਬ ਚੈਨਲ ਸ਼ੁਰੂ ਕਰੀਏ। ਉਨ੍ਹਾਂ ਆਸ ਪ੍ਰਗਟਾਈ, ਜਿਵੇਂ ਤੁਸੀਂ 'ਪੰਜਾਬੀ ਪਰਵਾਜ਼' ਅਖਬਾਰ ਨੂੰ ਪਿਆਰ ਦਿੱਤਾ ਹੈ, ਉਵੇਂ ਹੀ ਇਸ ਨੂੰ ਵੀ ਸਹਿਯੋਗ ਦਿਓਗੇ। ਇਸ ਮੌਕੇ ਸਕਰੀਨ ਉਤੇ ਪੱਤਰਕਾਰ ਹੈਪੀ ਪੰਡਵਾਲਾ ਦਾ ਸੁਨੇਹਾ ਸਾਂਝਾ ਕਰਨਾ ਚਾਹਿਆ ਗਿਆ, ਪਰ ਵੀਡੀਓ ਦੀ ਆਵਾਜ਼ ਸਬੰਧੀ ਤਕਨੀਕੀ ਨੁਕਸ ਕਾਰਨ ਸੁਣਾਇਆ ਨਹੀਂ ਜਾ ਸਕਿਆ।


ਕੁਲਜੀਤ ਸਿੰਘ ਤੇ ਅਨੁਰੀਤ ਕੌਰ


ਅਸੀਸ ਕੌਰ ਤੇ ਅਜੂਨੀ ਕੌਰ

ਸ. ਮਨਜੀਤ ਸਿੰਘ ਗਿੱਲ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਸਾਰੇ ਮੁਅੱਜਜ਼ ਮਹਿਮਾਨਾਂ, ਮੁੱਖ ਮਹਿਮਾਨ ਲਖਬੀਰ ਸਿੰਘ ਢੀਂਡਸਾ ਅਤੇ 'ਪੰਜਾਬੀ ਪਰਵਾਜ਼' ਦੇ ਸਾਰੇ ਬੋਰਡ ਮੈਂਬਰਾਂ ਅਤੇ ਬੁਲਾਰਿਆਂ ਨੂੰ ਨਿੱਘੀ ਜੀ ਆਇਆਂ ਨੂੰ ਕਹਿੰਦਿਆਂ ਸ਼ਿਵ ਕੁਮਾਰ ਬਟਾਲਵੀ ਦੀਆਂ ਸਤਾਰਾਂ ਸੁਣਾਈਆਂ, 'ਤੂੰ ਆਇਓਂ ਮੇਰੇ ਗਰਾਂ, ਹੋਰ ਵੀ ਗੂੜ੍ਹੀ ਹੋ ਗਈ ਮੇਰੇ ਬੋਹੜਾਂ ਦੀ ਛਾਂ।' ਉਨ੍ਹਾਂ ਇੱਕ ਹੋਰ ਸ਼ੇਅਰ ਸੁਣਾਇਆ, 'ਦਿਲ ਨੂੰ ਸਕੂਨ ਮਿਲਦਾ ਹੈ ਇੱਕ ਮੁਸਕਾਨ ਦੇ ਨਾਲ, ਮਹਿਫਿਲ 'ਚ ਰੌਣਕ ਲੱਗਦੀ ਹੈ ਤੁਹਾਡੇ ਜਿਹੇ ਆਉਣ ਦੇ ਨਾਲ।'

ਇਸ ਉਪਰੰਤ ਉਨ੍ਹਾਂ 'ਪੰਜਾਬੀ ਪਰਵਾਜ਼ ਨਾਈਟ' ਦੇ ਸੰਦਰਭ ਵਿਚ ਪੱਤਰਕਾਰ ਕੁਲਜੀਤ ਦਿਆਲਪੁਰੀ ਦੇ ਇੱਕ ਲੇਖ ਦਾ ਉਚੇਚਾ ਜ਼ਿਕਰ ਕੀਤਾ ਅਤੇ ਦੱਸਿਆ ਕਿ 'ਪੰਜਾਬੀ ਪਰਵਾਜ਼ ਨਾਈਟ' ਮਨਾਉਣ ਦਾ ਮਕਸਦ ਬੇਸ਼ਕ ਅਮਰੀਕਾ ਵਿੱਚ ਪੰਜਾਬੀ ਮੀਡੀਆ ਦੇ ਖੇਤਰ ਵਿੱਚ ਦੋ ਸਾਲ ਦੇ ਸਫਰ ਦੀ ਖੁਸ਼ੀ ਮਨਾਉਣਾ ਹੈ, ਪਰ ਭਵਿੱਖ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਆਪਣੇ ਪਰਚੇ ਰਾਹੀਂ ਪੇਸ਼ ਕਰਦੇ ਰਹਿਣ ਅਤੇ ਆਪਣੇ ਸੱਭਿਆਚਾਰ ਤੇ ਧਰਮ ਨਾਲ ਜੁੜੇ ਮੁੱਦੇ ਪ੍ਰਕਾਸ਼ਿਤ ਕਰਨ ਲਈ ਤੁਹਾਡੇ ਸਭ ਦੇ ਵਿਚਾਰਾਂ, ਮਸ਼ਵਰਿਆਂ ਦੇ ਨਾਲ ਨਾਲ ਤੁਹਾਡੇ ਸਭ ਦੇ ਵਿੱਤੀ ਸਹਿਯੋਗ ਦੀ ਵੀ ਇਸ ਪਰਚੇ ਨੂੰ ਭਰਪੂਰ ਲੋੜ ਹੈ। ਉਨ੍ਹਾਂ ਕੁਲਜੀਤ ਦੇ ਪੱਤਰਕਾਰੀ ਸਫਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਅਨੁਰੀਤ ਕੌਰ ਅਤੇ ਸੀਨੀਅਰ ਪੱਤਰਕਾਰ ਜਲੰਧਰ ਤੋਂ ਜਸਵੀਰ ਸਿੰਘ ਸ਼ੀਰੀ ਅਖਬਾਰ ਦੇ ਕੰਮ ਵਿੱਚ ਹੱਥ ਵਟਾ ਰਹੇ ਹਨ; ਤੇ ਹਾਲ ਹੀ ਵਿੱਚ ਮੀਡੀਆ ਸ਼ਖਸੀਅਤ ਸੁਸ਼ੀਲ ਦੁਸਾਂਝ ਵੀ ਅਖਬਾਰ ਨਾਲ ਜੁੜੇ ਹਨ। ਉਨ੍ਹਾਂ ਸ਼ੇਅਰੋ-ਸ਼ਾਇਰੀ ਨਾਲ ਮਾਹੌਲ ਨੂੰ ਦਿਲਚਸਪ ਬਣਾਈ ਰੱਖਿਆ ਅਤੇ ਵੱਖ-ਵੱਖ ਬੁਲਾਰਿਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਅਖਬਾਰ ਦੇ ਬੋਰਡ ਮੈਂਬਰ ਅਤੇ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਦਵਿੰਦਰ ਸਿੰਘ ਰੰਗੀ ਨੇ 'ਪੰਜਾਬੀ ਪਰਵਾਜ਼' ਦੇ ਬੋਰਡ ਵੱਲੋਂ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਵੱਡੀ ਗਿਣਤੀ ਵਿੱਚ ਮਹਿਮਾਨਾਂ ਦੇ ਪਹੁੰਚਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਅਖਬਾਰ ਦਾ ਵਾਅਦਾ ਹੈ ਕਿ ਨਿਰਪੱਖ ਰਹਿ ਕੇ ਪੱਤਰਕਾਰੀ ਕਰੇਗਾ; ਪਰ ਇਸ ਸਭ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ, ਕਿਉਂਕਿ ਅਖਬਾਰ ਚਲਾਉਣਾ ਕੋਈ ਸੌਖਾ ਕੰਮ ਨਹੀਂ। ਲਿਖਾਰੀਆਂ ਨਾਲ ਰਾਬਤਾ ਬਣਾ ਕੇ ਰੱਖਣਾ ਅਤੇ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਕਿਹੜਾ ਲੇਖ ਜਾਂ ਖਬਰ ਛਾਪਣੀ ਹੈ ਤੇ ਕਿਹੜਾ ਨਹੀਂ; ਤੇ ਚੰਗੇ ਵਿਚਾਰਾਂ ਦੀ ਚੋਣ ਕਰ ਕੇ ਛਾਪਣਾ ਵੱਡੀ ਜ਼ਿੰਮੇਵਾਰ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਆਪਣਾ ਮੀਡੀਆ ਆਪਣੇ ਭਾਈਚਾਰੇ ਦੀ ਪਹੁੰਚ ਸਰਕਾਰੇ-ਦਰਬਾਰੇ ਯਕੀਨੀ ਬਣਾਉਂਦਾ ਹੈ, ਇਸ ਲਈ ਆਪਣਾ ਮੀਡੀਆ ਮਜਬੂਤ ਕਰਨ ਦੀ ਲੋੜ ਹੈ।

ਇਸ ਦੇ ਨਾਲ ਹੀ ਸ. ਰੰਗੀ ਨੇ ਕਿਹਾ ਕਿ ਸਿਆਸਤ ਵਿੱਚ ਪੰਜਾਬੀ ਜਿੰਨਾ ਕੈਨੇਡਾ ਵਿੱਚ ਕਾਮਯਾਬ ਹੋਏ ਹਨ, ਉਨੇ ਅਮਰੀਕਾ ਵਿੱਚ ਨਹੀਂ। ਜਿੰਨਾ ਅਸੀਂ ਸਿਆਸੀ ਤੌਰ 'ਤੇ ਅੱਗੇ ਹੋਈਏ, ਅਸੀਂ ਆਪਣੇ ਮੁੱਦਿਆਂ ਨੂੰ ਦੇਸ ਦੀ ਪਾਰਲੀਮੈਂਟ ਵਿੱਚ ਰੱਖ ਸਕਾਂਗੇ। ਉਨ੍ਹਾਂ ਕੁਝ ਨਾਮੀ ਅਮਰੀਕੀ ਪੰਜਾਬੀ/ਸਿੱਖ ਸਿਆਸਤਦਾਨਾਂ ਦੇ ਨਾਵਾਂ ਦਾ ਜ਼ਿਕਰ ਵੀ ਕੀਤਾ ਤੇ ਕਿਹਾ ਕਿ ਸਾਨੂੰ ਆਪਣੇ ਹੋਰ ਸਿਆਸਤਦਾਨ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਆਪਣੀ ਗੱਲ ਰੱਖ ਸਕੀਏ।

ਮਿਸ਼ੀਗਨ ਤੋਂ ਪਹੁੰਚੇ ਸਿਕੰਦਰ ਸਿੰਘ ਔਜਲਾ ਨੇ ਕਿਹਾ ਕਿ ਮਿਡਵੈਸਟ ਵਿੱਚ ਸ਼ਿਕਾਗੋ ਇੱਕ ਅਜਿਹਾ ਸ਼ਹਿਰ ਹੈ, ਜਿੱਥੇ ਹੁੰਦੇ ਪ੍ਰੋਗਰਾਮਾਂ ਜਾਂ ਮੇਲਿਆਂ ਵਿੱਚ ਅਸੀਂ ਇਕੱਠੇ ਹੁੰਦੇ ਰਹਿੰਦੇ ਹਾਂ। ਉਨ੍ਹਾਂ ਅਖਬਾਰ ਦਾ ਨਾਂ 'ਪੰਜਾਬੀ ਪਰਵਾਜ਼' ਰੱਖਣ ਦੀ ਤਾਰੀਫ ਕੀਤੀ, ਕਿਉਂਕਿ ਅਸੀਂ ਉਡਾਰੀ ਭਰਦੇ ਹਾਂ ਤੇ ਉਡਾਰੀ ਨੂੰ ਪਰਵਾਜ਼ ਕਹਿੰਦੇ ਹਨ ਅਤੇ ਜਦੋਂ ਸਾਨੂੰ ਆਲੇ-ਦੁਆਲਿਓਂ ਹੁੰਗਾਰਾ ਮਿਲੇ ਤਾਂ ਇਹੋ ਹੀ ਪਰਵਾਜ਼ ਹੈ। ਉਨ੍ਹਾਂ ਕਿਹਾ ਕਿ ਮੈਂ ਦੁਆ ਕਰਦਾਂ ਕਿ ਇਹ ਅਖਬਾਰ ਵੀ ਸਾਡੇ ਵਾਂਗੂੰ ਤਰੱਕੀਆਂ ਕਰੇ, ਜਿਵੇਂ ਅਸੀਂ ਪਰਦੇਸੀਆਂ ਨੇ ਇੱਥੇ ਆ ਕੇ ਕੀਤੀਆਂ ਹਨ, ਇਵੇਂ ਹੀ ਇਹ ਅਖਬਾਰ ਆਪਣੀ ਉਡਾਰੀ ਵਿੱਚ ਤਰੱਕੀਆਂ ਦੇ ਅੰਬਰਾਂ 'ਤੇ ਉਡਦਾ ਦਿਸੇ। ਸਾਨੂੰ ਆਸ ਹੈ ਕਿ ਇਹ ਅਖਬਾਰ ਸਾਡੇ ਭਾਈਚਾਰੇ, ਸਾਡੇ ਸਮਾਜ ਨੂੰ ਚੰਗੇ ਸੰਪਾਦਕੀ ਲੇਖ ਲੱਭ ਕੇ, ਸਾਡੇ ਉਥੋਂ (ਪੰਜਾਬ) ਦੀਆਂ ਅਤੇ ਇੱਥੋਂ ਦੇ ਭਾਈਚਾਰੇ ਦੀਆਂ ਗੱਲਾਂ ਰਾਹੀਂ ਜਾਣੂੰ ਕਰਵਾਉਂਦਾ ਰਹੇ।

ਸ. ਔਜਲਾ ਨੇ ਪੰਜਾਬੀਆਂ ਦੀ ਪਰਵਾਸ ਤੇ ਪਰਵਾਜ਼ ਦੇ ਸੰਦਰਭ ਵਿੱਚ ਭਾਵਪੂਰਤ ਸਾਂਝ ਬਿਆਨਦਿਆਂ ਕਿਹਾ ਕਿ ਜਦੋਂ ਅਸੀਂ ਵਿਜ਼ਿਟਰ ਦੇ ਤੌਰ 'ਤੇ ਆਉਂਦੇ ਹਾਂ ਤਾਂ ਟੂ ਵੇਅ ਟਿਕਟ ਲੈ ਕੇ ਆਉਂਦੇ ਹਾਂ, ਪਰ ਜਦੋਂ ਅਸੀਂ ਪਰਵਾਸ ਕਰਦੇ ਹਾਂ ਤਾਂ ਵੰਨ ਵੇਅ ਟਿਕਟ ਲੈ ਕੇ ਆਉਂਦੇ ਹਾਂ। ਬੇਸ਼ਕ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ


ਕੌਂਸਲ ਜਨਰਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਨ ਸਮੇਂ ਅਖਬਾਰ ਦੇ ਪ੍ਰਬੰਧਕ ਤੇ ਬੋਰਡ ਮੈਂਬਰ


ਮੁੱਖ ਮਹਿਮਾਨ ਲਖਬੀਰ ਸਿੰਘ ਢੀਂਡਸਾ ਦਾ ਸਨਮਾਨ ਕਰਨ ਸਮੇਂ


ਲੇਖਕ ਤੇ ਸ਼ਾਇਰ ਰਵਿੰਦਰ ਸਿੰਘ ਸਹਿਰਾਅ ਦਾ ਸਨਮਾਨ ਕਰਦਿਆਂ

# 'ਪੰਜਾਬੀ ਪਰਵਾਜ਼ ਨਾਈਟ'

ਹੁਣ ਅਸੀਂ ਸਾਲ 'ਚ ਭਾਵੇਂ ਪੰਜਾਬ ਦੇ ਦੋ ਗੇੜੇ ਲਾ ਲਈਏ, ਪਰ ਉਹ ਵੰਨ ਵੇਅ ਟਿਕਟ, ਟੂ ਵੇਅ ਨਹੀਂ ਬਨਣੀ। ਇਸ ਸਬੰਧੀ ਉਨ੍ਹਾਂ ਆਪਣੀ ਇੱਕ ਕਵਿਤਾ 'ਕੈਸਾ ਪਰਵਾਸ ਨੇ ਲਾ'ਤਾ ਪੰਜਾਬੀਆਂ ਦੇ ਘਰਾਂ ਨੂੰ ਸੰਨ੍ਹ ਏ' ਸੁਣਾਈ, ਜਿਸ ਵਿੱਚ ਪਰਵਾਸ ਦੀਆਂ ਮੁਸ਼ਕਲਾਂ, ਪਿੱਛੇ ਰਹਿ ਜਾਂਦੇ ਪਰਿਵਾਰ ਦਾ ਝੋਰਾ, ਇੱਥੋਂ ਦੀਆਂ ਮਜਬੂਰੀਆਂ ਤੇ ਨਵੀਂ ਪੀੜ੍ਹੀ ਨਾਲ ਜੁੜੇ ਸਰੋਕਾਰਾਂ ਦਾ ਬਾਖੂਬੀ ਬਿਆਨ ਸੀ। ਉਨ੍ਹਾਂ ਤ੍ਰਾਸਦੀ ਜਾਹਰ ਕਰਦਿਆਂ ਕਿਹਾ ਕਿ ਜਦੋਂ ਅਸੀਂ ਇੱਥੇ ਆਏ ਤਾਂ ਮਿਹਨਤਾਂ ਕੀਤੀਆਂ ਅਤੇ ਬਹੁਤ ਘੱਟ ਸਮਾਂ ਪਰਿਵਾਰ ਲਈ ਕੱਢਿਆ, ਪਰ ਜਦੋਂ ਹੁਣ ਪਿੰਡ ਜਾਂਦੇ ਹਾਂ ਤਾਂ ਦੱਸਣਾ ਪੈਂਦਾ ਹੈ ਕਿ ਉਹ ਫਲਾਣੇ ਦਾ ਮੁੰਡਾ, ਫਲਾਣੇ ਦਾ ਪੋਤਾ ਹੈ। ਇਸ ਸਬੰਧੀ ਉਨ੍ਹਾਂ ਆਪਣੇ ਇੱਕ ਗੀਤ ਦੀਆਂ ਸਤਰਾਂ ਵੀ ਸੁਣਾਈਆਂ। ਜ਼ਿਕਰਯੋਗ ਹੈ ਕਿ ਸ. ਔਜਲਾ ਗੀਤਕਾਰ/ਕਵੀ ਹਨ।



ਪਲਾਟੀਨਮ ਸਪਾਂਸਰ ਯੂ.ਐਸ. ਆਇਲ (ਐਨਰਜੀ) ਦੇ ਨੁਮਾਇੰਦਿਆਂ- ਰਿਕ ਰੋਮੇਰੋ ਅਤੇ ਕੇਲਨ ਗ੍ਰੈਡੀ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਨ ਸਮੇਂ ਪ੍ਰਬੰਧਕ, ਬੋਰਡ ਮੈਂਬਰ ਤੇ ਮੁੱਖ ਮਹਿਮਾਨ



ਪੂਜਾ ਧਾਲੀਵਾਲ ਦਾ ਸਨਮਾਨ



ਅਸੀਸ ਕੌਰ ਨੂੰ ਪ੍ਰਸ਼ੰਸਾ ਚਿੰਨ੍ਹ





ਗਾਇਕ ਨਿੰਮਾ ਡੱਲੇਵਾਲ ਦਾ ਸਨਮਾਨ

ਇਸ ਦੇ ਨਾਲ ਹੀ ਮੰਚ ਸੰਚਾਲਕ ਸ. ਗਿੱਲ ਨੇ ਇੱਕ ਸ਼ੇਅਰ ਸੁਣਾਇਆ,

ਦਿਲ 'ਚੋਂ ਨਿਕਲਦੀ ਹੈ ਤਾਂ ਅਸਰ-ਏ-ਆਵਾਜ਼ ਰੱਖਦੀ ਹੈ
ਖੰਭ ਨਹੀਂ ਪਰ ਫਿਰ ਵੀ ਤਾਕਤ-ਏ-ਪਰਵਾਜ਼ ਰੱਖਦੀ ਹੈ।

ਸਮਾਗਮ ਦੌਰਾਨ ਉਨ੍ਹਾਂ ਇਹ ਸ਼ੇਅਰ ਵੀ ਸੁਣਾਇਆ,













'ਜੋ ਵੀ ਭੁੱਲਣਾ ਚਾਹੋ ਤਾਂ ਭੁੱਲ ਜਾਵੋ, ਪਰ ਮਾਂ ਬੋਲੀ ਯਾਦ ਰਵ੍ਹੇ। ਰਹਿੰਦੀ ਦੁਨੀਆ ਤੱਕ ਪੰਜਾਬੀ ਜ਼ਿੰਦਾਬਾਦ ਰਵ੍ਹੇ।' ਤੇ 'ਪੰਜਾਬੀ ਪਰਵਾਜ਼' ਦੀ ਵੀ ਚੜ੍ਹਦੀ ਕਲਾ ਹੁੰਦੀ ਰਵ੍ਹੇ। ਉਪਰੰਤ ਉਨ੍ਹਾਂ ਨੇ ਸਮਾਗਮ ਦੇ ਮੁੱਖ ਬੁਲਾਰੇ ਇੰਡੀਆਨਾ ਤੋਂ ਨਾਮੀ ਲੇਖਕ ਤੇ ਸ਼ਾਇਰ ਰਵਿੰਦਰ ਸਿੰਘ ਸਹਿਰਾਅ ਦਾ ਤੁਆਰਫ ਕਰਵਾਇਆ ਅਤੇ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ। ਸ. ਸਹਿਰਾਅ ਨੇ ਆਪਣੀ ਤਕਰੀਰ ਦਾ ਆਗਾਜ਼ ਕਰਦਿਆਂ ਕਿਹਾ ਕਿ ਪੱਤਰਕਾਰੀ ਦਾ ਵਿਸ਼ਾ ਬਹੁਤ ਸੰਜੀਦਗੀ ਮੰਗਦਾ ਹੈ। ਨਾਲ ਹੀ ਉਨ੍ਹਾਂ ਸ਼ੇਅਰ ਸੁਣਾਇਆ,

ਮੈਨੇ ਤੋ ਯੂੰ ਹੀ ਦਰਦ-ਏ-ਬਿਆਂ ਲਿਖਾ ਥਾ ਅਪਨਾ
ਉਨ੍ਹ ਤਕ ਪਹੁੰਚਤੇ ਪਹੁੰਚਤੇ ਕਟਾਰ ਬਨ ਗਯਾ।

ਉਨ੍ਹਾਂ ਕਿਹਾ ਕਿ ਪੱਤਰਕਾਰੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਗੱਲ ਇਸ ਤਰੀਕੇ ਨਾਲ ਲਿਖ ਦਿੰਦੇ ਹੋ ਤਾਂ ਇਹ ਲਿਖੀ ਗੱਲ ਹਾਕਮਾਂ ਦੇ ਸੀਨੇ ਕਟਾਰ ਬਣ ਕੇ ਚੁਭਦੀ ਹੈ। ਇਹੋ ਹੀ ਪੱਤਰਕਾਰੀ ਦੀ ਤਾਕਤ ਹੁੰਦੀ ਹੈ। ਐਵੇਂ ਨਹੀਂ ਕਿਹਾ ਗਿਆ ਕਿ ਪੱਤਰਕਾਰੀ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਉਨ੍ਹਾਂ ਪੱਤਰਕਾਰੀ ਦੇ ਇਤਿਹਾਸ ਦਾ ਸੰਖੇਪ ਵਿੱਚ ਜ਼ਿਕਰ ਕੀਤਾ ਕਿ ਪਹਿਲਾਂ ਪਹਿਲ ਇਹ ਗੱਲ ਚੀਨ ਤੋਂ ਸ਼ੁਰੂ ਹੋਈ, ਜਦੋਂ 594 ਈ.ਪੂ. 'ਚ ਉਨ੍ਹਾਂ ਲੱਕੜ ਦੇ ਗੁਟਕਿਆਂ ਦੀ ਕਾਢ ਕੱਢੀ ਤੇ ਆਪਣਾ ਛਾਪਾਖਾਨਾ ਬਣਾਇਆ। ਉਸ ਤੋਂ ਬਾਅਦ ਜਰਮਨ ਵਿੱਚ 1440 ਈਸਵੀ ਵਿੱਚ ਲੱਕੜ ਦੇ ਛਾਪਿਆਂ ਨਾਲ ਅਖਬਾਰਾਂ ਛਪਣੀਆਂ ਸ਼ੁਰੂ ਹੋਈਆਂ। ਇਹ ਸਫਰ 1500 ਈਸਵੀ ਤੱਕ ਇੰਨੀ ਤਰੱਕੀ ਕਰ ਗਿਆ ਕਿ ਇਸ ਦੀ ਗਿਣਤੀ ਵਧ ਗਈ। ਅਮਰੀਕਾ ਵਿੱਚ ਪਹਿਲਾਂ ਬੋਸਟਨ ਤੋਂ ਇੱਕ ਪੇਪਰ ਨਿਕਲਿਆ ਸੀ ਅਤੇ ਉਸ ਉਪਰੰਤ 1814 ਈਸਵੀ ਵਿੱਚ 'ਨਿਊ ਯਾਰਕ ਟਾਈਮਜ਼' ਸ਼ੁਰੂ ਹੋਇਆ ਤੇ ਇਸ ਨਾਲ ਪੱਤਰਕਾਰੀ ਦੇ ਖੇਤਰ ਵਿੱਚ ਭੁਚਾਲ ਆ ਗਿਆ। ਇਸ ਅਖਬਾਰ ਨੇ ਲੋਕਾਂ ਦੀਆਂ ਗੱਲਾਂ ਕੀਤੀਆਂ, ਲੋਕਾਂ ਦੀਆਂ ਸਮੱਸਿਆਵਾਂ ਉਭਾਰੀਆਂ, ਲੋਕਾਂ ਦੇ ਮੁੱਦਿਆਂ ਦੀਆਂ ਗੱਲਾਂ ਕੀਤੀਆਂ। ਬੇਸ਼ਕ ਦੇਸ਼ ਵਿੱਚ ਬੋਲਣ ਜਾਂ ਲਿਖਣ ਦੀ ਪਾਬੰਦੀ ਹੋਵੇ, ਪਰ ਅਖਬਾਰ 'ਨਿਊ ਯਾਰਕ ਟਾਈਮਜ਼' ਅਤੇ 'ਵਾਸ਼ਿੰਗਟਨ ਪੋਸਟ' ਨੇ ਆਪਣੀ ਗੱਲ ਲੋਕਾਂ ਦੇ ਹੱਕ ਵਿੱਚ ਰੱਖੀ ਹੈ।

ਭਾਰਤ ਵਿੱਚ ਪੱਤਰਕਾਰੀ ਦੇ ਸੰਦਰਭ ਵਿੱਚ ਉਨ੍ਹਾਂ ਦੱਸਿਆ ਕਿ 1780 ਵਿੱਚ ਬੰਗਾਲ ਵਿੱਚ 'ਬੰਗਾਲ ਗਜਟ' ਨਾਂ ਦਾ ਅਖਬਾਰ ਨਿਕਲਿਆ। ਜਦੋਂ ਈਸਟ ਇੰਡੀਆ ਕੰਪਨੀ ਇੰਡੀਆ 'ਤੇ ਰਾਜ ਕਰਦੀ ਸੀ, ਤਾਂ 'ਬੰਗਾਲ ਗਜਟ' ਪਹਿਲਾ ਪੇਪਰ ਸੀ ਜਿਸ ਨੇ ਈਸਟ ਇੰਡੀਆ ਕੰਪਨੀਆਂ ਦੀਆਂ ਧੱਕੇਸ਼ਾਹੀਆਂ ਵਿਰੁੱਧ ਲਿਖਿਆ। ਨਤੀਜੇ ਵਜੋਂ ਬ੍ਰਿਟਿਸ਼ ਸਰਕਾਰ ਨੇ ਇਸ ਪਰਚੇ ਨੂੰ ਜ਼ਬਤ ਕਰ ਲਿਆ। ਸ. ਸਹਿਰਾਅ ਨੇ ਕਿਹਾ ਕਿ ਪੱਤਰਕਾਰੀ ਦਾ ਇਹੋ ਧਰਮ ਹੁੰਦਾ ਹੈ; ਜਦੋਂ ਤੁਸੀਂ ਲੋਕਾਂ ਦੇ ਹੱਕ ਦੀ, ਸੱਚ ਦੀ ਗੱਲ ਕਰਦੇ ਹੋ ਤਾਂ ਅਖਬਾਰ 'ਤੇ ਛਾਪੇ ਵੀ ਵੱਜਣਗੇ, ਬੰਦ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਅਦ ਵਿੱਚ ਹੋਰ ਵੀ ਅਖਬਾਰ ਨਿਕਲਣੇ ਸ਼ੁਰੂ ਹੋਏ। ਪੰਜਾਬੀ ਦੇ ਅਖਬਾਰਾਂ ਦੀ ਗੱਲ ਕਰਦਿਆਂ 'ਦ ਟ੍ਰਿਬਿਊਨ', 'ਅਜੀਤ', 'ਪੰਜਾਬੀ ਟ੍ਰਿਬਿਊਨ' ਦੇ ਜ਼ਿਕਰ ਦੇ ਨਾਲ ਨਾਲ ਕ੍ਰਿਸਚਨ ਭਾਈਚਾਰੇ ਵੱਲੋਂ ਲੁਧਿਆਣਾ ਵਿੱਚ ਸ਼ੁਰੂ ਕੀਤੇ ਗਏ ਪਰਚੇ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਈਸਾਈ ਧਰਮ ਦਾ ਪ੍ਰਚਾਰ ਕਰਨਾ ਸੀ, ਪਰ ਇੱਕ ਗੱਲ ਇਸ ਅਖਬਾਰ ਨੇ ਚੰਗੀ ਕੀਤੀ ਕਿ ਉਸ ਨੇ ਸਿਹਤ ਅਤੇ ਸਿੱਖਿਆ ਦੇ ਸਬੰਧ ਵਿੱਚ ਵੀ ਗੱਲਾਂ ਕੀਤੀਆਂ। ਉਨ੍ਹਾਂ ਲੁਧਿਆਣਾ ਵਿੱਚ ਸੀ.ਐਮ.ਸੀ. ਮੈਡੀਕਲ ਕਾਲਜ ਖੋਲ੍ਹਿਆ ਤੇ ਨਾਲ ਦੀ ਨਾਲ ਸਕੂਲ ਵੀ ਖੋਲ੍ਹੇ। ਕਿਸੇ ਦੇਸ 'ਤੇ ਰਾਜ ਕਰਨ ਦਾ, ਕਿਸੇ ਕੌਮ ਨੂੰ ਖਤਮ ਕਰਨ ਦਾ ਇਹੋ ਤਰੀਕਾ ਹੁੰਦਾ ਹੈ ਕਿ ਉਸ ਦੀ ਬੋਲੀ ਮਾਰ ਦਿੱਤੀ ਜਾਵੇ, ਉਨ੍ਹਾਂ ਨੂੰ ਮੁਫਤ ਸਹੂਲਤਾਂ ਦੇ ਦਿੱਤੀਆਂ ਜਾਣ, ਪਰ ਇਸ ਪਿੱਛੇ ਡੂੰਘੀਆਂ ਸਾਜ਼ਿਸ਼ਾਂ ਹੁੰਦੀਆਂ ਹਨ।

ਸ. ਸਹਿਰਾਅ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਪੰਜਾਬੀ ਅਖਬਾਰਾਂ ਦੀ ਗੱਲ ਕਰੀਏ ਤਾਂ 1914 ਵਿੱਚ ਕੈਲੀਫੋਰਨੀਆ ਵਿੱਚ 'ਗਦਰ ਦੀ ਗੂੰਜ' ਅਖਬਾਰ ਨਿਕਲਿਆ ਸੀ। ਜਿਹੜੇ ਸਾਡੇ ਬਜ਼ੁਰਗ, ਜਿਨ੍ਹਾਂ ਕਰਕੇ ਅਸੀਂ ਇੱਥੇ ਬੈਠੇ ਹਾਂ, ਸਾਡੇ ਸਿਰਾਂ 'ਤੇ ਪੱਗਾਂ ਨੇ, ਜਿਨ੍ਹਾਂ ਕਰਕੇ ਸਾਨੂੰ ਬੋਲਣ-ਲਿਖਣ ਦੀ ਆਜ਼ਾਦੀ ਹੈ, ਜਿਨ੍ਹਾਂ ਕਰਕੇ ਸਾਨੂੰ ਇੱਥੇ ਰਹਿਣ ਦਾ ਹੱਕ ਮਿਲਿਆ, ਉਹ ਸਾਡੇ ਗਦਰੀ ਬਾਬੇ ਸਨ। ਉਨ੍ਹਾਂ ਸਟਾਕਟਨ ਵਿੱਚ ਅੱਜ ਵੀ ਮੌਜੂਦ ਉਸ ਛਾਪਾ ਮਸ਼ੀਨ (ਪ੍ਰੈਸ) ਦਾ ਜ਼ਿਕਰ ਕੀਤਾ, ਜਿਸ ਨਾਲ ਉਹ ਪੇਪਰ ਕੱਢਦੇ ਹੁੰਦੇ ਸੀ। ਪੇਪਰ ਵਿੱਚ ਲੇਖਾਂ, ਕਵਿਤਾਵਾਂ ਜ਼ਰੀਏ ਗੋਰਿਆਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਚਿਣਗ ਲਾਈ ਜਾਂਦੀ ਸੀ। ਉਨ੍ਹਾਂ ਕੈਨੇਡਾ, ਲੰਡਨ ਸਮੇਤ ਹੋਰਨਾਂ ਮੁਲਕਾਂ ਵਿੱਚ ਛਪਦੇ ਪੰਜਾਬੀ ਅਖਬਾਰਾਂ ਦਾ ਜ਼ਿਕਰ ਕਰਦਿਆਂ ਅਜਿਹੇ ਅਖਬਾਰਾਂ 'ਤੇ ਵਿਅੰਗ ਕੱਸਿਆ, ਜਿਨ੍ਹਾਂ ਦਾ ਮਕਸਦ ਸਿਰਫ ਪੈਸਾ ਕਮਾਉਣਾ ਹੈ। ਅਸੀਂ ਭਾਵੇਂ ਕਿਸੇ ਵੀ ਮੁਲਕ ਵਿੱਚ ਹੋਈਏ, ਪਰ ਲੋਕ ਮੁੱਦੇ ਇੱਕੋ ਜਿਹੇ ਹੀ ਹੁੰਦੇ ਹਨ। ਪੱਤਰਕਾਰੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# 'ਪੰਜਾਬੀ ਪਰਵਾਜ਼' ਨੇ ਭਰੀ ਇੱਕ ਹੋਰ ਪਰਵਾਜ਼

ਇਹ ਨਹੀਂ ਕਿ ਲੋਕਾਂ ਦੇ ਮੁੱਦੇ ਹੀ ਭੁੱਲ ਜਾਓ! ਜੇ ਸਾਡੇ ਅਖਬਾਰ ਸਾਡੇ ਮੁੱਦਿਆਂ ਦੀ ਗੱਲ ਕਰਨਗੇ, ਉਨ੍ਹਾਂ ਦੀ ਆਵਾਜ਼ ਬਨਣਗੇ ਤਾਂ ਉਹ ਅਖਬਾਰ ਹੀ ਜਿਉਂਦਾ ਰਹਿ ਸਕਦੇ ਨੇ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ 'ਪੰਜਾਬੀ ਪਰਵਾਜ਼' ਇਹ ਸਾਰੇ ਮੁੱਦੇ ਨਾਲ ਲੈ ਕੇ ਚੱਲ ਰਿਹਾ ਹੈ; ਤੇ ਇਸੇ ਤਰ੍ਹਾਂ ਹੀ ਚੱਲਣਾ ਚਾਹੀਦਾ ਹੈ, ਇਹੋ ਪੱਤਰਕਾਰੀ ਦਾ ਧਰਮ ਹੈ।

ਸ. ਸਹਿਰਾਅ ਨੇ ਸਾਹਿਤਕ ਪੱਤਰਕਾਰੀ ਦੀ ਗੱਲ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ 'ਫੁਲਵਾੜੀ' ਤੇ 'ਪ੍ਰੀਤਮ' ਪਰਚੇ ਨਿਕਲੇ ਸਨ, ਜੋ ਪ੍ਰੋ. ਮੋਹਨ ਸਿੰਘ ਤੇ ਹੀਰਾ ਸਿੰਘ ਦਰਦ ਕੱਢਦੇ ਹੁੰਦੇ ਸਨ। ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਅਤੇ ਭਾਪਾ ਪ੍ਰੀਤਮ ਸਿੰਘ ਨੇ 'ਆਰਸੀ' ਪਰਚਾ ਕੱਢਿਆ। ਉਸ ਤੋਂ ਬਾਅਦ ਤਾਂ ਸਾਹਿਤਕ ਪਰਚਿਆਂ ਦੀ ਝੜੀ ਲੱਗ ਗਈ ਹੈ, ਜਿਵੇਂ 'ਹੁਣ', 'ਰਾਗ', 'ਲਕੀਰ', 'ਅੱਖਰ' ਸਮੇਤ ਅਨੇਕਾਂ ਪਰਚੇ ਨਿਕਲਦੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਭਾਸ਼ਾ ਵਿਭਾਗ ਵੱਲੋਂ ਪੱਤਰਕਾਰੀ ਸਬੰਧੀ ਸਨਮਾਨ ਦਿੱਤੇ ਜਾਂਦੇ ਸਨ, ਪਰ ਹੁਣ ਸਾਹਿਤਕ ਪੱਤਰਕਾਰੀ ਬਾਰੇ ਵੀ ਇਨਾਮ ਰੱਖ ਦਿੱਤਾ ਗਿਆ ਹੈ, ਜਿਸ ਤਹਿਤ 'ਹੁਣ' ਦੇ ਸੰਪਾਦਕ ਅਤੇ 'ਪੰਜਾਬੀ ਪਰਵਾਜ਼' ਨਾਲ ਹਾਲੀਆ ਜੁੜੇ ਪੱਤਰਕਾਰ ਸੁਸ਼ੀਲ ਦੁਸਾਂਝ ਨੂੰ ਸਨਮਾਨ ਮਿਲ ਚੁਕਾ ਹੈ।

ਉਨ੍ਹਾਂ ਆਪਣੀ ਤਕਰੀਰ ਇਹ ਸੁਝਾਅ ਦਿੰਦਿਆਂ ਸਮੇਟੀ ਕਿ ਜੇ 'ਪੰਜਾਬੀ ਪਰਵਾਜ਼' ਨੇ ਹੋਰ ਉਚੀ ਉਡਾਣ ਭਰਨੀ ਹੈ ਤਾਂ ਬਿਨਾ ਕਿਸੇ ਤੋਂ ਧਮਕੇ ਲੋਕਾਂ ਦੀਆਂ ਮੁਸ਼ਕਿਲਾਂ ਤੇ ਲੋਕਾਂ ਦੇ ਮੁੱਦੇ ਨਾਲ ਲੈ ਕੇ ਚੱਲਣਾ ਪਵੇਗਾ ਅਤੇ ਨਾਲ ਦੀ ਨਾਲ ਉਸਾਰੂ ਸਾਹਿਤ ਵੀ; ਇਹ ਨਹੀਂ ਕਿ ਲੱਚਰ ਸਾਹਿਤ ਜਾਂ ਚੱਲਦੇ ਫਿਰਦੇ ਗੀਤਾਂ ਦੀ ਪਰਵਾਹ ਕੀਤੀ ਜਾਵੇ। ਇਹ ਐਨਾ ਸੌਖਾ ਨਹੀਂ, ਮੁਸ਼ਕਿਲਾਂ ਵੀ ਆਉਣਗੀ, ਕਿਉਂਕਿ ਆਪਣੇ ਘਰ ਨੂੰ ਲੱਗ ਲਾ ਕੇ ਪਰਚਾ ਕੱਢਣਾ ਵਾਲੀ ਗੱਲ ਹੈ। ਲੋਕਾਂ ਦੀ ਹਾਜ਼ਰੀ ਦੇਖਦਿਆਂ ਉਨ੍ਹਾਂ ਆਸ ਪ੍ਰਗਟਾਈ ਕਿ ਇਹ ਪਰਵਾਜ਼ ਹੋਰ ਵੀ ਪਰਵਾਜ਼ ਭਰੇਗਾ ਤੇ ਅੰਬਰਾਂ ਤੱਕ ਇਸ ਦੀ ਉਡਾਰੀ ਹੋਵੇਗੀ। ਇੱਥੇ ਜ਼ਿਕਰਯੋਗ ਹੈ ਕਿ ਦੂਜੇ ਮੁੱਖ ਬੁਲਾਰੇ ਸੀਨੀਅਰ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਸਿਹਤ ਸਬੰਧੀ ਸਮੱਸਿਆ ਦਰਪੇਸ਼ ਹੋਣ ਕਾਰਨ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਇੱਕ ਫੋਨ ਸੁਨੇਹੇ ਰਾਹੀਂ ਆਪਣੀਆਂ ਸ਼ੁਭ-ਇੱਛਾਵਾਂ ਭੇਜੀਆਂ ਹਨ। ਸ੍ਰੀ ਭੌਰਾ ਨੇ ਪੱਤਰਕਾਰੀ ਬਾਰੇ ਗੱਲਾਂ ਕਰਨੀਆਂ ਸਨ, ਪਰ ਉਨ੍ਹਾਂ ਦੇ ਗੈਰ-ਹਾਜ਼ਰ ਹੋ ਜਾਣ ਕਾਰਨ ਸ. ਸਹਿਰਾਅ ਨੇ ਪੱਤਰਕਾਰੀ ਨਾਲ ਜੁੜੇ ਸਰੋਕਾਰਾਂ ਦੀ ਸੁਚੱਜੇ ਢੰਗ ਨਾਲ ਗੱਲ ਕੀਤੀ।


ਸੱਤੀ ਸਤਵਿੰਦਰ


ਪੂਜਾ ਧਾਲੀਵਾਲ


ਨਿੰਮਾ ਡੱਲੇਵਾਲ


ਪੰਮੀ ਗਿੱਲ


ਸਿਮਰਨ ਕੌਰ









ਇਸੇ ਦੌਰਾਨ ਮੰਚ ਸੰਭਾਲਦਿਆਂ ਡਾ. ਹਰਜਿੰਦਰ ਸਿੰਘ ਖਹਿਰਾ ਨੇ ਉਚੇਚੇ ਤੌਰ 'ਤੇ ਪਹੁੰਚੇ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਦਾ ਸਵਾਗਤ ਕੀਤਾ ਅਤੇ ਭਾਰਤੀ ਅੰਬੈਸੀ ਰਾਹੀਂ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਐਮਰਜੈਂਸੀ ਸਮੇਂ ਛੁੱਟੀ ਹੋਣ ਦੇ ਬਾਵਜੂਦ ਸ੍ਰੀ ਘੋਸ਼ ਪੰਜਾਬੀ ਭਾਈਚਾਰੇ ਨੂੰ ਵੀਜ਼ਾ ਸੇਵਾਵਾਂ ਆਦਿ ਮੁਹੱਈਆ ਕਰਨ ਸਬੰਧੀ ਮਦਦਗਾਰ ਹੁੰਦੇ ਹਨ। ਉਨ੍ਹਾਂ ਮੁੱਖ ਮਹਿਮਾਨ ਲਖਬੀਰ ਸਿੰਘ ਢੀਂਡਸਾ (ਪਿੰਡ ਮਨਵੀ, ਮਲੇਰਕੋਟਲਾ) ਅਤੇ ਵਿਸ਼ੇਸ਼ ਮਹਿਮਾਨ ਜੇ.ਪੀ. ਖਹਿਰਾ ਬਾਰੇ ਸੰਖੇਪ ਜਾਣ-ਪਛਾਣ ਕਰਵਾਈ ਕਿ ਦੋਵੇਂ ਨੌਜਵਾਨ ਉਦਮੀ ਸ਼ਖਸੀਅਤਾਂ ਹਰ ਸੰਸਥਾ, ਚਾਹੇ ਉਹ ਸੱਭਿਆਚਾਰਕ, ਖੇਡ, ਸਮਾਜਿਕ ਤੇ ਧਾਰਮਿਕ ਹੋਵੇ, ਵਿੱਚ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਵਿਸ਼ੇਸ਼ ਮਹਿਮਾਨ ਜੇ.ਪੀ. ਖਹਿਰਾ ਕਾਰੋਬਾਰੀ ਰੁਝੇਵੇਂ ਕਾਰਨ ਦੁਰਾਡੇ ਗਏ ਹੋਣ ਕਰ ਕੇ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਆਪਣਾ ਵਿੱਤੀ ਯੋਗਦਾਨ ਪਰਚੇ ਨੂੰ ਭੇਜਿਆ।

ਇਸ ਮੌਕੇ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਅਖਬਾਰ ਦੇ ਪ੍ਰਬੰਧਕਾਂ- ਕੁਲਜੀਤ ਤੇ ਅਨੁਰੀਤ ਨੂੰ ਵਧਾਈ ਦਿੰਦਿਆਂ ਪ੍ਰਸ਼ੰਸਾ ਵਿੱਚ ਕਿਹਾ ਕਿ ਇੰਨੀ ਗਿਣਤੀ ਵਿੱਚ ਆ ਕੇ ਲੋਕ ਅਖਬਾਰ ਦੀ ਵਰ੍ਹੇਗੰਢ ਮਨਾ ਰਹੇ ਹਨ, ਇਹ ਸਿਰਫ ਪੰਜਾਬੀ ਅਤੇ ਬੰਗਾਲੀ ਸੱਭਿਆਚਾਰ ਵਿੱਚ ਹੀ ਸੰਭਵ ਹੈ (ਜ਼ਿਕਰਯੋਗ ਹੈ ਕਿ ਸ੍ਰੀ ਘੋਸ਼ ਮੂਲ ਰੂਪ ਵਿੱਚ ਬੰਗਾਲ ਤੋਂ ਹਨ)। ਉਨ੍ਹਾਂ ਕਿਹਾ ਕਿ ਮੈਂ ਤਿੰਨ ਨੁਕਤੇ ਕਹਾਂਗਾ- ਪਹਿਲਾ, ਮੇਰੇ ਵਿਚਾਰ ਵਿੱਚ ਪੰਜਾਬ ਦਾ ਮੇਰੇ ਲਈ ਕੀ ਅਰਥ ਹੈ, ਜਿਵੇਂ ਮੈਂ ਭਾਰਤ ਲਈ ਦੇਖਦਾ ਹਾਂ? ਦੂਜਾ, ਵਿਦੇਸ਼ਾਂ ਵਿੱਚ ਪੰਜਾਬੀ ਕਿਵੇਂ ਯੋਗਦਾਨ ਪਾਉਂਦੇ ਹਨ? ਤੀਜਾ, ਸਾਰੀਆਂ ਭਾਸ਼ਾਵਾਂ ਵਿੱਚ ਪੱਤਰਕਾਰੀ ਦੀ ਮਹੱਤਤਾ, ਖਾਸ ਕਰਕੇ ਖੇਤਰੀ ਭਾਸ਼ਾਵਾਂ ਵਿੱਚ। ਇਸ ਸਭ ਦੇ ਸੰਦਰਭ ਵਿੱਚ ਪੰਜਾਬ ਦੇ ਯੋਗਦਾਨ ਤੋਂ ਬਿਨਾ ਇਹ ਵਿਚਾਰ ਅਧੂਰਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਪੁਰਖਿਆਂ 'ਤੇ ਮਾਣ ਹੋਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਉਨ੍ਹਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਹਨ, ਕਿੰਨਾ ਕੁਝ ਝੱਲਿਆ ਹੈ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਯੋਗਦਾਨ ਪਾਇਆ ਹੈ। ਸ਼ਾਇਦ ਇਸੇ ਲਈ ਸਾਨੂੰ ਆਪਣੇ ਸੱਭਿਆਚਾਰ, ਭਾਸ਼ਾ ਨਾਲ ਇੰਨਾ ਲਗਾਓ ਹੈ। ਉਨ੍ਹਾਂ ਕਿਹਾ ਕਿ ਮੈਂ ਇੱਥੇ ਨੋਟ ਕੀਤਾ ਹੈ ਕਿ ਕਿਸੇ ਵੀ ਦੂਜੇ ਭਾਈਚਾਰੇ ਨਾਲੋਂ ਪੰਜਾਬੀਆਂ ਨੇ ਭਾਸ਼ਾ ਨਾਲ ਸਬੰਧਤ ਹੋਰ ਸਮਾਗਮ ਸ਼ਾਮਲ ਕੀਤੇ ਹਨ। ਉਨ੍ਹਾਂ ਪੰਜਾਬੀਆਂ ਦੇ ਮਾਣ ਵਿੱਚ ਕਿਹਾ ਕਿ ਪੰਜਾਬੀ ਇੱਥੇ ਅਤੇ ਹੋਰਨਾਂ ਦੇਸਾਂ ਵਿੱਚ ਭਾਰਤੀ ਡਾਇਸਪੋਰਾ ਦੇ ਅਲੰਬਰਦਾਰ ਵਜੋਂ ਉਭਰੇ ਹਨ।

ਸ੍ਰੀ ਘੋਸ਼ ਨੇ ਦੱਸਿਆ ਕਿ ਉਹ ਇੱਥੇ ਆਉਣ ਤੋਂ ਪਹਿਲਾਂ ਡਿਫੈਂਸ ਮੰਤਰਾਲੇ ਵਿੱਚ ਸਨ। ਪੰਜਾਬ ਦੇ ਲੋਕ ਸਾਡੀਆਂ ਹਥਿਆਰਬੰਦ ਫੌਜਾਂ ਵਿੱਚ ਯੋਗਦਾਨ ਪਾਉਂਦੇ ਹਨ। ਤੁਸੀਂ ਜਿੱਥੇ ਵੀ ਦੂਰ-ਦੁਰਾਡੇ ਜਾਓਗੇ, ਤੁਹਾਨੂੰ ਆਪਣੇ ਰਾਜ ਦੇ ਲੋਕ ਮਾਣ ਨਾਲ ਸੇਵਾ ਕਰਦੇ ਹੋਏ ਮਿਲਣਗੇ। ਇਸ ਲਈ ਮੇਰੇ ਲਈ ਪੰਜਾਬ ਦੇ ਮਾਇਨੇ ਵਿਸ਼ਾਲ ਹਨ, ਇਹ ਭਾਰਤ ਦੀ ਪਛਾਣ ਹੈ। ਉਨ੍ਹਾਂ ਦੇਸ-ਵਿਦੇਸ਼ ਵਿੱਚ ਪੰਜਾਬੀਆਂ ਦੇ ਸਕਾਰਾਤਮਕ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੱਤਰਕਾਰੀ ਦੀ ਭੂਮਿਕਾ ਮਹੱਤਵਪੂਰਨ ਹੈ। ਚੰਗੀਆਂ ਚੀਜ਼ਾਂ ਜੋ ਹੋ ਰਹੀਆਂ ਹਨ, ਜਾਂ ਜੋ ਤੁਸੀਂ ਕਰ ਰਹੇ ਹੋ; ਭਾਰਤੀ ਭਾਈਚਾਰਾ, ਪੰਜਾਬੀ ਭਾਈਚਾਰਾ ਜੋ ਵੀ ਕਰ ਰਿਹਾ ਹੈ, ਉਸ ਬਾਰੇ ਲਿਖਿਆ ਜਾਣਾ ਚਾਹੀਦਾ ਹੈ, ਗੱਲ ਕੀਤੀ ਜਾਣੀ ਚਾਹੀਦੀ ਹੈ। ਬਹੁਤ ਸਾਰੇ ਲੋਕ ਬਹੁਤ ਪਹਿਲਾਂ ਆਪਣਾ ਮੂਲ ਦੇਸ ਛੱਡ ਚੁੱਕੇ ਹਨ। ਕਈ ਵਾਰ ਤਸਵੀਰਾਂ ਅਤੇ ਯਾਦਾਂ ਅੱਜ ਦੇ ਸਮੇਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਬਿਰਤਾਂਤ ਵਿੱਚ ਇੱਕ ਪਾੜਾ ਹੁੰਦਾ ਹੈ, ਪਰ ਭਾਰਤੀ ਡਾਇਸਪੋਰਾ ਦੀ ਅਮਰੀਕਾ ਵਿੱਚ ਜੋ ਥਾਂ ਹੈ, ਉਹ ਜ਼ਿਕਰਯੋਗ ਹੈ। ਮੈਂ ਬਹੁਤ ਸਾਰੇ ਪੰਜਾਬੀ ਪਰਿਵਾਰਾਂ ਦੇ ਬੱਚੇ ਦੇਖੇ ਹਨ, ਜੋ ਵੈਸਟ ਪੁਆਇੰਟ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਉਹ ਬਹੁਤ ਵਧੀਆ ਕਰ ਰਹੇ ਹਨ। ਉਨ੍ਹਾਂ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਪੜ੍ਹਨਾ, ਲਿਖਣਾ ਜਾਂ ਆਪਣੀ ਵਿਰਾਸਤ ਬਾਰੇ ਸਭ ਕੁਝ ਸਿਖਾਉਣ ਦਾ ਸੁਝਾਅ ਦਿੱਤਾ।

ਸ੍ਰੀ ਘੋਸ਼ ਨੇ ਕਿਹਾ ਕਿ ਇਸ ਸਾਲ ਦੇ ਖਤਮ ਹੋਣ ਤੋਂ ਪਹਿਲਾਂ ਇਹ ਇੱਕ ਖਾਸ ਸਾਲ ਹੈ। ਨਵੰਬਰ ਵਿੱਚ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਮਨਾਉਣ ਜਾ ਰਹੇ ਹਾਂ। ਉਨ੍ਹਾਂ ਸੱਦਾ ਦਿੱਤਾ, 'ਕਿਉਂਕਿ ਮਿਡਵੈਸਟ ਦੀਆਂ ਸਟੇਟਾਂ ਦੇ ਮੇਰੇ ਸਾਰੇ ਦੋਸਤ ਇੱਥੇ ਹਨ, ਅਸੀਂ ਇਹ ਸ਼ਹੀਦੀ ਸਮਾਗਮ ਇਕੱਠੇ ਹੋ ਕੇ ਵੱਡੇ ਪੱਧਰ 'ਤੇ ਕਿਉਂ ਨਹੀਂ ਮਨਾਉਂਦੇ? ਅਜੇ ਵੀ ਸਮਾਂ ਹੈ। ਮੈਂ ਸ਼ਿਕਾਗੋ ਤੋਂ ਆਪਣੇ ਦੋਸਤਾਂ ਨੂੰ ਖਾਸ ਤੌਰ 'ਤੇ ਬੁਲਾਵਾਂਗਾ ਅਤੇ ਆਓ ਹੋਰ ਭਾਈਚਾਰਿਆਂ ਨੂੰ ਵੀ ਇਕੱਠੇ ਕਰੀਏ, ਕਿਉਂਕਿ ਸ਼ਹਾਦਤ ਦੀ ਕਹਾਣੀ ਕਦੇ ਨਹੀਂ ਮਰਦੀ; ਇਸਨੇ ਸਾਡੇ ਰਾਸ਼ਟਰ ਨੂੰ ਉਸਾਰਿਆ ਹੈ। ਆਓ ਇਕੱਠੇ ਕੰਮ ਕਰੀਏ ਤਾਂ ਜੋ ਇੱਥੇ ਕਿਤੇ ਜਾਂ ਜਿੱਥੇ ਵੀ ਤੁਸੀਂ ਫੈਸਲਾ ਕਰੋ, ਇਹ ਵਰ੍ਹੇਗੰਢ ਵੱਡੇ ਪੱਧਰ 'ਤੇ ਮਨਾਈਏ!'

ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਨੇ ਸਾਰੇ ਬੁਲਾਰਿਆਂ ਦੀ ਤਕਰੀਰ ਦੀ ਭਰਪੂਰ ਸ਼ਲਾਘਾ ਕੀਤੀ। ਸ੍ਰੀ ਘੋਸ਼ ਦੀ ਤਕਰੀਰ ਉਪਰੰਤ ਅਖਬਾਰ ਦੇ ਕੁਝ ਬੋਰਡ ਮੈਂਬਰਾਂ ਅਤੇ ਮਹਿਮਾਨਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਮਨਾਉਣ ਸਬੰਧੀ ਆਪਣੀ ਤਰਫੋਂ ਸਹਿਯੋਗ ਦੇਣ ਦੀ ਗੱਲ ਵੀ ਆਖੀ।

ਤਕਰੀਰਾਂ ਉਪਰੰਤ ਅਖਬਾਰ ਦੇ ਸਾਰੇ ਬੋਰਡ ਮੈਂਬਰਾਂ ਨੂੰ ਸਟੇਜ ਉਤੇ ਆਉਣ ਦਾ ਸੱਦਾ ਦਿੱਤਾ ਗਿਆ, ਜਿਨ੍ਹਾਂ ਨੇ ਹੁਣ ਤੱਕ ਅਖਬਾਰ ਦੀ ਵਿੱਤੀ ਅਤੇ ਇਖਲਾਕੀ ਤੌਰ 'ਤੇ ਮਦਦ ਕੀਤੀ ਹੈ। ਇਨ੍ਹਾਂ ਵਿੱਚ ਬਲਵਿੰਦਰ ਸਿੰਘ (ਬੌਬ) ਸੰਧੂ, ਦਵਿੰਦਰ ਸਿੰਘ ਰੰਗੀ, ਜਗਜੀਤ ਸਿੰਘ ਖੇੜਾ, ਬੇਅੰਤ ਸਿੰਘ ਬੋਪਾਰਾਏ, ਅਮਰੀਕ ਸਿੰਘ ਸ਼ਿਕਾਗੋ, ਕਿਰਪਾਲ ਸਿੰਘ ਰੰਧਾਵਾ, ਦੀਦਾਰ ਸਿੰਘ ਧਨੋਆ, ਯਾਦਵਿੰਦਰ ਸਿੰਘ (ਰਿੰਪੀ) ਖੱਟੜਾ, ਅਮਰਜੀਤ ਸਿੰਘ ਢੀਂਡਸਾ, ਗੁਰਵਿੰਦਰ ਸਿੰਘ (ਬੱਬੂ) ਐਪਲਟਨ, ਲਾਲੀ ਧਾਲੀਵਾਲ (ਮਿਸ਼ੀਗਨ), ਬਿਕਰਮ ਸਿੰਘ ਸਿੱਧੂ, ਅੰਮ੍ਰਿਤਪਾਲ ਸਿੰਘ ਗਿੱਲ, ਜੋਧ ਸਿੰਘ ਸਿੱਧੂ, ਬਲਵਿੰਦਰ ਸਿੰਘ ਚੱਠਾ, ਮਨਮਿੰਦਰ ਸਿੰਘ ਹੀਰ, ਗੁਰਪ੍ਰੀਤ ਕੇ. ਸਿੰਘ, ਜਿਗਰਦੀਪ ਸਿੰਘ ਢਿੱਲੋਂ ਤੇ ਅਮਨਦੀਪ ਸਿੰਘ ਕੁਲਾਰ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਕੁਝ ਬੋਰਡ ਮੈਂਬਰ ਜ਼ਰੂਰੀ ਰੁਝੇਵਿਆਂ ਕਾਰਨ ਜਾਂ ਪਰਿਵਾਰਕ ਸਮਾਗਮਾਂ ਕਾਰਨ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਨੇ ਆਪਣੀਆਂ ਸ਼ੁਭ-ਇੱਛਾਵਾਂ ਭੇਜੀਆਂ ਹਨ, ਉਹ ਹਨ- ਗੁਰਿੰਦਰਜੀਤ ਸਿੰਘ ਗਰੇਵਾਲ (ਮੈਡੀਸਨ), ਮਨਜਿੰਦਰ ਸਿੰਘ (ਮੈਕ) ਭਮਰਾ, ਦਰਸ਼ਨ ਸਿੰਘ ਪੰਮਾ, ਬਲਜੀਤ ਸਿੰਘ ਸਿੱਧੂ (ਫਲੋਰਿਡਾ), ਮਿੰਨੀ ਮੁਲਤਾਨੀ, ਇੰਦਰ ਹੁੰਜਣ, ਪਰਮਿੰਦਰ ਸਿੰਘ ਕੈਲੀਫੋਰਨੀਆ, ਪਰਮਜੀਤ ਸਿੰਘ ਸਿੱਧੂ ਮਹਿਰਾਜ ਤੇ ਹਰਕੇਵਲ ਸਿੰਘ ਲਾਲੀ।

ਇਸ ਮੌਕੇ ਕੌਂਸਲ ਜਨਰਲ ਸ੍ਰੀ ਘੋਸ਼ ਅਤੇ ਮੁੱਖ ਮਹਿਮਾਨ ਬਿਜ਼ਨਸਮੈਨ ਲਖਬੀਰ ਸਿੰਘ ਢੀਂਡਸਾ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਮਾਗਮ ਦੇ ਪਲਾਟੀਨਮ ਸਪਾਂਸਰ 'ਯੂ.ਐਸ. ਐਨਰਜੀ (ਆਇਲ)' ਦੇ ਨੁਮਾਇੰਦਿਆਂ- ਰਿਕ ਰੋਮੇਰੋ ਤੇ ਕੇਲਨ ਗ੍ਰੈਡੀ ਦਾ ਵੀ ਉਚੇਚਾ ਸਨਮਾਨ ਕੀਤਾ ਗਿਆ, ਕਿਉਂਕਿ ਗੈਰ-ਪੰਜਾਬੀ ਹੋਣ ਦੇ ਬਾਵਜੂਦ ਉਨ੍ਹਾਂ 'ਪੰਜਾਬੀ ਪਰਵਾਜ਼ ਨਾਈਟ' ਨੂੰ ਸਹਿਯੋਗ ਦਿੱਤਾ। ਦੱਸ ਦਈਏ, ਇਹ ਬਿਜ਼ਨਸਮੈਨ ਅਖਬਾਰ ਦੇ ਬੋਰਡ ਮੈਂਬਰ ਬਲਵਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ ਸੰਧੂ ਤੇ ਸੋਨੀ ਜੱਜ ਦੇ ਕਾਰੋਬਾਰੀ-ਮਿੱਤਰਚਾਰੇ ਵਿੱਚੋਂ ਹਨ। ਇਸ ਤੋਂ ਇਲਾਵਾ ਲੇਖਕ ਰਵਿੰਦਰ ਸਹਿਰਾਅ, ਗਾਇਕ ਪੂਜਾ ਧਾਲੀਵਾਲ ਤੇ ਨਿੰਮਾ ਡੱਲੇਵਾਲ ਦਾ ਵੀ ਬੋਰਡ ਵੱਲੋਂ ਸਨਮਾਨ ਕੀਤਾ ਗਿਆ।

ਸਨਮਾਨ ਦੀ ਰਸਮ ਉਪਰੰਤ ਲੰਮਾ ਸਮਾਂ ਰੇਡੀਓ ਰੌਣਕ ਮੇਲਾ ਚਲਾਉਂਦੇ ਰਹੇ ਪੰਮੀ ਗਿੱਲ ਨੇ ਇਸ ਸ਼ੇਅਰ ਨਾਲ ਆਗਾਜ਼ ਕੀਤਾ,

ਜਿਨ੍ਹਾਂ ਲਫਜ਼ਾਂ ਵਿੱਚ ਤੇਰਾ ਨਾਂ ਲਿਖਾਂ,





⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਉਨ੍ਹਾਂ ਲਫਜ਼ਾਂ 'ਚੋਂ ਖੁਸ਼ਬੋ ਆਵੇ।
ਲੱਖ ਦੁਆਵਾਂ ਉਸ ਹਵਾ ਨੂੰ,
ਜਿਹੜੀ ਤੇਰੀ ਗਲੀ ਵਿੱਚੋਂ ਹੋ ਆਵੇ।

ਪੰਮੀ ਗਿੱਲ ਨੇ ਸਮਾਗਮ ਨੂੰ ਦੋ ਰੰਗਾਂ- ਪੱਤਰਕਾਰੀ ਬਾਰੇ ਵਿਚਾਰਾਂ ਤੇ ਗੀਤ-ਸੰਗੀਤ ਦਾ ਸੁਮੇਲ ਦੱਸਦਿਆਂ ਸ਼ਲਾਘਾ ਕੀਤੀ ਅਤੇ ਅਖਬਾਰ ਵੱਲੋਂ ਰੋਸ਼ਨ ਪੈੜਾਂ ਪਾਉਣ ਦੀ ਆਸ ਪ੍ਰਗਟਾਈ। ਉਨ੍ਹਾਂ ਬਿਨਾ ਸੰਗੀਤ ਤੋਂ ਇੱਕ ਗੀਤ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ' ਗਾ ਕੇ ਹਾਜ਼ਰੀ ਲੁਆਈ।

ਮਿਲਵਾਕੀ ਤੋਂ ਆਏ ਪੂਜਾ ਧਾਲੀਵਾਲ ਨੇ ਆਪਣੇ ਬਹੁਤ ਹੀ ਖੂਬਸੂਰਤ ਗੀਤ 'ਬਸ ਵਕਤ ਸਾਂਭ ਬੰਦਿਆ, ਇਹ ਜੋ ਪਲ ਹੈ ਓਹੀਓ ਤੇਰਾ' ਜ਼ਰੀਏ ਵਕਤ ਨਾਲ ਜੁੜੀਆਂ ਮਹੱਤਤਾਵਾਂ ਨੂੰ ਪੇਸ਼ ਕੀਤਾ; ਤੇ ਗੀਤ ਦੇ ਬੋਲ ਨਸੀਹਤਾਂ ਭਰਪੂਰ ਸਨ। ਉਸ ਨੇ ਇੱਕ ਹੋਰ ਭਾਵਪੂਰਤ ਗੀਤ ਪੇਸ਼ ਕੀਤਾ, ਜਿਸ ਵਿੱਚ 'ਬਾਬੇ ਨਾਨਕ ਦੇ ਪੰਜਾਬ' ਦੀ ਗੱਲ ਸੀ। ਇਹ ਗੀਤ ਪੁਰਾਣੇ ਪੰਜਾਬ ਅਤੇ ਅੱਜ ਦੇ ਪੰਜਾਬ ਦੀ ਤਸਵੀਰਕਸ਼ੀ ਕਰਦਾ ਸੀ। ਅੱਜ ਦੇ ਰੌਲੇ-ਰੱਪੇ ਵਾਲੇ ਬਹੁਤੇ ਗੀਤਾਂ ਨਾਲੋਂ ਪੂਜਾ ਦੇ ਇਸ ਗੀਤ ਦੀ ਸੰਜੀਦਗੀ, ਬੋਲਾਂ ਦੇ ਅਰਥ ਬੜੇ ਵਿਸ਼ਾਲ ਸਨ। ਇਸ ਤੋਂ ਪਹਿਲਾਂ ਕੁਲਵਿੰਦਰ ਧਾਲੀਵਾਲ ਤੇ ਪੂਜਾ ਧਾਲੀਵਾਲ ਦੀ ਧੀ ਸਿਮਰਨ ਨੇ ਗੀਤ 'ਠੋਕਰਾਂ ਹੀ ਤੈਨੂੰ ਚੱਲਣਾ ਸਿਖਾਉਣਗੀਆਂ' ਪੇਸ਼ ਕੀਤਾ।

ਓਹਾਇਓ ਤੋਂ ਆਏ ਗਾਇਕ ਨਿੰਮਾ ਡੱਲੇਵਾਲ ਨੇ ਆਪਣਾ ਗੀਤ 'ਸੁਪਨੇ 'ਚ ਰਾਤੀਂ ਮੈਂ ਘੁੰਮ ਕੇ ਪੰਜਾਬ ਆਇਆ' ਪੇਸ਼ ਕੀਤਾ। ਉਸ ਵਿੱਚ ਉਸ ਨੇ ਪਰਦੇਸੀਆਂ ਦੀ ਆਪਣੇ ਪਿੰਡ ਤੇ ਆਪਣੇ ਪੰਜਾਬ ਨਾਲ ਜੁੜੀਆਂ ਯਾਦਾਂ ਨੂੰ ਬਿਨਾ ਸੰਗੀਤ ਦੀਆਂ ਤਰਜਾਂ ਤੋਂ ਪੇਸ਼ ਕੀਤਾ। ਗੀਤ ਵਿੱਚ ਪੰਜਾਬ ਤੋਂ ਵਿਛੜਨ ਦਾ ਦਰਦ ਸੀ। ਉਸ ਨੇ ਆਪਣੇ ਕੁਝ ਸ਼ੇਅਰ ਵੀ ਸੁਣਾਏ, ਜਿਸ ਵਿੱਚੋਂ ਇੱਕ ਦੇ ਬੋਲ ਸਨ, 'ਜਦ ਵੀ ਰੁਕਿਆ ਬੰਦਾ ਹੀ ਰੁਕਿਆ, ਵਕਤ ਕਦੇ ਨਾ ਰੁਕਦਾ ਯਾਰੋ।' ਉਸ ਨੇ ਆਪਣਾ ਇੱਕ ਹੋਰ ਗੀਤ 'ਮੇਰਾ ਸਾਈਕਲ' ਵੀ ਸੁਣਾਇਆ। ਫਿਰ ਉਸ ਨੇ ਸਮਾਗਮ ਵਿੱਚ ਪਹੁੰਚੀਆਂ ਬੀਬੀਆਂ ਦੇ ਮਾਣ ਵਿੱਚ 'ਬਿਨਾ ਲੜ ਸੋਹਣਿਆਂ, ਤੇਰੀ ਲਾੜੀ ਬਣ ਕੇ ਆਈ ਆਂ' ਸੁਣਾਇਆ।

ਮੁੱਖ ਗਾਇਕ ਸੱਤੀ ਸਤਵਿੰਦਰ ਨੇ ਸਟੇਜ 'ਤੇ ਆਉਂਦਿਆਂ ਹੀ ਸਟੇਜ ਤੋਂ ਫਤਹਿ ਬੁਲਾਈ ਅਤੇ 'ਛੇਵੇਂ ਦਰਿਆ' (ਬਾਰ) ਨੇੜੇ ਖੜੇ ਸੱਜਣਾਂ ਨੂੰ ਸਟੇਜ ਦੇ ਨੇੜੇ ਆਉਣ ਦੀ ਅਰਜੋਈ ਕੀਤੀ। ਉਸ ਨੇ ਮਹਿਮਾਨਾਂ ਨਾਲ ਰਾਬਤਾ ਬਣਾਉਂਦਿਆਂ ਪਹਿਲਾਂ ਕੁਝ ਪੰਜਾਬੀਅਤ ਬਾਰੇ ਗੱਲਾਂਬਾਤਾਂ ਕੀਤੀਆਂ ਅਤੇ ਕਿਹਾ 'ਜਿਹੜਾ ਬੰਦਾ ਦੇਸ ਭੁੱਲ ਗਿਆ, ਉਹ ਜਿੱਥੇ ਮਰਜੀ ਵਗ ਜਾਵੇ, ਓਹਦਾ ਦੇਸ ਹੈ ਨਹੀਂ।' ਉਸ ਨੇ ਆਪਣੀ ਗਾਇਕੀ ਦਾ ਆਗਾਜ਼ ਮਾਂ ਬਾਰੇ ਗੀਤ ਗਾ ਕੇ ਕੀਤਾ। ਫਿਰ ਪਿਓ ਨੂੰ ਸਮਰਪਿਤ ਗੀਤ 'ਤੇਰੇ ਕਰਕੇ ਬਾਪੂ ਕੋਠੀਆਂ-ਕਾਰਾਂ ਵਾਲੇ ਆਂ' ਪੇਸ਼ ਕੀਤਾ। ਇਸ ਦੌਰਾਨ ਕਈ ਮਹਿਮਾਨਾਂ ਨੇ ਪ੍ਰਭਾਵਿਤ ਹੋ ਕੇ ਗਾਇਕ ਦਾ ਡਾਲਰਾਂ ਨਾਲ ਮਾਣ-ਤਾਣ ਵੀ ਕੀਤਾ।

ਉਪਰੰਤ ਉਸ ਨੇ ਕਿਸਾਨੀ ਦੀ ਗੱਲ ਕਰਦਿਆਂ ਪਿੰਡ ਦੀ ਜ਼ਮੀਨ ਨਾ ਵੇਚਣ ਅਤੇ ਪੰਜਾਬੀ ਬੋਲਣ ਤੇ ਸਿੱਖਣ ਦੀ ਨਸੀਹਤ ਕੀਤੀ। ਉਸ ਨੇ ਕਿਹਾ ਕਿ ਅਜਿਹੀਆਂ ਗੱਲਾਂ 'ਤੇ ਪਹਿਰਾ ਦਈਏ, ਝੰਡੇ ਚੁੱਕਣ ਨਾਲ ਕੁਝ ਨਹੀਂ ਹੋਣਾ, ਸਾਡਾ ਖਾਲਿਸਤਾਨ ਉਥੇ ਦਾ ਉਥੇ ਹੈ। ਉਸ ਨੇ ਗੀਤ 'ਛਬੀਆਂ-ਗੰਡਾਸੀਆਂ ਨਾਲ ਰਹੀਏ ਖੇਡਦੇ, ਪਰ ਸਾਨੂੰ ਲੜਨੇ ਦਾ ਕੋਈ ਸ਼ੌਕ ਨਹੀਂ", 'ਛੱਲਾ', 'ਮੁੰਡਾ ਹਰ ਥਾਂ ਐਂਡ ਕਰਾਉਂਦਾ, ਐਵੇਂ ਨਾ ਤੂੰ ਜਾਣੀ ਬੱਲੀਏ' ਤੇ ਕੁਝ ਹੋਰ ਗੀਤ ਸੁਣਾਏ। ਉਸ ਨੇ ਕੁਝ ਸ਼ੇਅਰ ਅਤੇ ਹਾਸ ਤੇ ਵਿੰਅਗ ਭਰਪੂਰ ਗੱਲਾਂ ਵੀ ਸੁਣਾਈਆਂ। ਸੱਤੀ ਨੇ 'ਓ ਮੇਰੀ ਮਹਿਬੂਬਾ' ਸਮੇਤ ਕੁਝ ਹਿੰਦੀ ਗੀਤਾਂ ਦੇ ਮੁਖੜੇ ਵੀ ਸੁਣਾਏ। ਜਦੋਂ ਉਸ ਨੇ ਬੋਲੀਆਂ ਪਾਉਣੀਆਂ ਸ਼ੁਰੂ ਕੀਤੀਆਂ ਤਾਂ ਮਹਿਮਾਨ ਬੀਬੀਆਂ ਗਿੱਧੇ ਦੇ ਪਿੜ ਵਿੱਚ ਆ ਕੇ ਨੱਚਣ ਲੱਗੀਆਂ ਤੇ ਅਖਬਾਰ ਦੇ ਪ੍ਰੋਗਰਾਮ ਨੂੰ ਪਰਿਵਾਰਕ ਪ੍ਰੋਗਰਾਮ ਦਾ ਰੰਗ ਚੜ੍ਹ ਗਿਆ। ਬੀਬੀਆਂ ਦੇ ਨੱਚਣ ਉਪਰੰਤ ਭੰਗੜੇ ਦੇ ਸ਼ੌਕੀਨਾਂ ਨੇ ਪਿੜ ਮੱਲ ਲਿਆ ਤੇ ਉਨ੍ਹਾਂ ਗਾਇਕ ਵੱਲੋਂ ਪੇਸ਼ ਕੀਤੇ ਮਸ਼ਹੂਰ ਗੀਤਾਂ/ਬੋਲੀਆਂ ਉਤੇ ਪੈਰ ਥਿਰਕਾਅ ਕੇ ਅਖਬਾਰ ਦੀ ਵਰ੍ਹੇਗੰਢ ਦੇ ਜਸ਼ਨ ਨੂੰ ਚਾਰ ਚੰਨ ਲਾਏ।

ਗਾਇਕ ਸੱਤੀ ਅਖਬਾਰ ਦੇ ਬੋਰਡ ਮੈਂਬਰ ਗੁਰਵਿੰਦਰ ਸਿੰਘ (ਬੱਬੂ) ਐਪਲਟਨ ਦੇ ਸੱਦੇ 'ਤੇ ਆਏ ਹੋਏ ਸਨ। ਸੱਤੀ ਸਨਿਚਰਵਾਰ ਦੀ ਸਵੇਰੇ ਹੀ ਭਾਰਤ ਤੋਂ ਪਹੁੰਚੇ ਸਨ। ਥਕੇਵੇਂ ਦੇ ਬਾਵਜੂਦ ਸੱਤੀ ਨੇ ਗਾਇਕੀ ਦਾ ਖੂਬ ਅਖਾੜਾ ਲਾਇਆ। ਫਿਲਮਸਾਜ਼ ਮ੍ਰਿਦੂ ਚੰਦਰਾ ਨੇ ਮਰਹੂਮ ਪੰਜਾਬੀ/ਸਿੱਖ ਕਾਂਗਰਸਮੈਨ ਦਲੀਪ ਸਿੰਘ ਸੋਂਧ ਬਾਰੇ ਜਾਣਕਾਰੀ ਦੇਣ ਲਈ ਟੇਬਲ ਲਾਇਆ ਹੋਇਆ ਸੀ, ਜਿਸ ਦੌਰਾਨ ਉਹ ਸ੍ਰੀ ਸੋਂਧ ਬਾਰੇ ਬਣਾਈ ਜਾ ਰਹੀ ਫਿਲਮ ਸਬੰਧੀ ਦੱਸ ਰਹੇ ਸਨ। ਇਸ ਤੋਂ ਇਲਾਵਾ 'ਈ3 ਟੂਰ' ਦੇ ਸਾਜਿਦ ਘਨੀ ਅਤੇ 'ਨੈਟਵਰਕਥ 360' ਦੇ ਜੈਏਸ਼ ਭੱਟ ਆਪੋ-ਆਪਣੇ ਕਾਰੋਬਾਰ ਬਾਰੇ ਮਸ਼ਹੂਰੀ ਕਰਨ ਪਹੁੰਚੇ ਹੋਏ ਸਨ।

ਸਮਾਗਮ ਵਿੱਚ ਦੂਜੇ ਭਾਈਚਾਰਿਆਂ ਦੇ ਸੱਜਣ ਵੀ ਸ਼ਾਮਲ ਹੋਏ, ਪਰ ਪ੍ਰੋਗਰਾਮ ਮਿਥੇ ਸਮੇਂ ਤੋਂ ਥੋੜ੍ਹਾ ਦੇਰ ਨਾਲ ਸ਼ੁਰੂ ਹੋਣ ਕਾਰਨ ਅਤੇ ਕੁਝ ਮਹਿਮਾਨਾਂ ਦੇ ਬੈਠਣ ਲਈ ਪ੍ਰਬੰਧ ਦਰਵਾਜ਼ੇ ਦੇ ਨੇੜੇ ਹੋਣ ਕਾਰਨ ਉਨ੍ਹਾਂ ਨੂੰ ਅਸੁਵਿਧਾ ਹੋਈ। ਇਸ ਤੋਂ ਇਲਾਵਾ ਮੁੱਖ ਗਾਇਕ ਦੇ ਗਾਉਣ ਦੇ ਸਮੇਂ ਦੌਰਾਨ ਕੁਝ ਮਹਿਮਾਨ ਖਾਣਾ ਖਾ ਕੇ ਜਾਣ ਲੱਗ ਪਏ। ਮਿਥੇ ਪ੍ਰੋਗਰਾਮ ਨੂੰ ਧਿਆਨ ਵਿੱਚ ਰੱਖਦਿਆਂ ਦੋ ਬੁਲਾਰਿਆਂ ਨੂੰ ਸਮਾਂ ਨਾ ਦਿੱਤਾ ਜਾ ਸਕਿਆ, ਜਦਕਿ ਕੁਝ ਮਹਿਮਾਨ ਇੱਕ ਸ਼ਾਇਰ ਦੀ ਸ਼ਾਇਰੀ ਸੁਣਨ ਦੇ ਵੀ ਚਾਹਵਾਨ ਸਨ। ਇੱਕਾ-ਦੁੱਕਾ ਤਰੁਟੀਆਂ ਸਬੰਧੀ ਕੁਝ ਮਹਿਮਾਨਾਂ ਦੇ ਸੁਝਾਅ ਵੀ ਮਿਲੇ ਹਨ, ਜਿਨ੍ਹਾਂ ਸਬੰਧੀ ਅਗਲੇ ਸਾਲ ਉਚੇਚਾ ਧਿਆਨ ਰੱਖਣ ਦਾ ਤਹੱਈਆ ਕੀਤਾ ਗਿਆ। ਖ਼ੈਰ! ਮਹਿਮਾਨਾਂ ਨੇ ਮਨਜੀਤ ਸਿੰਘ ਪਾਲੀਆ ਦੀ ਅਗਵਾਈ ਹੇਠ 'ਟੇਸਟ ਆਫ ਇੰਡੀਆ' ਦੀ ਟੀਮ ਵੱਲੋਂ ਪਰੋਸੇ ਗਏ ਸਵਾਦੀ ਖਾਣੇ ਦੀ ਭਰਪੂਰ ਸ਼ਲਾਘਾ ਕੀਤੀ।


































# 'ਪੰਜਾਬੀ ਪਰਵਾਜ਼ ਨਾਈਟ' ਮੌਕੇ ਲੱਗੀਆਂ ਮਹਿਮਾਨਾਂ ਦੀਆਂ ਰੌਣਕਾਂ




ਤਸਵੀਰਾਂ ਤੇ ਵੀਡੀਓਗ੍ਰਾਫੀ: ਸੁਰੇਸ਼ ਬੋਦੀਵਾਲਾ (ਏਸ਼ੀਅਨ ਮੀਡੀਆ, ਸ਼ਿਕਾਗੋ)

# ਧੰਨਵਾਦ ! ਧੰਨਵਾਦ ! ! ਧੰਨਵਾਦ ! ! !

**'ਪੰਜਾਬੀ ਪਰਵਾਜ਼ ਨਾਈਟ-2025' ਮੌਕੇ ਸ਼ਿਕਾਗੋਲੈਂਡ ਦੇ ਪਤਵੰਤੇ ਸੱਜਣਾਂ ਅਤੇ ਨੇੜਲੀਆਂ ਸਟੇਟਾਂ- ਵਿਸਕਾਨਸਿਨ, ਇੰਡੀਆਨਾ, ਮਿਸ਼ੀਗਨ ਤੇ ਓਹਾਇਓ ਦੇ ਵੱਖ ਵੱਖ ਸ਼ਹਿਰਾਂ ਤੋਂ ਮਹਿਮਾਨ ਤੇ ਵੱਖ ਵੱਖ ਪੰਜਾਬੀ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। 'ਪੰਜਾਬੀ ਪਰਵਾਜ਼' ਵੱਲੋਂ ਉਨ੍ਹਾਂ ਸਾਰੇ ਮਹਿਮਾਨਾਂ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਸਮਾਗਮ ਨੂੰ ਯਾਦਗਾਰੀ ਬਣਾਇਆ। ਇਸ ਤੋਂ ਇਲਾਵਾ ਉਨ੍ਹਾਂ ਸਹਿਯੋਗੀ ਸੱਜਣਾਂ ਦਾ ਵੀ ਧੰਨਵਾਦ ਕਰਦੇ ਹਾਂ, ਜੋ ਕਿਸੇ ਰੁਝੇਵੇਂ ਕਾਰਨ ਪਹੁੰਚ ਨਹੀਂ ਸਕੇ, ਪਰ ਇਖਲਾਕੀ/ਵਿੱਤੀ ਤੌਰ 'ਤੇ ਅਖਬਾਰ ਨੂੰ ਆਪਣੀਆਂ ਸ਼ੁਭ ਇੱਛਾਵਾਂ ਭੇਜੀਆਂ। ਅਸੀਂ ਉਮੀਦ ਕਰਦੇ ਹਾਂ ਕਿ ਭਾਈਚਾਰੇ ਦੀਆਂ ਇਹ ਸਭ ਸੁਹਿਰਦ ਸ਼ਖਸੀਅਤਾਂ ਭਵਿੱਖ ਵਿੱਚ ਵੀ 'ਪੰਜਾਬੀ ਪਰਵਾਜ਼' ਨਾਲ ਜੁੜ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦੇ ਰਹਿਣ ਵਿੱਚ ਅਖਬਾਰ ਨੂੰ ਖਾਸ ਸਹਿਯੋਗ ਦੇਣਗੀਆਂ।**

## 'ਪੰਜਾਬੀ ਪਰਵਾਜ਼ ਨਾਈਟ' ਦੀ ਸ਼ਾਨ ਬਣਨ ਵਾਲੇ ਸਾਰੇ ਮਹਿਮਾਨਾਂ ਦਾ ਧੰਨਵਾਦ

ਇਸ ਮੌਕੇ ਸਥਾਨਕ ਮਹਿਮਾਨਾਂ ਵਿੱਚ ਬੋਰਡ ਮੈਂਬਰਾਂ ਤੋਂ ਇਲਾਵਾ ਜਸਵਿੰਦਰ ਸਿੰਘ (ਜੱਸੀ) ਸੰਧੂ, ਸੋਨੀ ਜੱਜ ਤੇ ਭੁਪਿੰਦਰ ਸਿੰਘ ਢਿੱਲੋਂ ਪਰਿਵਾਰ ਸਮੇਤ, ਜਦਕਿ ਜਗਜੀਤ ਸਿੰਘ ਖੇੜਾ ਉਚੇਚਾ ਓਕਲਾਹੋਮਾ ਸਟੇਟ ਤੋਂ ਪਹੁੰਚੇ ਹੋਏ ਸਨ। ਡਾ. ਗੁਰਦਿਆਲ ਸਿੰਘ ਬਸਰਾਨ ਤੇ ਸੁਰਿੰਦਰ ਕੌਰ ਬਸਰਾਨ, ਮਨਜੀਤ ਗਿੱਲ ਤੇ ਪੰਮੀ ਗਿੱਲ, ਮਨਮੋਹਨ ਸਿੰਘ ਤੇ ਮੋਹਿੰਦਰ ਕੌਰ ਮਿਨਹਾਸ, ਜੈਦੇਵ ਸਿੰਘ (ਸੱਤੀ) ਭੱਠਲ, ਸੰਨੀ ਕੁਲਾਰ ਤੇ ਰੌਨੀ ਕੁਲਾਰ, ਡਾ. ਸੁਰਜੀਤ ਕੌਰ ਭੰਗੂ, ਪਰਮਿੰਦਰ ਵਾਲੀਆ ਤੇ ਸੁਖਦੀਪ ਵਾਲੀਆ, ਗੁਲਜ਼ਾਰ ਸਿੰਘ ਮੁਲਤਾਨੀ, ਜਸਪਾਲ ਸਿੰਘ, ਲੱਕੀ ਸਹੋਤਾ ਤੇ ਕਮਲ ਸਹੋਤਾ, ਭੁਪਿੰਦਰ ਸਿੰਘ ਭੰਗੂ ਤੇ ਸਰਬਜੀਤ ਕੌਰ ਭੰਗੂ, ਰੂਪੀ ਸਿੱਧੂ, ਮਨਦੀਪ ਕੌਰ ਮਾਨ ਤੇ ਪਰਮਿੰਦਰ ਸਿੰਘ ਮਾਨ, ਤਾਸ਼ਾ ਸੰਧੂ ਤੇ ਜਨਜੀਤ (ਜੇ.ਜੇ.) ਢਿੱਲੋਂ, ਇੰਦਰਜੀਤ ਸਿੰਘ ਸਰਾਓ, ਜਗਜੀਤ ਸਿੰਘ ਢੀਂਡਸਾ, ਹਰਵੀਰ ਵਿਰਕ, ਮਨਜੀਤ ਸਿੰਘ ਧਨੋਆ, ਨਿਰਭੈਅ ਸਿੰਘ ਧਨੋਆ ਤੇ ਸਾਥੀ ਉਚੇਚੇ ਤੌਰ 'ਤੇ ਹਾਜ਼ਰ ਸਨ।

ਇਸ ਤੋਂ ਇਲਾਵਾ 5ਰਿਵਰਜ਼ ਐਂਟਰਟੇਨਮੈਂਟ ਦੇ ਡਾ. ਵਿਕਰਮ ਗਿੱਲ, ਗੁਰਪ੍ਰੀਤ ਸਿੱਧੂ, ਜੇ.ਡੀ. ਢਿੱਲੋਂ, ਅੰਮ੍ਰਿਤਪਾਲ ਮਾਂਗਟ ਤੇ ਇੰਦਰ ਵਿਰਕ ਅਤੇ ਪੀ.ਸੀ.ਐਸ. ਸ਼ਿਕਾਗੋ ਦੇ ਪ੍ਰਧਾਨ ਨਵਤੇਜ ਸੋਹੀ, ਬਲਵਿੰਦਰ ਗਿਰਨ, ਰਾਜਿੰਦਰ ਸਿੰਘ ਮਾਗੋ, ਰਿਐਲਟਰ ਵਿੱਕ ਸਿੰਘ, ਹਰਵਿੰਦਰਪਾਲ ਸਿੰਘ ਲੈਲ, ਗੁਰਲਾਲ ਸਿੰਘ ਭੱਠਲ, ਭੁਪਿੰਦਰ ਸਿੰਘ ਧਾਲੀਵਾਲ ਤੇ ਰਾਜ ਧਾਲੀਵਾਲ ਅਤੇ ਅਮਿਤਪਾਲ ਸਿੰਘ ਪਰਿਵਾਰ ਸਮੇਤ ਅਤੇ ਰੇਡੀਓ ਦੇਸੀ ਜੰਕਸ਼ਨ ਦੇ ਜੱਸੀ ਪਰਮਾਰ, ਗੁਰਮੁੱਖ ਸਿੰਘ ਭੁੱਲਰ, ਨਿੱਕ ਬਲਵਿੰਦਰ ਸਿੰਘ ਤੇ ਸਾਥੀ ਪਹੁੰਚੇ ਹੋਏ ਸਨ।

ਰੇਡੀਓ 'ਚੰਨ ਪਰਦੇਸੀ' ਦੇ ਮੈਨੇਜਿੰਗ ਡਾਇਰੈਕਟਰ ਸਰਵਣ ਸਿੰਘ ਟਿਵਾਣਾ ਪਰਿਵਾਰ ਵਿੱਚ ਨਿਜੀ ਪ੍ਰੋਗਰਾਮ ਹੋਣ ਦੇ ਬਾਵਜੂਦ ਸ਼ਾਮ ਨੂੰ 'ਪੰਜਾਬੀ ਪਰਵਾਜ਼ ਨਾਈਟ' ਦੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਖਾਸ ਤੌਰ 'ਤੇ ਆਪਣੇ ਸਾਥੀਆਂ ਨਾਲ ਆਏ। ਇੰਡੀਆਨਾ ਤੋਂ ਪੰਜਾਬੀ ਅਮੈਰਿਕਨ ਯੂਥ ਕਲੱਬ ਦੇ ਪ੍ਰਧਾਨ ਜਗਜੀਤ ਸਿੰਘ (ਜੱਗਾ) ਬਾਜਵਾ, ਸਾਬਕਾ ਪ੍ਰਧਾਨ ਬਲਦੀਪ ਸਿੰਘ ਮਾਨ, ਸਤਵਿੰਦਰ ਸਿੰਘ (ਸੱਤਾ) ਧਨੇਸਰ, ਜੱਸੀ ਧਾਲੀਵਾਲ, ਧਰਮਿੰਦਰ ਸਿੰਘ ਖੱਟੜਾ, ਰਾਣਾ ਵਿਰਕ, ਮੇਜਰ ਸਿੰਘ ਢਿੱਲੋਂ, ਮੱਖਣ ਗਿੱਲ ਤੇ ਸਾਥੀ ਸਮਾਗਮ ਦੀ ਸ਼ਾਨ ਬਣੇ।

ਇਸੇ ਤਰ੍ਹਾਂ ਸਿਨਸਿਨੈਟੀ (ਓਹਾਇਓ) ਤੋਂ ਅਮਰੀਕ ਸਿੰਘ ਟਿਵਾਣਾ, ਚਰਨਜੀਤ ਸਿੰਘ ਬਰਾੜ, ਜਸਵੰਤ ਸਿੰਘ ਜੱਸੀ, ਤੇਜਿੰਦਰ ਸਿੰਘ ਤੇਜੀ, ਹਰਦੀਪ ਸਿੰਘ ਟਿਵਾਣਾ ਤੇ ਸਾਥੀ; ਮੈਡੀਸਨ (ਵਿਸਕਾਨਸਿਨ) ਤੋਂ ਸੁਰਿੰਦਰ ਸਿੰਘ ਪਾਂਗਲੀ, ਹੈਰੀ ਬਰਾੜ, ਨਿਰਭੈ ਸਿੰਘ ਪਾਂਗਲੀ, ਨਵਤੇਜ ਗਿੱਲ, ਰਵੀ ਰੰਧਾਵਾ, ਰੇਸ਼ਮ ਸਿੰਘ, ਲਵਦੀਪ ਗਿੱਲ, ਅਰਸ਼ਦੀਪ ਗਰੇਵਾਲ, ਅੰਕੁਸ਼ ਸੈਣੀ, ਸਤਵਿੰਦਰ ਬੱਲ, ਅਮਨਪ੍ਰੀਤ ਧਨੋਆ, ਰਵੀ ਮਨਹਾਨੀ ਤੇ ਸਾਥੀ ਅਤੇ ਮਿਸ਼ੀਗਨ ਤੋਂ ਰਣਬੀਰ ਸਿੰਘ ਧਾਲੀਵਾਲ, ਹਰਮੇਲ ਸਿੰਘ, ਰਤਨਦੀਪ ਸਿੰਘ ਢਿੱਲੋਂ ਤੇ ਪਾਲੀ ਧਾਲੀਵਾਲ ਲੰਮਾ ਸਫਰ ਤੈਅ ਕਰ ਕੇ ਸਮਾਗਮ ਦੀ ਰੌਣਕ ਵਧਾਉਣ ਸ਼ਿਕਾਗੋ ਪਹੁੰਚੇ।

ਵਿਸਕਾਨਸਿਨ ਤੋਂ ਗੁਰਸਾਹਿਬ ਸਿੰਘ ਤੂਰ, ਸਮਾਣਾ ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਪਰਦੁਮਣ ਸਿੰਘ ਵਿਰਕ, ਸਤੀਸ਼ ਭਾਰਦਵਾਜ, ਰਾਮ ਪਾਂਡੇ ਅਤੇ ਕੁਲਵਿੰਦਰ ਧਾਲੀਵਾਲ ਤੇ ਪਰਿਵਾਰ, ਮਿਲਵਾਕੀ ਤੋਂ ਨਰਿੰਦਰ ਕੌਰ ਬੋਪਾਰਾਏ, ਐਪਲਟਨ ਤੋਂ ਕਸ਼ਮੀਰ ਸਿੰਘ ਤੇ ਸਾਥੀ; ਮਨਜੀਤ ਸਿੰਘ ਪਾਲੀਆ ਅਤੇ ਹੋਰ ਮਹਿਮਾਨ ਆਏ ਹੋਏ ਸਨ। 'ਸਵੇਰਾ' ਤੋਂ ਜਸਬੀਰ ਕੌਰ ਮਾਨ, ਸ਼ਿੰਦਰ ਕੌਰ ਸਿੱਧੂ, ਮਨਜਿੰਦਰ ਕੌਰ ਬਰਾੜ, ਕਿਰਪਾਲ ਕੌਰ ਲਾਲ, ਡਿੰਪੀ ਮੁਲਤਾਨੀ, ਸੁਖਵੀਰ ਕੌਰ ਢਿੱਲੋਂ ਤੇ ਗੁਰਮੀਤ ਸਿੰਘ ਢਿੱਲੋਂ, ਲਾਡੀ ਕੇ. ਸਿੰਘ, ਬਲਜੀਤ ਕੌਰ ਅਠਵਾਲ, ਰਾਜਵਿੰਦਰ ਕੌਰ, ਵਿਪਨ ਕਲੇਰ ਤੇ ਜਸਪਾਲ ਕਲੇਰ ਅਤੇ ਇੰਡੀਆਨਾ ਤੋਂ ਅਮਰਜੀਤ ਕੌਰ ਮਾਂਗਟ ਪਹੁੰਚੇ ਹੋਏ ਸਨ। ਹੋਰ ਮਹਿਮਾਨਾਂ ਵਿੱਚ ਡਾ. ਸੰਨੀ ਜੈਨ ਤੇ ਰਾਜਵੀਰ ਸ਼ੋਕਰ, ਭੁਪਿੰਦਰ ਸਿੰਘ, ਰਵਿੰਦਰ ਕੌਰ ਤੇ ਕਰਨਜੀਤ ਸ਼ੋਕਰ, ਜੋਤੀ ਪਰਮਾਰ ਤੇ ਦਲਬੀਰ ਪਰਮਾਰ, ਕਮਲ ਸਿੱਧੂ, ਗੁਰਜੀਤ ਕੌਰ ਨਾਗਰਾ, ਰਿਐਲਟਰ ਪ੍ਰਦੀਪ ਕਾਹਲੋਂ, ਰਾਜੇਸ਼ ਪਵਾਰ, ਹੈਰੀ ਮੋਹਨ ਸ਼ਰਮਾ, ਹੈਪੀ ਸੈਣੀ, ਕਮਲੇਸ਼ ਕਪੂਰ, ਰਾਜ ਲਾਲੀ ਬਟਾਲਾ, ਸੁਨੀਲ ਸ਼ਾਹ, ਨੀਲ ਖੋਟ, ਸੰਨੀ ਢਿੱਲੋਂ ਤੇ ਸੁਪ੍ਰੀਤ ਢਿੱਲੋਂ, ਦੀਪਤੀ ਬਜਾਜ ਤੇ ਸੁਖਮਨੀ ਬਜਾਜ ਵੀ ਹਾਜ਼ਰ ਸਨ।

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ ਦੇ ਗੁਰਦੇਵ ਸਿੰਘ ਗਿੱਲ, ਜਸਰੂਪ ਸਿੰਘ ਬਾਲਾ, ਲਖਵਿੰਦਰ ਸਿੰਘ ਖਾਲਸਾ; ਡਾ. ਪਰਦੀਪ ਸਿੰਘ ਗਿੱਲ, ਸਰਵਣ ਸਿੰਘ ਰਾਜੂ, ਮ੍ਰਿਦੂ ਚੰਦਰਾ, ਡਾ. ਇੰਦਰਬੀਰ ਸਿੰਘ ਗਿੱਲ ਅਤੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਤੋਂ ਹੈਪੀ ਹੀਰ, ਜਿੰਦੀ ਦਿਆਲ ਤੇ ਰਾਜਾ ਦਿਆਲ, ਹਰਦੀਪ ਗਿੱਲ, ਜਸਪਾਲ ਮਿੱਢਾ, ਜੌਨੀ ਸੱਲ੍ਹਾਂ ਤੇ ਹੋਰ ਸੱਜਣ ਅਤੇ ਪਰਮਜੀਤ ਸਚਦੇਵ ਵੀ ਸਮਾਗਮ ਵਿੱਚ ਪਹੁੰਚੇ।

ਇਸ ਤੋਂ ਇਲਾਵਾ ਗੁਰਦੁਆਰਾ ਪੈਲਾਟਾਈਨ ਕਾਰਸੇਵਾ ਜਥੇ ਦੇ ਮੋਢੀ ਸਤਨਾਮ ਸਿੰਘ ਔਲਖ, ਪਾਲ ਧਾਲੀਵਾਲ, ਗੁਰਬਚਨ ਸਿੰਘ ਸੰਧੂ, ਤਰਲੋਚਨ ਸਿੰਘ ਗਿੱਲ, ਕੁਲਵਿੰਦਰ ਸਿੰਘ ਚਾਹਲ, ਸਤਨਾਮ ਸਿੰਘ ਗਿੱਲ, ਹਰਜਿੰਦਰ ਸਿੰਘ ਧਾਲੀਵਾਲ, ਕੇਹਰ ਸਿੰਘ ਤੇ ਹੋਰ ਸਾਥੀ; ਗੁਰਦੁਆਰਾ ਪੈਲਾਟਾਈਨ ਦੀ ਲੰਗਰ ਕਮੇਟੀ ਦੇ ਇੰਚਾਰਜ ਹਰਜੀਤ ਸਿੰਘ ਗਿੱਲ, ਸਾਬਕਾ ਪ੍ਰਧਾਨ ਹਰਕੀਰਤ ਸਿੰਘ ਸੰਧੂ; ਇੰਦਰਮੋਹਨ ਸਿੰਘ ਛਾਬੜਾ, ਮੋਹਿੰਦਰਜੀਤ ਸਿੰਘ ਰਕਾਲਾ, ਸੁਖਪਾਲ ਗਿੱਲ, ਅਮਰੀਕਪਾਲ ਸਿੰਘ, ਕੁਲਜੀਤ ਸਿੰਘ ਰਿਐਲਟਰ, ਇੰਦਰਜੀਤ ਸੇਖੋਂ, ਬਲਰਾਜ ਰਾਜੀ ਸੋਹੀ, ਅਵਤਾਰ ਸਿੰਘ ਔਲਖ, ਸੁਖਜਿੰਦਰ ਸਿੰਘ ਰੰਧਾਵਾ, ਬਲਦੇਵ ਸਿੰਘ ਰਾਜੂ ਤੇ ਗੁਰਤੇਜ ਗਿੰਨੀ; ਵਿੱਕੀ ਗਹਿਲਨ, ਯਾਦਵਿੰਦਰ ਸਿੰਘ ਗਰੇਵਾਲ ਅਤੇ ਹੋਰ ਮਹਿਮਾਨ ਆਏ ਹੋਏ ਸਨ।

ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਅਮੈਰਿਕਨ ਔਰਗੇਨਾਈਜੇਸ਼ਨ-ਸ਼ਿਕਾਗੋ, 5ਰਿਵਰਜ਼ ਐਂਟਰੇਨਮੈਂਟ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ, 'ਸਵੇਰਾ' (ਸਿੱਖ ਵੋਮਨ ਈਰਾ) ਸ਼ਿਕਾਗੋ ਅਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ (ਵਿਸਕਾਨਸਿਨ) ਦੇ ਨੁਮਾਇੰਦਿਆਂ ਨੇ ਨਿੱਜੀ ਅਤੇ ਸੰਸਥਾਗਤ ਤੌਰ 'ਤੇ 'ਪੰਜਾਬੀ ਪਰਵਾਜ਼ ਨਾਈਟ' ਲਈ ਸਹਿਯੋਗ ਦਿੱਤਾ।


















## ਦੁਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



# ਮਿੱਟੀ ਦਾ ਭਾਂਡਾ

***1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਸੰਤਾ.ਲੀ 'ਚ ਕਰੋੜਾਂ ਲੋਕਾਂ ਨੇ ਹਿਜਰਤ ਕੀਤੀ। ਹਜ਼ਾਰਾਂ ਅਜਿਹੇ ਵੀ ਸਨ, ਜਿਨ੍ਹਾਂ ਨੂੰ ਆਪਣਿਆਂ ਕੋ.ਲ ਪਹੁੰਚਣ ਲਈ ਕਈ ਦਿਨ, ਮਹੀਨੇ ਤੇ ਸਾਲ ਲੱਗ ਗਏ। ਅਜਿਹੇ ਲੋਕਾਂ 'ਚੋਂ ਇੱਕ ਦੀ ਕਹਾਣੀ ਇੱਥੇ ਬਿਆਨ ਹੈ, ਜੋ ਵਿਛੋੜੇ ਪਿੱਛੋਂ ਤਾਉਮਰ ਆਪਣੇ ਜਿਗਰੀ ਯਾਰ ਦੀਆਂ ਨਿਸ਼ਾਨੀਆਂ ਸੰਭਾਲੀ ਬੈਠਾ ਰਿਹਾ। ਸੱਚੀ-ਸੁੱਚੀ ਸਾਂਝ ਦੀ ਇਹ ਇੱਕ ਅਜਿਹੀ ਕਥਾ ਹੈ, ਜੋ ਅੱਜ ਦੇ ਜ਼ਮਾਨੇ ਵਿੱਚ ਸ਼ਾਇਦ ਹੀ ਕਿਤੇ ਸੁਣਨ ਨੂੰ ਮਿਲੇ! ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

'ਮੁਹੱਬਤ ਮਿੱਟੀ ਦੇ ਭਾਂਡਿਆਂ ਵਾਂਗ ਸੰਭਾ.ਲਣੀ ਪੈਂਦੀ ਏ ਤੇ ਮਿੱਟੀ ਦੇ ਭਾਂਡਿਆਂ ਨੂੰ ਸਿਰਫ਼ ਮੁਹੱਬਤ ਹੀ ਸੰਭਾ.ਲ ਸਕਦੀ ਏ।'

ਮੈਂ ਚਾਚੇ ਬਚਨ ਸਿੰਘ ਨੂੰ, ਕੂੰਡੇ 'ਚ ਸ਼ਰਦਈ ਰਗੜਦਿਆਂ ਵੇਖਦਾ ਤਾਂ ਮੈਨੂੰ ਸੰਤਾ.ਲੀ ਦੇ ਅਗਸਤ ਮਹੀਨੇ ਦੀ ਉਹ ਸ਼ਾਮ ਯਾਦ ਆ ਜਾਂਦੀ।

ਸੱਪਾਂ ਵਾ.ਲਾ ਖੂਹ ਗਿੜ ਰਿਹਾ ਸੀ ਤੇ ਮੈਂ ਗਾਧੀ 'ਤੇ 'ਰੱਬ' ਬਣਿਆ ਬੈਠਾ ਸਾਂ। ਦੁਸਾਂਝ ਪਿੰਡ ਦੇ ਬੰਦਿਆਂ ਨੇ ਸਾਡੇ ਪਿੰਡ 'ਤੇ ਧਾਵਾ ਬੋਲਿਆ ਸੀ। ਬਾਪੂ ਨੇ ਮੈਨੂੰ ਘਰ ਵੱਲ ਭਜਾ ਦਿੱਤਾ ਸੀ, "ਆਵਦੇ ਚਾਚੇ ਨੂੰ ਦੱਸ ਓਏ ਜਾ ਕੇ। ਕਿਧਰੇ ਅਜ਼ੀਜ਼ ਹੁਰੀਂ ਨਾ ਮਾਰੇ ਜਾਣ!"

ਚਾਚੇ ਨੇ ਅਜ਼ੀਜ ਦੇ ਟੱਬਰ ਨੂੰ ਪਹਿਲਾਂ ਹੀ ਆਵਦੇ ਘਰ ਲੁਕੋ ਲਿਆ ਸੀ। ਤਿੰਨ ਲੜਕੀਆਂ ਸਨ, ਉਹਦੀਆਂ। ਉਮਰਾਂ ਹੋਣਗੀਆਂ ਕੋਈ ਅੱਠ ਤੋਂ ਬਾਰ੍ਹਾਂ ਵਰ੍ਹਿਆਂ ਦੇ ਦਰਮਿਆਨ। ਤਕਰੀਬਨ ਮੇਰੇ ਹਾਣ ਦੀਆਂ ਸਨ ਉਹ। ਕੋਈ ਦਸ-ਪੰਦਰਾਂ ਦਿਨ ਚਾਚਾ ਉਨ੍ਹਾਂ ਦਾ ਮਲ-ਮੂਤਰ ਵੀ ਚੁੱਕਦਾ ਰਿਹਾ ਸੀ। ਫੇਰ ਸਾਡੇ ਪਿੰਡ ਦੇ ਬੰਦੇ ਦੀ ਗੱਡੀ ਸੀ, ਸ਼ੈਵਰਲੇਅ। ਚਾਚਾ ਤੇ ਪਿੰਡ ਦੇ ਅੱਠ-ਦਸ ਬੰਦੇ ਹੋਰ, ਉਨ੍ਹਾਂ ਨੂੰ ਫ਼ਿਰੋਜ਼ਪੁਰ ਛੱਡ ਕੇ ਆਏ ਸਨ।

ਉਹ ਆਵਦਾ ਕੱਪੜਾ-ਲੱਤਾ ਤਾਂ ਲੈ ਗਏ ਸਨ, ਪਰ ਮੰਜਾ ਤੇ ਕੂੰਡਾ ਚਾਚੇ ਨੂੰ ਦੇ ਗਏ ਸਨ।

ਸਾਡਾ ਅੱਧਾ ਪਿੰਡ ਮੁਸਲਮਾਨਾਂ ਦਾ ਹੁੰਦਾ ਸੀ। ਨੂਰ ਮੁਹੰਮਦ, ਦੀਨ ਮੁਹੰਮਦ ਤੇ ਦੌਲੀ। ਨੀਕਲ ਦੇ ਤਿੰਨੋਂ ਮੁੰਡੇ ਬਾਪੂ ਦੇ ਬੜੇ ਯਾਰ ਹੁੰਦੇ ਸਨ। ਨੂਰ ਮੁਹੰਮਦ ਦਾ ਪੁੱਤਰ ਇਬਰਾਹਿਮ ਮੇਰਾ ਹਾਣੀ ਹੁੰਦਾ ਸੀ। ਅਸੀਂ ਇਕੱਠੇ ਖੇਡਦੇ। ਮਸੀਤ ਵਾ.ਲੀ ਬੋਹੜ ਦੀ ਛਾਂਵੇਂ, ਮੰਜੀ 'ਤੇ ਬੈਠੇ, ਇੱਕ ਬੱਗੀ ਦਾਹੜੀ ਵਾ.ਲੇ ਬਜ਼ੁਰਗ ਨੂੰ ਸਾਰੇ ਮੌਲਵੀ ਸਾਹਿਬ ਕਹਿੰਦੇ ਹੁੰਦੇ ਸੀ। ਬਜ਼ੁਰਗਾਂ ਕੋ.ਲੋਂ ਸੁਣਿਆ ਸੀ ਕਿ ਸੰਤਾ.ਲੀ ਤੋਂ ਕੋਈ ਸੱਤ ਕੁ ਵਰ੍ਹੇ ਪਹਿਲਾਂ ਬੰਬ ਬਣਾਉਂਦਿਆਂ, ਬੰਬ ਉਹਦੇ ਹੱਥਾਂ 'ਚ ਹੀ ਚੱਲ ਗਿਆ ਸੀ। ਉਸਦੇ ਦੋਵੇਂ ਹੱਥ ਉੱਡ ਗਏ ਸਨ। ਆਪਣੇ ਟੁੰਡ-ਮਰੁੰਡ ਹੱਥਾਂ ਨਾ.ਲ ਹੁੱਕਾ ਪੀਂਦਾ, ਉਹ ਮੈਨੂੰ ਕਿਸੇ ਹੋਰ ਦੁਨੀਆਂ ਦਾ ਬਾਸ਼ਿੰਦਾ ਲੱਗਦਾ ਹੁੰਦਾ ਸੀ।

ਪਿੰਡ ਦੇ ਬਹੁਤੇ ਕਿਸਾਨਾਂ ਵਾਂਗ ਮੌਲਵੀ ਹੁਰੀਂ ਵੀ ਮਾਰੂਸੀ ਸਨ। ਸੰਤਾ.ਲੀ ਵੇਲੇ ਜਦੋਂ ਨੇੜੇ-ਤੇੜੇ ਦੇ ਪਿੰਡ ਉੱਠਣ ਲੱਗੇ ਤਾਂ ਮੌਲਵੀ ਕਾਕੇ ਮੋਚੀ ਨੂੰ ਨਾ.ਲ ਲੈ ਕੇ ਜਾਗੀਰਦਾਰ ਕੋ.ਲ ਗਿਆ। ਮਿੰਨਤ ਕਰਕੇ ਕਹਿਣ ਲੱਗਾ- ਅਸੀਂ ਹੁਣ ਤੁਰ ਚੱਲੇ ਆਂ ਜੀ ਇੱਥੋਂ! ਤੁਸੀਂ ਆਪਣੀ ਜ਼ਮੀਨ ਲਿਖਵਾ ਲਓ।

ਪਿੰਡ ਨੂੰ ਮੁੜਦਿਆਂ ਦੋਵਾਂ ਦਾ ਕਤਲ ਹੋ ਗਿਆ ਸੀ।

ਮੇਰੇ ਪਿੰਡ ਦੇ ਬਹੁਤੇ ਮੁਸਲਮਾਨ ਕਿਰਤੀ ਸਨ। ਜੁਲਾਹੇ ਤਾਣੀ ਉਣਦੇ ਤੇ ਮੋਚੀ ਜੁੱਤੀਆਂ ਬਣਾਉਂਦੇ। ਮੋਚੀਆਂ ਦੇ ਅੱਲ 'ਮੁਰਾਦ ਕੇ' ਪਈ ਹੋਈ ਸੀ। ਉਨ੍ਹਾਂ ਦਾ ਮੁੰਡਾ ਤੁਫ਼ੈਲ ਮੇਰਾ ਹਾਣੀ ਹੁੰਦਾ ਸੀ। ਅਲੀ ਅਤੇ ਵਲੀ, ਦੋ ਘੁਮਿਆਰਾਂ ਦੇ ਘਰ ਵੀ ਹੁੰਦੇ ਸਨ। ਸ਼ੇਰਾ ਤੇ ਪੋਲੋ, ਦੋ ਸਕੇ ਭਰਾਵਾਂ ਦਾ ਕੋਹਲੂ ਹੁੰਦਾ ਸੀ। ਇੱਕ ਬੁੜਾ ਹੁੰਦਾ ਸੀ, ਅੱਲਾ ਦਿੱਤਾ। ਆਪਣੇ ਖੇਤ ਦੇ ਨੇੜੇ ਹੀ ਘਰ ਸੀ ਉਨ੍ਹਾਂ ਦਾ। ਅਸੀਂ ਉਹਨੂੰ 'ਸ਼ੇਰ-ਸ਼ੇਰ' ਕਹਿ ਕੇ ਛੇੜਦੇ। ਉਹਦੀ ਘਰ ਵਾ.ਲੀ ਸਾਨੂੰ ਗਾ.ਲ੍ਹਾਂ ਕੱਢਦੀ। ਅਸੀਂ ਭੱਜ ਜਾਂਦੇ।

ਸੰਤਾ.ਲੀ 'ਚ ਦੋ ਬੰਦਿਆਂ ਨੂੰ ਛੱਡ ਬਾਕੀ ਸਾਰਾ ਪਿੰਡ ਤੁਰ ਗਿਆ ਸੀ। ਇੱਕ ਸੀ ਰਾਜੇਮੰਗ। ਮੀਰ ਆਲਮ ਸੀ ਉਹ। ਇੱਕ ਹੋਰ ਬੰਦਾ ਹੁੰਦਾ ਸੀ; ਵਰਿਆਮ। ਅਸੀਂ ਬਾਬਾ ਈ ਕਹਿ ਲੈਂਦੇ ਸੀ, ਉਹਨੂੰ। ਪਿੰਡ ਵਾ.ਲੇ ਦੱਸਦੇ ਹੁੰਦੇ ਸੀ ਕਿ ਅੜ ਕੇ ਰਿਹਾ ਸੀ, ਉਹ ਇੱਥੇ। ਕਹਿੰਦਾ ਸੀ, ਰੱਖੋ ਜਾਂ ਕਤਲ ਕਰੋ, ਮੈਂ ਨਹੀਂ ਜਾਣਾ ਪਾਕਿਸਤਾਨ। ਰੋਟੀ-ਪਾਣੀ, ਜਿੱਥੇ ਮਰਜ਼ੀ ਹੋਵੇ, ਖਾ ਲੈਂਦਾ ਸੀ। ਸਾਰਾ ਪਿੰਡ ਉਹਦਾ ਸੀ ਤੇ ਉਹ ਸਾਰੇ ਪਿੰਡ ਦਾ। ਕਿਸੇ ਨੇ ਖ਼ਰਬੂਜ਼ੇ ਲਾ ਲਏ, ਟਿੰਡੋਂ ਲਾ ਲਏ, ਜਿਹਨੇ ਕਹਿ ਦੇਣਾ, ਓਥੇ ਜਾ ਕੇ ਬਹਿ ਜਾਣਾ। ਸੱਚਮੁਚ ਪੂਰੇ ਪਿੰਡ ਦਾ ਰਾਖਾ ਸੀ ਉਹ! ਬੜੀ ਲੰਮੀ ਉਮਰ ਭੋਗੀ, ਉਹਨੇ। ਮੈਂ ਉਹਨੂੰ ਇੱਥੋਂ ਤੱਕ ਦੇਖਿਆ, ਜਦੋਂ ਉਹ ਗੋਡਿਆਂ ਦੇ ਭਾਰ ਤੁਰਦਾ ਹੁੰਦਾ ਸੀ। ਅਨੂਪ ਸਿਉਂ ਸਰਪੰਚ ਦੇ ਘਰ ਮਰਿਆ ਸੀ ਉਹ। ਪਿੰਡ ਵਾ.ਲਿਆਂ ਕਬਰਾਂ 'ਚ ਦਫ਼ਨਾਇਆ ਸੀ, ਉਹਨੂੰ।

ਵਕਤ ਆਪਣੀ ਚਾਲੇ ਤੁਰਦਾ ਗਿਆ। ਸਾਡਾ ਪਿੰਡ ਫ਼ਿਰੋਜ਼ਪੁਰ ਨਾ.ਲੋਂ ਟੁੱਟ ਕੇ ਮੋਗੇ ਜ਼ਿਲ੍ਹੇ ਦਾ ਪਿੰਡ ਹੋ ਗਿਆ। ਲਾਠੀ ਵਾਂਗ ਤਣ ਕੇ ਤੁਰਨ ਵਾ.ਲੇ ਚਾਚੇ ਦੀ ਕੰਗਰੋੜ ਕਮਾਨ ਵਰਗੀ ਹੋ ਗਈ। ਤੰਗੀਆਂ-ਤੁਰਸ਼ੀਆਂ 'ਚੋਂ ਨਿਕਲ ਕੇ ਸਾਡਾ ਟੱਬਰ ਥੋੜ੍ਹਾ ਸੌਖਾ ਹੋ ਗਿਆ। ਕੂੰਡਿਆਂ ਦੀ ਥਾਂ ਇਲੈਕਟ੍ਰਿਕ ਗਰਾਈਂਡਰ ਤੇ ਮੰਜਿਆਂ ਦੀ ਥਾਂ ਬੈੱਡ ਆ ਗਏ, ਪਰ ਚਾਚਾ ਉਸ ਪੁਰਾਣੇ ਮੰਜੇ 'ਤੇ ਪੈਂਦਾ ਸੀ। ਅਸੀਂ ਟੋਕਦੇ ਤਾਂ ਉਦਾਸ ਹੁੰਦਿਆਂ ਆਖਦਾ, "ਮੇਰੇ ਯਾਰ, ਅਜ਼ੀਜ ਦੀ ਨਿਸ਼ਾਨੀ ਆ ਇਹ! ਮੈਂ ਇਸ 'ਤੇ ਈ ਦਮ ਤੋੜਨੈ!"

ਚਾਚਾ ਮਰਦੇ ਦਮ ਤੱਕ ਆਪਣੇ ਮਿੱਤਰ ਅਜ਼ੀਜ ਨੂੰ ਯਾਦ ਕਰਦਾ ਰਿਹਾ ਸੀ ਤੇ ਆਖ਼ਰ ਆਪਣੇ ਯਾਰ ਵਾ.ਲੇ ਮੰਜੇ 'ਤੇ ਹੀ ਆਖ਼ਰੀ ਸਾਹ ਲਿਆ ਸੀ ਉਸਨੇ। ਆਖਰੀ ਦਿਨਾਂ 'ਚ ਮੰਜੇ ਅਤੇ ਕੂੰਡੇ ਨੂੰ ਸੰਭਾ.ਲਣ ਦੀ ਗੱਲ ਕਈ ਵਾਰ ਆਖੀ ਸੀ ਉਸਨੇ।

ਬਜ਼ੁਰਗ ਤੁਰ ਗਏ, ਪਰ ਉਹ ਮੰਜਾ ਤੇ ਕੂੰਡਾ ਅਸੀਂ



ਅੱਜ ਤੱਕ ਸੰਭਾ.ਲਿਆ ਹੋਇਆ। ਸਾਡੇ ਘਰਦਿਆਂ ਬੜੀਆਂ ਮਿਰਚਾਂ ਰਗੜੀਆਂ ਤੇ ਬੜੀ ਸ਼ਰਦਾਈ ਘੋਟੀ, ਉਸ ਕੂੰਡੇ 'ਚ। ਹੁਣ ਉਹ ਤਿੜਕ ਤਾਂ ਗਿਆ ਹੈ, ਪਰ ਅਸੀਂ ਟੁੱਟਣੋਂ ਬਚਾਈ ਰੱਖਿਆ ਏ। ਅਲੀ ਜਾਂ ਵਲੀ, ਕਿਸੇ ਇੱਕ ਘੁਮਿਆਰ ਦੇ ਹੱਥਾਂ ਨੇ ਬਣਾਇਆ ਹੋਵੇਗਾ ਇਹ।

ਫੌਜ ਦੀ ਨੌਕਰੀ ਦੌਰਾਨ ਮੈਂ ਦੋਸਤਾਂ-ਮਿੱਤਰਾਂ ਨੂੰ ਅਜ਼ੀਜ ਤੇ ਚਾਚੇ ਦੀ ਦੋਸਤੀ ਦੀ ਕਹਾਣੀ ਸੁਣਾਉਂਦਾ ਤਾਂ ਉਹ ਹੈਰਾਨ ਰਹਿ ਜਾਂਦੇ।

ਇਕੱਤਰ ਦੀ ਲੜਾਈ ਦੀ ਗੱਲ ਏ। ਸਾਡੀ ਫੌਜੀ ਟੁਕੜੀ ਸਰਹੱਦ ਪਾਰ ਕਰਕੇ, ਨਾਰੋਵਾਲ ਦੇ ਚੱਕ ਨਾਹਰਾ ਪਿੰਡ 'ਚ ਪਹੁੰਚ ਗਈ ਸੀ। ਬਹੁਤਾ ਪਿੰਡ ਖਾਲੀ ਹੋ ਚੁੱਕਾ ਸੀ। ਪਿੰਡ ਦੀ ਤਲਾਸ਼ੀ ਲਈ ਤਾਂ ਇੱਕ ਬਜ਼ੁਰਗ ਮਿਲਿਆ, ਸੰਗਲਾਂ ਨਾ.ਲ ਨੂੜਿਆ ਹੋਇਆ। ਬਿਨਾ ਸ਼ੱਕ ਪਾਗਲ ਸੀ ਉਹ। ਇੱਕ ਹਵੇਲੀ 'ਚੋਂ ਸਾਨੂੰ ਲੁਕੇ ਹੋਏ ਪੰਜ-ਸੱਤ ਫੌਜੀ ਵੀ ਮਿਲੇ। ਇੱਕ ਹੋਰ ਘਰ 'ਚੋਂ ਅਸੀਂ ਇੱਕ ਹੋਰ ਬੰਦੇ ਨੂੰ ਕੈਦ ਕੀਤਾ। ਸਾਰਿਆਂ ਦੇ ਹੱਥ ਬੰਨ ਕੇ ਅਸੀਂ ਆਪਣੇ ਕੈਂਪ ਵੱਲ ਲੈ ਤੁਰੇ। ਰਾਹ 'ਚ ਫੌਜੀਆਂ ਨਾ.ਲ ਗੱਲਾਂ ਸ਼ੁਰੂ ਹੋਈਆਂ ਤਾਂ ਪਤਾ ਲੱਗਾ ਕਿ ਉਨ੍ਹਾਂ 'ਚੋਂ ਤਿੰਨ ਸੰਤਾ.ਲੀ ਵੇਲੇ ਰਾਉਕਿਆਂ ਵੱਲ ਤੋਂ ਗਏ ਹੋਏ ਸਨ।

ਕੈਂਪ 'ਚ ਲਿਆ ਕੇ ਪੁੱਛ-ਗਿੱਛ ਕੀਤੀ ਤਾਂ ਉਸ ਸਿਵਿਲੀਅਨ ਨੇ ਦੱਸਿਆ ਕਿ ਉਹਦੇ ਬਜ਼ੁਰਗ ਜਗਰਾਉਂ ਤੋਂ ਹਿਜਰਤ ਕਰਕੇ ਓਧਰ ਗਏ ਸਨ। ਰਹਿੰਦਾ ਤਾਂ ਉਹ ਲਾਹੌਰ ਸੀ, ਪਰ ਚੱਕ ਨਾਹਰੇ ਉਹ ਆਪਣੇ ਰਿਸ਼ਤੇਦਾਰ ਨੂੰ ਮਿਲਣ ਆਇਆ ਹੋਇਆ ਸੀ। ਕੁਝ ਗੱਲਾਂ ਹੋਰ ਹੋਈਆਂ ਤਾਂ ਉਹ ਮੈਨੂੰ ਪੁੱਛਣ ਲੱਗਾ, "ਤੁਹਾਡਾ ਪਿੰਡ ਕਿਹੜਾ?"

ਮੈਂ ਵਰ੍ਹੇ ਦਾ ਨਾਂ ਲਿਆ ਤਾਂ ਉਸ ਦੀਆਂ ਅੱਖਾਂ ਚਮਕ ਪਈਆਂ ਸਨ।

"ਤੋਬਾ! ਤੋਬਾ! ਤੋਬਾ! ਉਹ ਤਾਂ ਮੇਰੇ ਸਹੁਰੇ ਦਾ ਪਿੰਡ ਹੁੰਦਾ ਸੀ।"

ਮੈਂ ਉਸਦੇ ਸਹੁਰੇ ਦਾ ਨਾਂ ਪੁੱਛਿਆ ਤਾਂ ਉਹ ਬੋਲਿਆ, "ਅਜ਼ੀਜ ਮੁਹੰਮਦ ਨਾਂ ਸੀ ਉਹਦਾ। ਖੱਡੀ ਦਾ ਕੰਮ ਕਰਦਾ ਸੀ ਉਹ। ਤਿੰਨ ਧੀਆਂ ਹੀ ਸਨ, ਉਹਦੀਆਂ। ਮੈਂ ਵੱਡਾ ਜਵਾਈ ਆਂ ਉਹਦਾ। ਮੇਰੇ ਕੋ.ਲ ਹੀ ਦਮ ਤੋੜਿਆ ਸੀ ਉਹਨੇ। ਮੌਤ ਤੱਕ ਵਰ੍ਹੇ ਪਿੰਡ ਦੇ ਲੋਕਾਂ ਨੂੰ ਯਾਦ ਕਰਦਾ ਰਿਹਾ। ਮੌਤ ਵੇਲੇ ਮੈਨੂੰ ਇੱਕ ਸੁਨੇਹਾ ਦੇ ਕੇ ਮਰਿਆ ਸੀ ਉਹ।" ਉਸਦੇ ਬੋਲ ਭਾਰੇ ਹੋ ਗਏ ਸਨ।

"ਕਿਹੜਾ ਸੁਨੇਹਾ?" ਮੈਂ ਸਵਾਲ ਕੀਤਾ ਸੀ।

"ਉਹ ਸਵੇਰ-ਸ਼ਾਮ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਕੁਝ ਬੁੜਬੁੜਾਉਂਦਾ ਹੁੰਦਾ ਸੀ। ਇੱਕ ਵਾਰ ਮੈਂ ਪੁੱਛਿਆ ਤਾਂ ਆਖਣ ਲੱਗਾ- ਆਪਣੇ ਪਿੰਡ ਵਰ੍ਹੇ ਤੇ ਯਾਰ ਬਚਨ ਸਿੰਘ ਦੀ ਸਲਾਮਤੀ ਦੀ ਖ਼ੈਰ ਮੰਗਦਾ ਹੁੰਦਾ ਆਂ, ਦੋ ਵੇ.ਲੇ। ਮੈਂ ਪੁੱਛਿਆ ਸੀ ਕਿ ਬਚਨ ਸਿੰਘ ਕੌਣ? ਇਹ ਸਵਾਲ ਸੁਣ ਕੇ ਉਹ ਰੋ ਪਿਆ ਸੀ। ਕਹਿਣ ਲੱਗਾ- ਉਹਦੇ ਵਰਗਾ ਯਾਰ ਨਹੀਂ ਹੋਣਾ ਕੋਈ ਜੱਗ-ਜਹਾਨ 'ਤੇ। ਉਹਨੇ ਸਾਡੇ ਲਈ ਜੋ ਕੀਤਾ, ਉਹ ਦੁਨੀਆਂ ਤੇ ਸ਼ਾਇਦ ਈ ਕਰੇ ਕੋਈ ਕਿਸੇ ਲਈ। ਮੈਂ ਤਾਂ ਸਾਰੀ ਉਮਰ ਤਰਸਦਾ ਹੀ ਰਿਹਾ, ਵਰ੍ਹੇ ਪਿੰਡ ਨੂੰ ਵੇਖਣ ਤੇ ਆਪਣੇ ਯਾਰ ਨੂੰ ਮਿਲਣ ਲਈ, ਪਰ ਤੂੰ ਜ਼ਿੰਦਗੀ 'ਚ ਇੱਕ ਵਾਰ ਓਸ ਪਿੰਡ ਜ਼ਰੂਰ ਜਾਈਂ। ਜੇ ਮੇਰਾ ਯਾਰ ਜਿਉਂਦਾ ਹੋਵੇ ਤਾਂ ਉਹਦੇ ਪੈਰ ਚੁੰਮ ਲਈਂ!"

ਮੈਨੂੰ ਹੁਣ ਸਮਝ ਆਈ ਸੀ ਕਿ ਚਾਚੇ ਹੁਰੀਂ ਮੰਜਾ ਤੇ ਕੂੰਡਾਂ ਕਿਉਂ ਸੰਭਾ.ਲੇ ਹੋਏ ਸਨ ਤੇ ਹਰ ਵੇਲੇ ਆਪਣੇ ਯਾਰ ਅਜ਼ੀਜ ਨੂੰ ਯਾਦ ਕਿਉਂ ਕਰਦੇ ਰਹਿੰਦੇ ਸਨ। ਬੇਸ਼ੱਕ ਬਹੁਤ ਗੂੜ੍ਹਾ ਪਿਆਰ ਸੀ ਉਨ੍ਹਾਂ ਦਾ।

"ਮੇਰਾ ਤਾਂ ਸਕਾ ਚਾਚਾ ਸੀ, ਬਚਨ ਸਿੰਘ!" ਹਾ.ਲੇ ਇਹ ਬੋਲ ਮੇਰੇ ਮੂੰਹ 'ਚ ਹੀ ਸਨ ਕਿ ਉਹ ਸ਼ਖ਼ਸ ਮੇਰੇ ਪੈਰੀਂ ਢਹਿ ਕੇ ਭੁੱਬੀਂ ਰੋ ਪਿਆ ਸੀ। ਮੈਂ ਖੁਦ ਭਾਵੁਕ ਹੋ ਗਿਆ ਸਾਂ, ਪਰ ਕੋਈ ਅਫ਼ਸਰ ਨਾ ਵੇਖ ਲਏ, ਇਸ ਗੱਲੋਂ ਡਰ ਵੀ ਰਿਹਾ ਸਾਂ। ਮੈਂ ਉਸਨੂੰ ਉੱਠਣ ਲਈ ਆਖਿਆ ਤੇ ਉਹ ਅੱਖਾਂ ਮ.ਲਦਾ ਖੜ੍ਹਾ ਹੋ ਗਿਆ ਸੀ।

ਮੈਂ ਗਹੁ ਨਾ.ਲ ਵੇਖਿਆ ਕਿ ਮੇਰੇ ਫੌਜੀ ਬੂਟਾਂ 'ਤੇ ਉਸਦੇ ਅੱਥਰੂਆਂ ਨਾ.ਲ ਨਿਸ਼ਾਨ ਪੈ ਗਏ ਸਨ।

## ਸ਼ਿਕਾਗੋ 'ਚ ਪਈ ਪੀ.ਏ.ਓ. ਦੇ ਤੀਆਂ ਦੇ ਮੇਲੇ ਦੀ ਧਮਕ

***...ਸਫਾ 10 ਦੀ ਬਾਕੀ ⇒***

ਗਈਆਂ ਸਨ। ਜ਼ਿਕਰਯੋਗ ਹੈ ਕਿ 'ਸਖੀ ਅਟਾਇਰ' ਵੱਲੋਂ ਵਿਆਹ-ਪਾਰਟੀਆਂ ਸਬੰਧੀ ਲਾੜੇ-ਲਾੜੀ ਦੇ ਕੱਪੜੇ ਅਤੇ ਹੋਰ ਪੰਜਾਬੀ ਪਹਿਰਾਵੇ ਆਦਿ ਖਰੀਦੋ-ਫਰੋਖਤ ਸਬੰਧੀ ਸਾਮਾਨ ਵੇਚਿਆ ਜਾਂਦਾ ਹੈ।

ਸੰਸਥਾ ਦੀ ਪ੍ਰਧਾਨ ਜਸਮੀਤ ਕੌਰ ਸੂਗਾ ਤੇ ਮੁੱਖ ਪ੍ਰਬੰਧਕ ਮਿਨੀ ਮੁਲਤਾਨੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਵਧੀਆ ਮੇਲਾ ਕਰਵਾਉਣ ਦਾ ਵਾਅਦਾ ਕੀਤਾ। ਮੇਲੇ ਨੂੰ ਕਾਮਯਾਬ ਕਰਨ ਲਈ ਇਨ੍ਹਾਂ ਸਮੇਤ ਸੰਸਥਾ ਦੀਆਂ ਹੋਰ ਮੈਂਬਰਾਨ- ਸੁੱਖੀ ਸਿੰਘ, ਰਾਜਿੰਦਰ ਕੌਰ ਮਾਗੋ, ਗੁਰਪ੍ਰੀਤ ਕੇ. ਸਿੰਘ, ਜੋਤੀ ਖਹਿਰਾ, ਨੈਣਾ ਸਿੰਘ, ਨੇਹਾ ਵਾਲੀਆ, ਸ਼ੀਤਲ ਕਾਲੜਾ, ਅੰਮ੍ਰਿਤਾ ਡੰਡੋਨਾ, ਰੋਜ਼ੀ ਰੇਹਲ, ਸ਼ਾਲੂ ਛਾਬੜਾ, ਪੰਮੀ ਸੰਘਾ, ਜੀਵਨ ਧਾਮੀ, ਪਿੰਕੀ ਵਾਲੀਆ ਅਤੇ ਕਮਲ ਹੁੰਜਣ ਤੇ ਪ੍ਰਭ ਖਹਿਰਾ ਨੇ ਅਹਿਮ ਭੂਮਿਕਾ ਨਿਭਾਈ।

ਮੇਲੇ ਵਿੱਚ ਸਭ ਨੇ ਆਸ਼ੀਆਨਾ ਦੇ ਖਾਣੇ ਦੀ ਬਹੁਤ ਤਾਰੀਫ ਕੀਤੀ। ਕੁਲ ਮਿਲਾ ਕੇ ਪੀ.ਏ.ਓ. ਦਾ ਮੇਲਾ ਮਨੋਰੰਜਨ ਭਰਪੂਰ ਤੇ ਯਾਦਗਾਰੀ ਰਿਹਾ, ਪਰ ਉਥੇ ਹੀ ਹਾਲ ਵਿੱਚ ਸਟਾਲ ਵਾਲਾ ਏਰੀਆ ਕਾਫੀ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਵਾਰ ਸਮਾਂ ਜੇ ਹੋਰ ਹੁੰਦਾ ਤਾਂ ਮੇਲਣਾਂ ਹੋਰ ਦੋ ਘੰਟੇ ਮੇਲੇ ਦਾ ਅਨੰਦ ਮਾਣ ਸਕਦੀਆਂ ਸਨ। ਇਸੇ ਦੌਰਾਨ ਮੌਜੂਦ ਕੁਝ ਬੀਬੀਆਂ ਦੇ ਸੁਝਾਅ ਵੀ ਮਿਲੇ ਹਨ, ਜਿਸ ਵਿੱਚ ਕੁਝ ਔਰਤਾਂ ਨੇ ਕਿਹਾ ਕਿ ਅਗਲੀ ਵਾਰ ਲਾਈਵ ਬੋਲੀਆਂ ਦਾ ਸਮਾਂ ਰੱਖਿਆ ਜਾਵੇ, ਜਿਸ ਨਾਲ ਮੇਲੇ ਵਿੱਚ ਆਈ ਹਰ ਮੇਲਣ ਨੂੰ ਲੱਗੇ ਕਿ ਉਹ ਵੀ ਹਿੱਸਾ ਲੈ ਕੇ ਗਈ ਹੈ। ਕਿਊ.ਆਰ. ਕੋਡ ਨਾਲ ਰਜਿਸਟਰੇਸ਼ਨ ਕਰਨ ਤੇ





ਟਿਕਟਾਂ ਖਰੀਦਣ ਸਮੇਂ ਕਈਆਂ ਨੂੰ ਭੁਲੇਖਾ ਲੱਗਿਆ। ਕੁਝ ਕਲਾਕਾਰਾਂ ਦਾ ਸੁਝਾਅ ਸੀ ਕਿ ਜੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਕਲਾਕਾਰਾਂ ਦੀ ਹਾਲ ਵਿੱਚ ਐਂਟਰੀ ਸਬੰਧੀ, ਬੈਠਣ ਲਈ ਵੱਖਰੀ ਥਾਂ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇ ਤਾਂ ਜੋ ਉਨ੍ਹਾਂ ਨੂੰ ਕੋਈ ਤੰਗੀ ਨਾ ਆਵੇ; ਜਿਵੇਂ ਕਿ ਹਰ ਮੇਲੇ ਲਈ ਸਪਾਂਸਰ ਹੋਣੇ ਜ਼ਰੂਰੀ ਹਨ, ਓਵੇਂ ਹੀ ਪੇਸ਼ਕਾਰੀਆਂ ਕਰਨ ਵਾਲੇ ਕਲਾਕਾਰਾਂ ਦਾ ਧਿਆਨ ਰੱਖਿਆ ਜਾਣਾ ਵੀ ਜ਼ਰੂਰੀ ਹੈ।

ਮੇਲੇ ਦੇ ਦੂਜੇ ਹਿੱਸੇ ਵਿੱਚ ਸੰਸਥਾ ਦੇ ਮੈਨੇਜਿੰਗ ਡਾਇਰੈਕਟਰਾਂ- ਗੁਲਜ਼ਾਰ ਸਿੰਘ ਮੁਲਤਾਨੀ, ਡਾ. ਹਰਜਿੰਦਰ ਸਿੰਘ ਖਹਿਰਾ, ਜੈਸੀ ਸਿੰਘ, ਜਸਬੀਰ ਸੂਗਾ, ਪਾਲ ਡੰਡੋਨਾ, ਸਵੀ ਅਟੱਲ ਤੇ ਦਵਿੰਦਰ ਸਿੰਘ ਵੱਲੋਂ ਰੈਸਟੋਰੈਂਟ ਵਿੱਚ ਬੰਦਿਆਂ ਦੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਦੌਰਾਨ ਆਏ ਮਹਿਮਾਨਾਂ ਦੀ ਆਓ-ਭਗਤ ਕੀਤੀ ਗਈ। ਸੰਸਥਾ ਦੇ ਸੁਖਵਿੰਦਰ ਸਿੰਘ ਹੁੰਜਣ ਤੇ ਕਮਲ ਹੁੰਜਣ ਨਿੱਜੀ ਪ੍ਰੋਗਰਾਮ ਹੋਣ ਕਾਰਨ ਬੇਸ਼ੱਕ ਮੇਲੇ 'ਤੇ ਹਾਜ਼ਰ ਨਹੀਂ ਸਨ, ਪਰ ਉਹ ਆਪਣੀਆਂ ਜ਼ਿੰਮੇਵਾਰੀਆਂ ਪਹਿਲਾਂ ਹੀ ਓਟ ਕੇ ਗਏ ਸਨ।

ਮੇਲੇ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਬਿਜ਼ਨਸਮੈਨ ਦਰਸ਼ਨ ਸਿੰਘ ਧਾਲੀਵਾਲ ਅਤੇ ਗ੍ਰੈਂਡ ਸਪਾਂਸਰ ਮੈਕ ਭਮਰਾ ਤੇ ਜੋਡੀ ਭਮਰਾ ਸਨ, ਜਦਕਿ ਗੈਸਟ ਆਫ ਆਨਰ ਜੇ.ਪੀ. ਖਹਿਰਾ ਤੇ ਗੋਲਡ ਸਪਾਂਸਰ ਭੁਪਿੰਦਰ ਸਿੰਘ ਤੇ ਰਾਜ ਧਾਲੀਵਾਲ ਸਨ। ਇਸ ਤੋਂ ਇਲਾਵਾ ਹੋਰ ਸਪਾਂਸਰਾਂ ਵਿੱਚ ਵਿਭਾ ਰਾਜਪੂਤ, ਜਸਬੀਰ ਸੂਗਾ (ਸੂਗਾ ਬਿਲਡਰਜ਼), 5ਰਿਵਰਜ਼ ਐਂਟਰਟੇਨਮੈਂਟ-ਸ਼ਿਕਾਗੋ, ਸੁਨਿਲ ਸ਼ਾਹ, ਸਖੀ ਅਟਾਇਰ, ਪ੍ਰੋਫੈਸ਼ਨਲ ਹੈਲਥ ਕੇਅਰ ਲੈਬ, ਐਫ.ਆਈ.ਏ., ਦਵਿੰਦਰ ਸਿੰਘ ਤੇ ਨੈਨਾ ਸਿੰਘ, ਪਾਲ ਡੰਡੋਨਾ, ਮਿੰਨੀ ਤੇ ਗੁਲਜ਼ਾਰ ਸਿੰਘ ਮੁਲਤਾਨੀ, ਸਤਵੰਤ ਤੇ ਅਵਤਾਰ ਸਿੰਘ ਮੁਲਤਾਨੀ, ਡਾ. ਹਰਜਿੰਦਰ ਖਹਿਰਾ ਤੇ ਜੋਤੀ ਖਹਿਰਾ (ਲੇਕ ਸਟਰੀਟ ਡੈਂਟਲ), ਜੈਸੀ ਸਿੰਘ (ਰੀਮੈਕਸ), ਪੀ.ਸੀ.ਐਸ. ਸ਼ਿਕਾਗੋ, ਗੁਰਿੰਦਰਜੀਤ ਸਿੰਘ ਗਰੇਵਾਲ, ਕਮਲ ਤੇ ਲੱਕੀ ਸਹੋਤਾ (ਸੇਫਵੇਅ), 'ਸਵੇਰਾ' ਤੇ ਅਜੀਤ ਸਿੰਘ (ਮਿਡਵੇਅ ਬਿਜ਼ਨਸ ਗਰੁੱਪ) ਸ਼ਾਮਲ ਸਨ।

**ਤਸਵੀਰਾਂ: ਏਸ਼ੀਅਨ ਮੀਡੀਆ**

# ਮੌਸਮੀ ਵਰਤਾਰਿਆਂ ਦਾ ਕਾਵਿਕ ਸਿਖ਼ਰ ਹੈ ਸਾਉਣ ਮਹੀਨਾ

**ਵਿਰਾਸਤੀ ਰੰਗ**



**ਡਾ. ਆਸਾ ਸਿੰਘ ਘੁੰਮਣ**
**ਫੋਨ: +91-9779853245**

ਹਾੜ ਮਹੀਨੇ ਦੀ ਅਤਿ ਦੀ ਗਰਮੀ, ਤਪਦੀਆਂ ਦੁਪਹਿਰਾਂ ਅਤੇ ਲੂਹ ਸੁਟਦੀਆਂ ਗਰਮ ਹਵਾਵਾਂ ਤੋਂ ਬਾਅਦ ਜਦ ਸਾਉਣ ਆਉਂਦਾ ਹੈ ਤਾਂ ਪੰਜਾਬੀ ਇਸ ਨੂੰ ਘੁੱਟਵੀਂ ਗਲਵੱਕੜੀ ਪਾ ਕੇ ਮਿਲਦੇ ਹਨ। ਸਾਉਣ ਇੱਕ ਮਹੀਨੇ ਦਾ ਨਾਂ ਨਹੀਂ, ਸਗੋਂ ਇਹ ਇੱਕ ਮਿੱਠੀ-ਪਿਆਰੀ, ਸੁਆਦਲੀ ਰੁੱਤ ਦਾ ਨਾਂ ਹੈ। ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿੱਚ ਇਹ ਬੜਾ ਕਾਵਿਕ, ਰੋਮਾਂਚਿਕ, ਸੁਰ-ਮਈ ਅਤੇ ਰੰਗੀਲਾ ਮਹੀਨਾ ਹੈ। ਰੱਬੀ ਰਹਿਮਤਾਂ ਅਤੇ ਨਿਆਮਤਾਂ ਦਾ ਮਹੀਨਾ ਹੈ। ਅਸਲੀਅਤ ਤਾਂ ਇਹ ਹੈ ਕਿ ਸਾਉਣ ਦੇ ਮਹੀਨੇ ਵਿੱਚ ਬਰਸਾਤੀ ਨਜ਼ਾਰੇ ਮਨੁੱਖ ਦੀਆਂ ਸੁਣਨ, ਵੇਖਣ, ਸੁੰਘਣ, ਚੱਖਣ ਅਤੇ ਮਹਿਸੂਸ ਕਰਨ ਦੀਆਂ ਸਾਰੀਆਂ ਸੁਰਤੀਆਂ ਨੂੰ ਭਰਪੂਰ ਸੰਤੁਸ਼ਟੀ ਤੇ ਅਨੰਦ ਬਖ਼ਸ਼ਦੇ ਹਨ। ਕਾਲੇ, ਸੁਰਮਈ, ਘਸਮੈਲੇ, ਮਟਮੈਲੇ ਤੇ ਦੁਧੀਆ ਬੱਦਲ ਕਈ ਰੂਪਾਂ-ਸਰੂਪਾਂ ਅਤੇ ਆਕਾਰਾਂ ਵਿੱਚ ਅਸਮਾਨ ਵਿੱਚ ਮਨ-ਮਾਨੀਆਂ ਕਰਦੇ ਨਜ਼ਰ ਆਉਂਦੇ ਹਨ। ਸੰਵੇਦਨਸ਼ੀਲ ਲੋਕਾਂ ਦੀ ਰੂਹ ਸਰਸ਼ਾਰ ਕਰਨ ਦੇ ਕੁਦਰਤ ਅਨੇਕਾਂ ਹੀ ਸਬੱਬ ਬਣਾਉਂਦੀ ਹੈ। ਅਸਮਾਨ 'ਤੇ ਕਈ ਰੰਗਾਂ ਦਾ ਵਰਤਾਰਾ ਨਜ਼ਰ ਆਉਂਦਾ ਹੈ। ਸਾਰੇ ਦਿਨ ਦੀ ਝੜੀ ਤੋਂ ਬਾਅਦ ਸ਼ਾਮ ਦਾ ਸਮਾਂ ਬੜਾ ਵਿਸਮਾਦੀ ਹੋ ਨਿਬੜਦਾ ਹੈ ਅਤੇ ਕਈ ਵਾਰ ਅਕਾਸ਼ 'ਤੇ ਛਾਏ ਬੱਦਲ ਮਨਾਂ ਅੰਦਰ 'ਸਹਿਮ-ਸੁਆਦਲਾ' ਵੀ ਉਪਜਾਉਂਦੇ ਹਨ।

ਲੋਕ-ਗੀਤਾਂ ਦੀ ਸਭ ਤੋਂ ਵੱਧ ਗਿਣਤੀ ਸਾਉਣ ਮਹੀਨੇ ਦੇ ਹਿੱਸੇ ਆਉਂਦੀ ਹੈ। ਬੱਦਲਾਂ ਦੇ ਵਰਤਾਰਿਆਂ ਬਾਰੇ, ਇਸ ਮੌਸਮ ਵਿੱਚ ਉਪਜਦੇ ਜਜ਼ਬਾਤ ਬਾਰੇ, ਖੇਤੀ-ਬਾੜੀ ਦੇ ਆਹਰ-ਪਾਹਰ ਬਾਰੇ ਅਨੇਕਾਂ ਹੀ ਲੋਕ-ਬੋਲੀਆਂ ਅਤੇ ਲੋਕ-ਗੀਤ ਪੰਜਾਬੀਆਂ ਤੇ ਪੰਜਾਬਣਾਂ ਦੀਆਂ ਬੁੱਲ੍ਹੀਆਂ 'ਤੇ ਉਮੜ ਉਮੜ ਪੈਂਦੇ ਹਨ। ਕਾਲੀਆਂ ਸਿਆਹ ਘਟਾਵਾਂ ਦੇ ਇਲਾਹੀ ਨਜ਼ਾਰਿਆਂ ਨਾਲ ਵਸਲ-ਮਿਲਾਪ ਦੀਆਂ ਤਰੰਗਾਂ ਉਛਲ ਉਛਲ ਪੈਂਦੀਆਂ ਹਨ: "ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ, ਫੂਹਰ ਜਿਹੀ ਏ ਪੈਂਦੀ" ਦਾ ਦ੍ਰਿਸ਼ ਪੰਜਾਬ ਵਿੱਚ ਰੋਜ਼ ਰੋਜ਼ ਨਸੀਬ ਨਹੀਂ ਹੁੰਦਾ। ਕੋਮਲ ਮਨ-ਚਿੱਤ ਦੀ ਮਾਲਕਣ ਪੰਜਾਬਣ ਗੀਤਾਂ ਅਤੇ ਗਿੱਧੇ ਰਾਹੀਂ ਸਾਉਣ ਰੁੱਤ ਦੀ ਸਿਖਰ ਤੱਕ ਪਹੁੰਚਣ ਲਈ ਕਿਤੇ ਪੀਂਘਾਂ ਝੂਟਦੀ ਝੂਟਦੀ ਅਸਮਾਨੀਂ ਟਾਕੀਆਂ ਲਾਣਾ ਲੋਚਦੀ ਹੈ ਤੇ ਕਿਤੇ ਸਤਰੰਗੀ ਪੀਂਘ ਦੇ ਹੁਲਾਰੇ ਲੈਣਾ ਚਾਹੁੰਦੀ ਹੈ। ਕਾਦਰ ਦੀ ਕੁਦਰਤ ਨਾਲ ਮੇਲ ਖਾਂਦੀ ਵੇਸ-ਭੂਸ਼ਾ ਤੇ ਗਹਿਣਾ-ਗੱਟਾ ਪਹਿਨ ਉਹ "ਖੇਤਾਂ ਦੀ ਰਾਣੀ" ਬਣ ਬਣ ਬਹਿੰਦੀ ਹੈ:

"ਰੱਬ ਨੇ ਮੇਰੀ ਆਪ ਸੁਣ ਲਈ,
ਮੈਂ ਬਣੀ ਖੇਤਾਂ ਦੀ ਰਾਣੀ।"

ਇੱਕ ਸੁਹਜਵਾਦੀ ਪੰਜਾਬਣ ਮੀਂਹ ਪੈ ਹਟਣ ਅਤੇ ਬੱਦਲ ਛਟ ਜਾਣ ਤੋਂ ਬਾਅਦ ਨਿਖਰੀ ਹੋਈ ਰਾਤ ਵਿੱਚ ਨਿੱਕੇ-ਨਿੱਕੇ, ਮਿੰਨੇ-ਮਿੰਨੇ, ਟਿਮਟਿਮਾਉਂਦੇ ਤਾਰਿਆਂ ਦਾ ਅਲੌਕਿਕ ਦ੍ਰਿਸ਼ ਵੇਖ ਕੇ ਸਹਿਜੇ ਜਿਹੇ ਆਪਣੇ ਮਨ ਨਾਲ ਬਾਤਾਂ ਪਾਉਂਦੀ ਹੈ:

ਸਾਉਣ ਮਹੀਨੇ ਮੇਘਲਾ ਵਰਸੇ
ਚੰਦ ਛਿਪ ਗਿਆ ਟਹਿਕਣ ਤਾਰੇ।

ਇਸ ਮੌਸਮ ਵਿੱਚ ਕੇਵਲ ਮੋਰ ਤੇ ਕੋਇਲਾਂ ਹੀ ਨਹੀਂ, ਹਰ ਪੰਛੀ ਚਹਿਕਣ, ਮਹਿਕਣ, ਟਹਿਕਣ ਲੱਗਦਾ ਹੈ। ਕੋਈ ਪੰਜਾਬੀ-ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਕੋਇਲ ਨਾਲ ਤਸ਼ਬੀਹ ਦਿੰਦਾ ਹੋਇਆ ਉਸ ਦੇ ਵਾਰੇ-ਨਿਆਰੇ ਜਾਂਦਾ ਹੈ: 'ਕੋਇਲੇ ਸਾਉਣ ਦੀਏ, ਤੈਨੂੰ ਤਲੀਆਂ 'ਤੇ ਚੋਗ ਚੁਗਾਵਾਂ।'

ਲੋਕ-ਗੀਤਾਂ ਤੋਂ ਬਿਨਾ ਸਾਵਣ ਮਹੀਨੇ ਦਾ ਰੁਮਾਂਚ ਸਾਡੇ ਆਧੁਨਿਕ ਕਵੀਆਂ ਵੀ ਨੂੰ ਇਸ ਬਾਰੇ ਲਿਖਣ ਨੂੰ ਮਜਬੂਰ ਕਰ ਦਿੰਦਾ ਰਿਹੈ। ਪੰਜਾਬੀ ਦੇ ਬਹੁਤ ਸਾਰੇ ਕਵੀਆਂ ਨੇ ਇਸ ਮੌਸਮ ਪ੍ਰਤੀ ਆਪਣੇ ਪ੍ਰਬਲ ਜਜ਼ਬਾਤ ਅਤੇ ਭਾਵਨਾਵਾਂ ਦਾ ਪ੍ਰਗਟਾਅ ਕਾਵਿਕ ਰੂਪ ਵਿੱਚ ਕੀਤਾ ਹੈ। ਸੁਰਜੀਤ ਪਾਤਰ ਦੇ ਮੂੰਹੋਂ ਸਹਿਜ-ਭਾਅ ਨਿਕਲ ਜਾਂਦੈ:

ਇਹ ਜੋ ਸਿੱਲੀ ਸਿੱਲੀ ਵਗਦੀ ਏ ਵਾ'
ਕਿਤੇ ਕੋਈ ਰੋਂਦਾ ਹੋਵੇਗਾ।

ਜਦ ਛਮ-ਛਮ ਮੀਂਹ ਵੱਸਦਾ ਹੈ ਤਾਂ ਸਮਝਿਆ ਜਾਂਦਾ ਹੈ ਕਿ ਇੰਦਰ ਦੇਵਤਾ ਬਹੁਤ ਖੁਸ਼ ਅਤੇ ਦਿਆਲੂ ਹੈ, ਪਰ ਸ਼ਿਵ ਕੁਮਾਰ ਬਟਾਲਵੀ ਦੇ ਕਲਾਮ ਅਨੁਸਾਰ ਇੰਦਰ ਦੇਵ ਜਦ ਰੁੱਤਾਂ ਘੜ ਰਿਹਾ ਸੀ, ਉਨ੍ਹੀਂ ਦਿਨੀਂ ਉਹ ਐਂਦਰ ਨਾਂ ਦੀ ਇੱਕ ਪਰੀ ਨੂੰ ਬੜਾ ਪਿਆਰ ਕਰਦਾ ਸੀ। ਹਰ ਮੌਸਮ ਦਾ ਰੰਗ ਅਤੇ ਮਿਜਾਜ਼ ਉਸਨੇ ਐਂਦਰ ਦੀਆਂ ਮੁਦਰਾਵਾਂ 'ਤੇ ਆਧਾਰਿਤ ਕੀਤਾ:

ਕਹਿੰਦੇ ਜਦ ਉਹ ਹੱਸੀ ਰੁੱਤ ਬਹਾਰ ਬਣੀ
ਕਾਮੀਂ ਨਜ਼ਰੇ ਤੱਕੀ ਤਾਂ ਅੰਗਿਆਰ ਬਣੀ
ਵਿਚ ਉਦਾਸੀ ਮੱਤੀ ਤਾਂ ਪਤ-ਹਾਰ ਬਣੀ
ਸੇਜਾਂ ਮਾਣ ਕੇ ਥੱਕੀ ਠੰਡੀ ਠਾਰ ਬਣੀ
ਝਾਂਜਰ ਪਾ ਕੇ ਨੱਚੀ ਤਾਂ ਸ਼ਿੰਗਾਰ ਬਣੀ।

ਪਰ ਛੇਵੀਂ ਰੁੱਤ ਬਰਸਾਤ ਦਾ ਆਧਾਰ ਬਿਰਹਾ ਬਣ ਗਿਆ, ਕਿਉਂਕਿ ਬਦਕਿਸਮਤੀ ਨਾਲ ਇੰਦਰ ਦਾ ਐਂਦਰ ਨਾਲ ਪਿਆਰ ਸਿਰੇ ਨਾ ਚੜ੍ਹ ਸਕਿਆ। ਐਂਦਰ ਕਿਸੇ ਹੋਰ ਦੇਵਤੇ ਨਾਲ ਵਰੀ ਗਈ। ਦੋਹਾਂ ਦੇ ਹੰਝੂ-ਧਾਰ ਵਿਛੋੜੇ ਵਿੱਚੋਂ ਬਰਸਾਤ ਰੁੱਤ ਉਪਜੀ:

ਪਰ ਛੇਵੀਂ ਇਹ ਰੁਤ ਜਿਹੜੀ ਰੁੱਤ
ਮਲਹਾਰ ਬਣੀ
ਜੋ ਅੱਜ ਸਾਡੇ ਸਾਹਵੇਂ ਬਿਰਹਣ ਵਾਂਗ ਖੜੀ
ਦੁਖਦਾਇਕ ਹੈ, ਪੂਰਨ, ਇਸ ਦੀ ਜਨਮ-ਘੜੀ
ਐਂਦਰ ਹੋਰ ਕਿਸੇ ਦਿਓਤੇ ਸੰਗ ਗਈ ਵਰੀ
ਬ੍ਰਿਹੋਂ ਜਲੰਦੀ ਐਂਦਰ ਕਹਿੰਦੇ ਰੋਈ ਬੜੀ,
ਕਹਿੰਦੇ ਉਸ ਦਿਨ ਇੰਦਰ ਨੇ ਇਹ ਰੁੱਤ ਘੜੀ
ਅੰਬਰ ਨੈਣੀ ਐਂਦਰ ਦੀ ਸਭ ਪੀੜ ਭਰੀ
ਤੇ ਇੰਦਰ ਨੇ ਕਹਿੰਦੇ ਏਨੀ ਮਧਰਾ ਪੀਤੀ
ਉਸਨੂੰ ਆਪਣੇ ਆਪੇ ਦੀ ਨਾ ਹੋਸ਼ ਰਹੀ
ਕਹਿੰਦੇ! ਜਦ ਵੀ ਇੰਦਰ ਦਾ ਦਿਲ ਜਲਦਾ ਹੈ
ਐਂਦਰ ਨੂੰ ਉਹ ਯਾਦ ਜਦ ਵੀ ਕਰਦਾ ਹੈ
ਓਸੇ ਦਿਨ ਅੰਬਰ ਤੋਂ ਪਾਣੀ ਵਰ੍ਹਦਾ ਹੈ।

---

ਪ੍ਰੋ. ਮੋਹਨ ਸਿੰਘ ਸਾਉਣ ਮਹੀਨੇ ਦੀ ਆਮਦ ਬਾਰੇ ਕਿਆ ਖ਼ੂਬ ਲਿਖਦੇ ਹਨ:

ਚੜ੍ਹ ਮੇਘਲੇ ਦੀ ਘੋੜੀ 'ਤੇ, ਕਣੀਆਂ ਦੀ ਜੋੜ ਜੰਞ
ਧਰਤੀ ਨੂੰ ਵਰਨ ਆ ਗਿਆ, ਸਾਵਣ ਸੁਹਾਵਣਾ।

ਸਾਵਣ ਦੇ ਇਸ ਸੁਹਾਵਣੇ ਮੌਸਮ ਤੋਂ ਸਾਡੇ ਗੁਰੂ ਸਾਹਿਬਾਨ ਕਿਵੇਂ ਨਿਰਮੋਹ ਰਹਿ ਸਕਦੇ ਸਨ? ਸਾਵਣ-ਰੁੱਤ ਬਾਰੇ ਤਕਰੀਬਨ ਸਭ ਗੁਰੂਆਂ ਨੇ ਆਪਣੀ ਰਚਨਾ ਵਿੱਚ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਹੈ। ਗੁਰੂ-ਕਵੀ ਗੁਰੂ ਨਾਨਕ ਦੇਵ ਜੀ ਇਸ ਨੂੰ ਆਤਮਾ-ਪਰਮਾਤਮਾ ਦੇ ਰੂਹਾਨੀ ਪਿਆਰ ਨਾਲ ਜੋੜਦੇ ਹੋਏ ਸਾਵਣ-ਮਾਹ ਵਿੱਚ ਹੰਢਾਏ ਜਾਂਦੇ ਬਿਰਹਾ ਬਾਰੇ ਬਹੁਤ ਖ਼ੂਬ ਲਿਖਦੇ ਹਨ:

ਸਾਵਣ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖ ਮਾਏ॥

ਗੁਰੂ ਅਰਜਨ ਦੇਵ ਜੀ ਵੀ ਏਸੇ ਰੰਗ ਵਿੱਚ ਉਚਾਰਦੇ ਹਨ:

ਹਰ ਅੰਮ੍ਰਿਤ ਬੂੰਦ ਸੁਹਾਵਣੀ ਮਿਲ ਸਾਧੂ ਪੀਵਣਹਾਰ॥
ਵਣ ਤਿਣ ਪ੍ਰਭ ਸੰਗ ਮਉਲਿਆ ਸੰਮ੍ਰਥ ਪੁਰਖ ਅਪਾਰ॥

ਇਹ ਇਕੱਲਾ ਸਾਵਣ ਦਾ ਮਹੀਨਾ ਹੀ ਹੈ, ਜਿਸ ਬਾਰੇ ਸਿੱਖ ਗੁਰੂ ਸਾਹਿਬਾਨ ਨੇ ਵੱਧ ਤੋਂ ਵੱਧ ਕਾਵਿ-ਰਚਨਾ ਕੀਤੀ ਹੈ। ਗੁਰਬਾਣੀ ਵਿੱਚ ਤਕਰੀਬਨ ਬਰਸਾਤ ਦਾ ਹਰ ਪੱਖ ਕਾਵਿਕ ਰੰਗਣ ਵਿੱਚ ਮਿਲਦਾ ਹੈ। ਕਿਤੇ ਕਿਤੇ ਤਾਂ ਅਜਿਹੇ ਚਿਤਰਣ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਜਿਵੇਂ ਗੁਰੂ ਸਾਹਿਬਾਨ ਕੁਦਰਤ ਦਾ ਇਹ ਕਮਾਲ ਆਪਣੇ ਸਾਹਮਣੇ ਦੇਖ ਰਹੇ ਹੋਣ ਅਤੇ ਪਰਮਾਤਮਾ ਵੱਲੋਂ ਬਖ਼ਸ਼ੀ ਪ੍ਰਤਿਭਾ ਸਦਕਾ ਅਤਿ ਸੁੰਦਰ ਸ਼ਬਦਾਂ ਵਿੱਚ ਚਿਤਰਣ ਕਰੀ ਜਾ ਰਹੇ ਹੋਣ:

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥

---

ਨਾਨਕ ਬਿਜੁਲੀਆ ਚਮਕੰਨਿ ਮੂ ਕਹੀ ਨ ਜੇਹੀਆ॥
ਬਰਸਨਿ ਮੇਘ ਅਪਾਰ ਨਾਨਕ ਸੰਗਮ ਪਿਰੀ ਸੁਹੰਦੀਆ॥

ਬਾਰਹਮਾਹ ਤੋਂ ਬਿਨਾ ਹੋਰ ਰਾਗਾਂ ਵਿੱਚ ਵੀ ਸਾਉਣ, ਬਰਸਾਤ ਰੁੱਤ ਅਤੇ ਮੇਘਲੇ ਬਾਰੇ ਗੁਰੂ ਜੀ ਵੱਲੋਂ ਉਚਾਰੇ ਸ਼ਬਦ, ਸ਼ਲੋਕ ਜਾਂ ਤੁਕਾਂ ਕਾਫੀ ਗਿਣਤੀ ਵਿੱਚ ਉਪਲਬਧ ਹਨ। ਗੁਰੂ ਅੰਗਦ ਦੇਵ ਜੀ ਸਾਉਣ ਦੇ ਮਹੀਨੇ ਬਾਰੇ ਬੜੇ ਪਿਆਰੇ ਲਫਜ਼ਾਂ ਵਿੱਚ ਲਿਖਦੇ ਹਨ:

ਸਾਵਣ ਆਇਆ ਹੇ ਸਖੀ ਕੰਤੈ ਚਿਤਿ ਕਰੇਹਿ॥

---

ਸਾਵਣ ਆਇਆ ਹੇ ਸਖੀ ਜਲਹਰ ਬਰਸਨਹਾਰ॥

ਤੀਸਰੀ ਪਤਾਤਸ਼ਾਹੀ ਗੁਰੂ ਅਮਰਦਾਸ ਜੀ ਸਾਉਣ ਮਹੀਨੇ ਵਿੱਚ ਬਰਸਦੇ ਮੀਂਹ ਬਾਰੇ ਇਉਂ ਲਿਖਦੇ ਹਨ:

ਊਨਵ ਊਨਵ ਆਇਆ ਵਰਸੈ ਨੀਰ ਨਿਪੰਗ॥

---

ਊਨਵਿ ਊਨਵਿ ਆਇਆ ਵਰਸੈ ਲਾਇ ਝੜੀ॥

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਨੇ ਵੀ ਸਾਉਣ ਮਹੀਨੇ ਵਿੱਚ ਹੁੰਦੀ ਬਰਸਾਤ ਨੂੰ ਕੁਦਰਤ ਦੀ ਰਹਿਮਤ ਨਾਲ ਜੋੜਿਆ ਹੈ। ਇਸ ਰਹਿਮਤ ਸਦਕਾ ਪਸ਼ੂ-ਪੰਛੀ ਚਹਿਕਣ ਲੱਗਦੇ ਹਨ, ਧਰਤੀ ਹਰਿਆਵਲੀ ਹੋ ਉੱਠਦੀ ਹੈ ਅਤੇ ਮਨੁੱਖਤਾ ਲਈ ਅੰਨ ਦੇ ਭੰਡਾਰੇ ਉਗਲਣ ਦੇ ਆਹਰ ਵਿੱਚ ਜੁਟ ਜਾਂਦੀ ਹੈ:

ਸਾਵਣ ਆਇਆ ਝਿਮ ਝਿਮਾ
ਹਰਿ ਗੁਰਮੁਖਿ ਨਾਮਿ ਧਿਆਇ॥
ਦੁਖ ਭੁਖ ਕਾੜਾ ਸਭ ਚੁਕਾਇਸੀ
ਮੀਹ ਵੁੱਠਾ ਛਹਿਬਰ ਲਾਇ॥
ਸਭ ਧਰਤੀ ਭਈ ਹਰਿਆਵਲੀ
ਅੰਨ ਜੰਮਿਆ ਬੋਹਲ ਲਾਇ॥
ਹਰ ਅਚਿੰਤ ਬੁਲਾਵੈ ਕ੍ਰਿਪਾ ਕਰ
ਹਰਿ ਆਪੇ ਪਾਵੈ ਥਾਇ॥

ਸਾਵਣ ਮਹੀਨਾ ਕਿਉਂਕਿ ਖੇਤੀ-ਪ੍ਰਧਾਨ ਸੂਬੇ ਲਈ ਕਈ ਪੱਖਾਂ ਤੋਂ ਮਹੱਤਵਪੂਰਨ ਹੈ, ਇਸ ਲਈ ਇਸ ਬਾਰੇ ਖੇਤੀ-ਆਧਾਰਿਤ ਕਈ ਮੁਹਾਵਰੇ ਅਤੇ ਅਖੌਤਾਂ ਪ੍ਰਚਲਿਤ ਹਨ। ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਸਾਫ਼ ਜ਼ਾਹਰ ਹੈ ਕਿ ਸਾਉਣ ਦਾ ਮਹੀਨਾ ਪੰਜਾਬ ਵਾਸੀਆਂ ਲਈ ਸਭ ਤੋਂ ਵਿਲੱਖਣ ਹੈ, ਕਿਉਂਕਿ ਇਹ ਕੁਦਰਤ ਦੀਆਂ ਅਪਾਰ ਕਿਰਿਆਵਾਂ-ਭਰਪੂਰ ਮਹੀਨਾ ਹੈ। ਉਪਜੀਵਕਾ ਦਾ ਮੁੱਢ ਹੈ। ਇਹ ਮਹੀਨਾ ਕਾਰਾਂ-ਵਿਹਾਰਾਂ ਦਾ ਮਹੀਨਾ ਵੀ ਹੈ ਤੇ ਚਾਵਾਂ-ਮਲ੍ਹਾਰਾਂ ਦਾ ਵੀ ਅਤੇ ਪ੍ਰਾਕ੍ਰਿਤਕ-ਤਿਉਹਾਰਾਂ ਦਾ ਵੀ। ਇਸ ਮਹੀਨੇ-ਮੌਸਮ ਵਿੱਚ ਜੀਵ-ਜੰਤੂ, ਪਸ਼ੂ-ਪੰਛੀ, ਨਰ-ਨਾਰੀ, ਵਣ-ਤ੍ਰਿਣ; ਗੱਲ ਕੀ ਸਭ ਸ੍ਰਿਸ਼ਟੀ ਮੌਲ ਉੱਠਦੀ ਹੈ।

ਇਹੀ ਵਜ੍ਹਾ ਹੈ ਕਿ ਇਸ ਮਹੀਨੇ 'ਸਾਵਣ ਕਵੀ ਦਰਬਾਰ' ਅਯੋਜਿਤ ਕੀਤੇ ਜਾਂਦੇ ਹਨ।



**ਲੋਕ-ਗੀਤਾਂ ਦੀ ਸਭ ਤੋਂ ਵੱਧ ਗਿਣਤੀ ਸਾਉਣ ਮਹੀਨੇ ਦੇ ਹਿੱਸੇ ਆਉਂਦੀ ਹੈ। ਬੱਦਲਾਂ ਦੇ ਵਰਤਾਰਿਆਂ ਬਾਰੇ, ਇਸ ਮੌਸਮ ਵਿੱਚ ਉਪਜਦੇ ਜਜ਼ਬਾਤ ਬਾਰੇ, ਖੇਤੀ-ਬਾੜੀ ਦੇ ਆਹਰ-ਪਾਹਰ ਬਾਰੇ ਅਨੇਕਾਂ ਹੀ ਲੋਕ-ਬੋਲੀਆਂ ਅਤੇ ਲੋਕ-ਗੀਤ ਪੰਜਾਬੀਆਂ ਤੇ ਪੰਜਾਬਣਾਂ ਦੀਆਂ ਬੁੱਲ੍ਹੀਆਂ 'ਤੇ ਉਮੜ ਉਮੜ ਪੈਂਦੇ ਹਨ। ਕਾਲੀਆਂ ਸਿਆਹ ਘਟਾਵਾਂ ਦੇ ਇਲਾਹੀ ਨਜ਼ਾਰਿਆਂ ਨਾਲ ਵਸਲ-ਮਿਲਾਪ ਦੀਆਂ ਤਰੰਗਾਂ ਉਛਲ ਉਛਲ ਪੈਂਦੀਆਂ ਹਨ: "ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ, ਫੂਹਰ ਜਿਹੀ ਏ ਪੈਂਦੀ" ਦਾ ਦ੍ਰਿਸ਼ ਪੰਜਾਬ ਵਿੱਚ ਰੋਜ਼ ਰੋਜ਼ ਨਸੀਬ ਨਹੀਂ ਹੁੰਦਾ।**



# ਹੌਰਮੂਜ਼ ਜਲ-ਡਮਰੂ ਦੇ ਚਰਚੇ





ਦੋ ਵੱਡੇ ਸਮੁੰਦਰਾਂ ਨੂੰ ਜੋੜਨ ਵਾਲੇ ਤੰਗ ਜਲ-ਰਸਤੇ ਨੂੰ ਜਲ-ਡਮਰੂ ਆਖਦੇ ਹਨ। ਪੱਛਮ ਏਸ਼ੀਆ ਦੀ ਫ਼ਾਰਸ ਦੀ ਖਾੜੀ ਅਤੇ ਓਮਾਨ ਦੀ ਖਾੜੀ ਨੂੰ ਜੋੜਨ ਵਾਲੇ ਜਲ ਰਸਤੇ ਨੂੰ ਹੌਰਮੂਜ਼ ਜਲ-ਡਮਰੂ ਆਖਿਆ ਜਾਂਦਾ ਹੈ। ਹੌਰਮੂਜ਼ ਸ਼ਬਦ ਫਾਰਸੀ ਦੇ ਸ਼ਬਦ 'ਹਰਮੋਘ' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ- ਖਜ਼ੂਰ। ਦੋ ਸਮੁੰਦਰਾਂ ਨੂੰ ਜੋੜਨ ਵਾਲੇ ਇਸ ਤੰਗ ਜਲ ਸਰੋਤ ਦੀ ਲੰਬਾਈ 167 ਕਿਲੋਮੀਟਰ ਦੇ ਕਰੀਬ ਹੈ। ਇਸ ਵਿੰਗੇ-ਟੇਢੇ ਜਲ ਮਾਰਗ ਦੀ ਘੱਟ ਤੋਂ ਘੱਟ ਚੌੜਾਈ 39 ਕਿਲੋਮੀਟਰ ਅਤੇ ਵੱਧ ਤੋਂ ਵੱਧ ਚੌੜਾਈ 97 ਕਿਲੋਮੀਟਰ ਹੈ। ਇਸ ਦੇ ਉੱਤਰੀ ਪਾਸੇ ਈਰਾਨ ਅਤੇ ਦੱਖਣ ਪਾਸੇ ਯੂ.ਏ.ਈ. ਤੇ ਓਮਾਨ ਦੇਸ਼ ਲੱਗਦੇ ਹਨ। ਇਹ ਜਲ-ਡਮਰੂ ਹਾਲ ਹੀ ਵਿੱਚ ਖ਼ਬਰਾਂ ਵਿੱਚ ਆਇਆ ਹੈ।

ਹੌਰਮੂਜ਼ ਜਲ-ਡਮਰੂ ਸਮੁੱਚੇ ਸੰਸਾਰ ਅਤੇ ਖਾਸ ਕਰਕੇ ਏਸ਼ੀਆਈ ਦੇਸ਼ਾਂ ਨੂੰ ਕੱਚੇ ਤੇਲ ਦੇ ਲਾਂਘੇ ਵਜੋਂ ਮਸ਼ਹੂਰ ਹੈ। ਕੁੱਲ ਦੁਨੀਆ ਦੇ 20 ਫ਼ੀਸਦ ਕੱਚੇ ਤੇਲ ਦੀ ਪੂਰਤੀ ਇਸੇ ਰਸਤੇ ਵਿੱਚੋਂ ਹੋ ਕੇ ਲੰਘਦੀ ਹੈ। ਦਰਜਨਾਂ ਹੀ ਤੇਲ ਦੇ ਟੈਂਕਰ ਇੱਥੋਂ ਰੋਜ਼ਾਨਾ ਲੰਘਦੇ ਹਨ। ਹਰ ਰੋਜ਼ ਇੱਥੋਂ 20 ਮਿਲੀਅਨ ਬੈਰਲ ਕੱਚਾ ਤੇਲ ਅਤੇ 25 ਫ਼ੀਸਦ ਕੁਦਰਤੀ ਗੈਸ ਇਸੇ ਰਸਤੇ ਹੀ ਜਾਂਦੀ ਹੈ। ਸਾਊਦੀ ਅਰਬ, ਇਰਾਕ, ਇਰਾਨ, ਕਤਰ ਅਤੇ ਸੰਯੁਕਤ ਅਰਬ ਅਮੀਰਾਤ ਜਿਹੇ ਸਭ ਤੋਂ ਵੱਧ ਕੱਚਾ ਤੇਲ ਪੈਦਾ ਕਰਨ ਵਾਲੇ ਦੇਸ਼ ਆਪਣੇ ਤੇਲ ਨੂੰ ਨਿਰਯਾਤ ਕਰਨ ਭਾਵ ਵੇਚਣ ਲਈ ਇਸੇ ਜਲ-ਡਮਰੂ ਦੀ ਵਰਤੋਂ ਹੀ ਕਰਦੇ ਹਨ। ਇਹ ਤੇਲ ਜ਼ਿਆਦਾਤਰ ਏਸ਼ੀਆਈ ਦੇਸ਼ਾਂ ਜਾਪਾਨ, ਚੀਨ, ਦੱਖਣੀ ਕੋਰੀਆ ਅਤੇ ਭਾਰਤ ਆਦਿ ਦੇਸ਼ਾਂ ਨੂੰ ਵੇਚਿਆ ਜਾਂਦਾ ਹੈ। ਅਸਲ ਵਿੱਚ ਖਾੜੀ ਦੇ ਦੇਸ਼ਾਂ ਦਾ ਦੂਜੇ ਦੇਸ਼ਾਂ ਨਾਲ ਪਾਣੀ ਦੇ ਰਸਤੇ ਆਉਣ-ਜਾਣ ਦਾ ਇਹੋ ਹੀ ਇੱਕੋ-ਇੱਕ ਰਸਤਾ ਹੈ। ਹੌਰਮੂਜ਼ ਜਲ-ਡਮਰੂ ਨੂੰ 'ਚੋਕ ਪੁਆਇੰਟ' (CHOKE POINT) ਭਾਵ ਰਾਹ ਡੱਕਣ ਦਾ ਟਿਕਾਣਾ ਵੀ ਆਖਦੇ ਹਨ, ਕਿਉਂਕਿ ਇੱਥੇ ਡੱਕਾ ਲਾ ਕੇ ਅਰਬ ਦੇਸ਼ਾਂ ਅਤੇ ਸੰਸਾਰ ਦੇ ਬਾਕੀ ਦੇਸ਼ਾਂ ਵਿਚਲੇ ਵਪਾਰ ਨੂੰ ਡੱਕਾ ਲਾਇਆ ਜਾ ਸਕਦਾ ਹੈ।

ਪਿਛਲੇ ਦਿਨੀਂ ਅਮਰੀਕਾ ਵੱਲੋਂ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਬੰਬਾਰੀ ਕਰਨ ਤੋਂ ਬਾਅਦ ਇਰਾਨ ਨੇ ਇਸ ਜਲ-ਡਮਰੂ ਨੂੰ ਬੰਦ ਕਰਨ ਦੀ ਧਮਕੀ ਦੇ ਦਿੱਤੀ ਹੈ। ਇਸ ਜਲ ਰਸਤੇ ਵਿੱਚ ਮੌਜੂਦ ਅੱਠ ਟਾਪੂਆਂ ਵਿੱਚੋਂ ਸੱਤ ਟਾਪੂਆਂ ਉੱਤੇ ਇਰਾਨ ਦਾ ਹੀ ਕਬਜ਼ਾ ਹੈ। ਇਰਾਨ ਦੀ ਜਲ ਸੈਨਾ ਇਨ੍ਹਾਂ ਟਾਪੂਆਂ ਨੂੰ ਕੰਟਰੋਲ ਕਰਦੀ ਹੈ। ਕੁਝ ਮਸ਼ਹੂਰ ਟਾਪੂਆਂ ਦੇ ਨਾਂ ਹਨ- ਕੇਸ਼ਮ, ਹੇਂਗਮ, ਹੋਰਮੂਜ਼, ਬੰਦਰ ਅਬਾਸ, ਛੋਟਾ ਟੂੰਬ, ਅਬੂ ਮੂਸਾ ਅਤੇ ਵੱਡਾ ਟੂੰਬ ਆਦਿ। ਇਸੇ ਕਾਰਨ ਹੀ ਇਸ ਜਲ ਮਾਰਗ ਉੱਤੇ ਇਰਾਨ ਦਾ ਜ਼ਿਆਦਾ ਦਬਦਬਾ ਬਣਿਆ ਹੋਇਆ ਹੈ। ਭਾਵੇਂ ਕਿ ਕੁਝ ਟਾਪੂਆਂ ਨੂੰ ਪ੍ਰਾਪਤ ਕਰਨ ਲਈ ਇਰਾਨ ਅਤੇ ਸੰਯੁਕਤ ਅਰਬ ਅਮੀਰਾਤ ਵਿਚਾਲੇ ਵਿਵਾਦ ਚੱਲ ਰਿਹਾ ਹੈ।

ਹੌਰਮੂਜ਼ ਜਲ-ਡਮਰੂ ਨੇੜੇ ਸਭ ਤੋਂ ਵੱਡਾ ਸ਼ਹਿਰ ਦੁਬਈ ਹੈ, ਜੋ ਕਿ ਸੰਯੁਕਤ ਅਰਬ ਅਮੀਰਾਤ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਭਾਰਤ ਦਾ 70 ਫ਼ੀਸਦ ਕੱਚਾ ਤੇਲ ਅਤੇ 30 ਫ਼ੀਸਦ ਗੈਸ ਇਸੇ ਰਸਤੇ ਲੰਘ ਕੇ ਭਾਰਤ ਪਹੁੰਚਦੇ ਹਨ। ਭਾਰਤ ਨੇ ਇਰਾਨ ਦੀ ਚਾਬਹਾਰ ਬੰਦਰਗਾਹ ਦਸ ਸਾਲਾਂ ਲਈ ਠੇਕੇ 'ਤੇ ਲਈ ਹੋਈ ਹੈ।

*-ਅਸ਼ਵਨੀ ਚਤਰਥ*
*ਫੋਨ: +91-6284220595*

# ਖ਼ੁਫ਼ੀਆਂ ਯੋਜਨਾਵਾਂ ਅਤੇ ਜੰਗਾਂ ਵਿੱਚ ਡਰੋਨ ਦੀ ਵਰਤੋਂ

ਜਾਣਕਾਰੀ



**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**

ਡਰੋਨ, ਜਿਨ੍ਹਾਂ ਨੂੰ ਮਾਨਵ ਰਹਿਤ ਹਵਾਈ ਵਾਹਨ ਵੀ ਕਿਹਾ ਜਾਂਦਾ ਹੈ, ਨੇ ਆਧੁਨਿਕ ਖ਼ੁਫ਼ੀਆ ਅਤੇ ਜੰਗੀ ਰਣਨੀਤੀਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਤਕਨੀਕ ਸੈਨਿਕ ਅਤੇ ਖ਼ੁਫ਼ੀਆ ਏਜੰਸੀਆਂ ਲਈ ਇੱਕ ਮਹੱਤਵਪੂਰਨ ਸਾਧਨ ਬਣ ਗਈ ਹੈ। ਡਰੋਨ ਦੀ ਸਭ ਤੋਂ ਵੱਡੀ ਵਰਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਵਿੱਚ ਹੁੰਦੀ ਹੈ। ਇਹ ਉੱਚ ਰੈਜ਼ੁਲੇਸ਼ਨ ਕੈਮਰਿਆਂ, ਸੈਂਸਰਾਂ ਅਤੇ ਰਾਡਾਰ ਨਾਲ ਲੈਸ ਹੁੰਦੇ ਹਨ, ਜੋ ਦੁਸ਼ਮਣ ਦੇ ਖੇਤਰਾਂ, ਸੈਨਿਕ ਅੱਡਿਆਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੀ ਨਿਗਰਾਨੀ ਕਰ ਸਕਦੇ ਹਨ। ਇਹ ਰੀਅਲ ਟਾਇਮ ਵੀਡੀਓ ਅਤੇ ਡੇਟਾ ਪ੍ਰਦਾਨ ਕਰਦੇ ਹਨ, ਜੋ ਸੈਨਿਕ ਰਣਨੀਤੀਆਂ ਬਣਾਉਣ ਵਿੱਚ ਮਦਦ ਕਰਦੇ ਹਨ। ਮਿਸਾਲ ਵਜੋਂ ਅਮਰੀਕੀ ਡਰੋਨ ਐਮ.ਕਿਉ.-9 ਰੀਪਰ ਅਤੇ ਇਜ਼ਰਾਇਲ ਦਾ ਡਰੋਨ ਜਾਸੂਸੀ ਤੇ ਨਿਗਰਾਨੀ ਲਈ ਵਿਆਪਕ ਤੌਰ 'ਤੇ ਵਰਤੇ ਜਾਂਦੇ ਹਨ। ਇਸਦੇ ਨਾਲ ਹੀ ਸੁਰੱਖਿਅਤ ਅਤੇ ਗੁਪਤ ਆਪਰੇਸ਼ਨਾਂ ਵਿੱਚ ਡਰੋਨ ਮਨੁੱਖੀ ਜਾਸੂਸੀ ਦੀ ਜਰੂਰਤ ਅਤੇ ਖਤਰੇ ਨੂੰ ਘਟਾਉਂਦੇ ਹਨ, ਜਿਸ ਨਾਲ ਖਤਰਨਾਕ ਇਲਾਕਿਆਂ ਵਿੱਚ ਜਾਨ ਦਾ ਜੋਖਮ ਘੱਟ ਹੁੰਦਾ ਹੈ। ਇਹ ਰਾਤ ਦੇ ਸਮੇਂ ਜਾਂ ਮਾੜੇ ਮੌਸਮ ਵਿੱਚ ਵੀ ਕੰਮ ਕਰ ਸਕਦੇ ਹਨ, ਜੋ ਗੁਪਤ ਮਿਸ਼ਨਾਂ ਲਈ ਆਦਰਸ਼ ਹੈ। ਡਰੋਨਾਂ ਦੇ ਵੱਖ-ਵੱਖ ਦੇਸ਼ਾਂ ਵਿੱਚ ਅਤਿਵਾਦੀ ਅਤੇ ਵੱਖਵਾਦੀ ਸੰਗਠਨਾਂ ਦੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸੰਚਾਰ ਸਿਗਨਲਾਂ ਨੂੰ ਫੜਨ ਅਤੇ ਵਿਸ਼ਲੇਸ਼ਣ ਕਰਨ ਦੀ ਡਰੋਨ ਸਮਰਥਾ ਰੱਖਦੇ ਹਨ, ਜਿਸ ਨਾਲ ਦੁਸ਼ਮਣ ਦੀਆਂ ਯੋਜਨਾਵਾਂ ਅਤੇ ਸੰਚਾਰ ਪ੍ਰਣਾਲੀਆਂ ਬਾਰੇ ਸੰਚਾਰ ਤੇ ਇੰਟੈਲੀਜੈਂਸ ਬਾਰੇ ਜਾਣਕਾਰੀ ਮਿਲਦੀ ਹੈ। ਜੀ.ਪੀ.ਐੱਸ. ਅਤੇ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਡਰੋਨ ਸਹੀ ਅਤੇ ਤੇਜ਼ ਜਾਣਕਾਰੀ ਪ੍ਰਦਾਨ ਕਰਦੇ ਹਨ।

ਜ਼ਿਕਰਯੋਗ ਹੈ ਕਿ ਡਰੋਨ ਨੂੰ ਸਵੈ-ਚਲਤ ਹਥਿਆਰਾਂ ਵਜੋਂ ਵੀ ਵਰਤਿਆ ਜਾਂਦਾ ਹੈ, ਜੋ ਲੰਮੇ ਸਮੇਂ ਤੱਕ ਹਵਾ ਵਿੱਚ ਚੱਕਰ ਲਗਾ ਸਕਦੇ ਹਨ। ਜਦੋਂ ਟੀਚਾ ਮਿਲੇ ਤਾਂ ਸਿੱਧਾ ਹਮਲਾ ਕਰਦੇ ਹਨ। ਮਿਸਾਲ ਵਜੋਂ ਇਜ਼ਰਾਇਲ ਦਾ ਹਾਰੋਪ ਡਰੋਨ ਦੁਸ਼ਮਣ ਦੇ ਰਾਡਾਰ ਸਿਸਟਮ, ਕਮਾਂਡ ਸੈਂਟਰ ਅਤੇ ਹੋਰ ਮਹੱਤਵਪੂਰਨ ਟੀਚਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਯੂਕਰੇਨ-ਰੂਸ ਜੰਗ ਵਿੱਚ ਯੂਕਰੇਨ ਦੇ ਡਰੋਨਾਂ ਨੇ ਰੂਸ ਦੀਆਂ 12 ਤੋਂ ਵੱਧ ਰੀਫਾਇਰਨਰੀਆਂ ਅਤੇ ਰਾਡਾਰ ਸਿਸਟਮਾਂ ਨੂੰ ਨੁਕਸਾਨ ਪਹੁੰਚਾਇਆ। ਟੀਚੇ ਤੇ ਸਟੀਕ ਹਮਲੇ ਵੇਲੇ ਮਿਜ਼ਾਇਲਾਂ ਅਤੇ ਬੰਬਾਂ ਨਾਲ ਲੈਸ ਹੁੰਦੇ ਹਨ, ਜੋ ਖਾਸ ਟੀਚਿਆਂ ਨੂੰ ਘੱਟ ਨੁਕਸਾਨ ਨਾਲ ਨਿਸ਼ਾਨਾ ਬਣਾਉਂਦੇ ਹਨ। ਇਹ ਸੈਨਿਕ ਅੱਡਿਆਂ, ਵਾਹਨਾਂ ਅਤੇ ਹਥਿਆਰ ਡਿੱਪੂਆਂ 'ਤੇ ਹਮਲਾ ਕਰਨ ਵਿੱਚ ਮੁਹਾਰਤ ਰੱਖਦੇ ਹਨ। ਮਸਲਨ, ਅਮਰੀਕੀ ਡਰੋਨ ਨੇ 2020 ਵਿੱਚ ਇਰਾਨ ਦੇ ਜਨਰਲ ਕਾਸਿਆ ਸੁਏਮਾਨੀ 'ਤੇ ਸਟੀਕ ਹਮਲਾ ਕੀਤਾ ਸੀ। ਕੁਝ ਮਾਮਲਿਆਂ ਵਿੱਚ, ਡਰੋਨ ਨੂੰ ਰਸਾਇਣਿਕ





ਹਥਿਆਰਾਂ ਨੂੰ ਛੱਡਣ ਲਈ ਵੀ ਵਰਤਿਆ ਜਾਂਦਾ ਹੈ, ਜੋ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਡਰੋਨ ਦੀ ਵਰਤੋਂ ਸੁਰੱਖਿਆ, ਸਟੀਕਤਾ, ਗੁਪਤਤਾ ਅਤੇ ਬਹੁ-ਮੁਖੀਤਾ ਲਈ ਕੀਤੀ ਜਾਂਦੀ ਹੈ। ਡਰੋਨ ਦੀ ਵਰਤੋ ਸਬੰਧੀ ਕੁਝ ਚੁਣੌਤੀਆਂ ਅਤੇ ਖਤਰੇ ਵੀ ਹਨ, ਜਿਵੇਂ ਨੈਤਿਕ ਮੁੱਦੇ, ਸੁਰੱਖਿਆ ਖਤਰੇ ਅਤੇ ਰਸਾਇਣਿਕ ਹਥਿਆਰ ਦੀ ਵਰਤੋਂ।

ਜੇ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦੀ ਗੱਲ ਕੀਤੀ ਜਾਵੇ ਤਾਂ ਦੋਹਾਂ ਦੇਸ਼ਾਂ ਨੇ ਡਰੋਨ ਤਕਨੀਕ ਦੀ ਵਿਕਸਿਤੀ ਵਿੱਚ ਕਾਫੀ ਨਿਵੇਸ਼ ਕੀਤਾ ਹੈ। ਸਰਹੱਦੀ ਨਿਗਰਾਨੀ ਅਤੇ ਸੈਨਿਕ ਮਿਸ਼ਨਾਂ ਲਈ ਭਾਰਤ ਦੀ ਡੀ.ਆਰ.ਡੀ.ਓ. ਨੇ 'ਰੁਸਤਮ' ਅਤੇ 'ਘਾਤਕ' ਡਰੋਨ ਵਿਕਸਿਤ ਕੀਤੇ ਹਨ। ਇਜ਼ਰਾਈਲ-ਇਰਾਨ, ਯੂਕਰੇਨ-ਰੂਸ ਅਤੇ ਭਾਰਤ-ਪਾਕਿਸਤਾਨ ਫੌਜੀ ਟਕਰਾਵਾਂ ਤੇ ਜੰਗਾਂ ਵਿੱਚ ਡਰੋਨਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ।

ਪਿਛਲੇ ਕਈ ਦਹਾਕਿਆਂ ਵਿੱਚ ਤਕਨੀਕੀ ਤਰੱਕੀ ਦਾ ਇੱਕ ਮਹੱਤਵਪੂਰਨ ਹਿੱਸਾ, ਜਿਸ ਵਿੱਚ ਸੰਚਾਰ ਅਤੇ ਏ.ਆਈ. ਦੀ ਵਰਤੋਂ ਹੁੰਦੀ ਹੈ, ਸ਼ੁਰੂਆਤੀ ਦੌਰ ਵੇਲੇ ਸਧਾਰਨ ਰਿਮੋਟ-ਕੰਟਰੋਲ ਸਿਸਟਮ ਤੋਂ ਲੈ ਕੇ ਅਜੋਕੇ ਏ.ਆਈ. ਸੰਚਾਲਿਤ, ਸਵੈ-ਚਾਲਤ ਅਤੇ ਸਵਾਰਮਿੰਗ ਡਰੋਨਾਂ ਤੱਕ, ਇਸ ਤਕਨੀਕ ਦਾ ਤੇਜੀ ਨਾਲ ਵਿਕਾਸ ਹੋਇਆ ਹੈ। ਡਰੋਨਾਂ ਦੇ ਤਕਨੀਕੀ ਵਿਕਾਸ ਵੱਲ ਜੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 1916-19 ਵਿੱਚ ਪਹਿਲੇ ਵਿਸ਼ਵ ਯੁੱਧ ਦੌਰਾਨ ਸੰਯੁਕਤ ਰਾਜ ਅਮਰੀਕਾ ਨੇ 'ਕੈਟਰਿੰਗ ਬੱਗ' ਨਾਮ ਦਾ ਸਾਧਾਰਨ ਡਰੋਨ ਵਿਕਸਿਤ ਕੀਤਾ, ਜੋ ਇੱਕ ਸਵੈ-ਚਾਲਤ ਹਥਿਆਰ ਸੀ, ਜੋ ਸੀਮਤ ਸੀਮਾ ਤੇ ਸਟੀਕਤਾ ਵਾਲਾ ਸੀ, ਜਦ ਕਿ 1940-50 ਦੀ ਦੂਸਰੇ ਵਿਸ਼ਵ ਯੁੱਧ ਦੌਰਾਨ ਰੇਡੀਓ ਕੰਟਰੋਲਡ ਡਰੋਨ ਨੂੰ ਨਿਸ਼ਾਨਾ ਅਭਿਆਸ ਅਤੇ ਜਾਸੂਸੀ ਲਈ ਵਰਤਿਆ ਗਿਆ। 1960-70 ਦੌਰਾਨ ਸ਼ੀਤ ਯੁੱਧ ਵੇਲੇ ਅਮਰੀਕਾ ਅਤੇ ਸੋਵੀਅਤ ਸੰਘ ਨੇ ਨਿਗਰਾਨੀ ਲਈ ਡਰੋਨ ਵਿਕਸਿਤ ਕੀਤੇ। ਆਧੁਨਿਕ ਸਮੇਂ (1980-2025) ਵੇਲੇ ਸੈਂਸਰ ਅਤੇ ਜੀ.ਪੀ.ਐੱਸ. ਦੇ ਵਿਕਾਸ ਨਾਲ ਡਰੋਨ ਦੀ ਸਟੀਕਤਾ ਅਤੇ ਸੀਮਾ ਨੂੰ ਵਧਾਇਆ ਗਿਆ। ਲੈਬਨਾਨ ਅਤੇ ਅਫਗਾਨਿਸਤਾਨ ਜੰਗਾਂ ਵਿੱਚ ਇਸ ਦੀ ਵਰਤੋਂ ਕੀਤੀ ਗਈ। 2000-2010 ਵੇਲੇ ਏ.ਆਈ. ਅਤੇ ਆਟੋਮੇਸ਼ਨ ਤਕਨੀਕ ਦੀ ਵਰਤੋਂ ਡਰੋਨ ਦੇ ਵਿਕਾਸ ਵਿੱਚ ਤੇਜ਼ੀ ਲਿਆਈ, ਜਿਸ ਨਾਲ ਡਰੋਨ ਨੇ ਰੀਅਲ ਟਾਈਮ ਨਿਗਰਾਨੀ ਅਤੇ ਸਟੀਕ ਹਮਲਿਆਂ ਦੀ ਸਮਰੱਥਾ ਦਿਖਾਈ। ਛੋਟੇ ਡਰੋਨ, ਮਿੰਨੀ ਅਤੇ ਮਾਈਕਰੋ ਡਰੋਨ ਦਾ ਵਿਕਾਸ ਹੋਣ ਲੱਗਾ, ਜੋ ਖ਼ੁਫ਼ੀਆ ਮਿਸ਼ਨਾਂ ਅਤੇ ਸੰਵੇਦਨਸ਼ੀਲ ਸਥਾਨਾਂ ਸਬੰਧੀ ਵਰਤੇ ਜਾਣ ਲੱਗੇ। ਵਰਤਮਾਨ ਪੜਾਅ (2010-2025) ਸਮੇਂ ਡਰੋਨ ਸਵਰਮ ਤਕਨੀਕ ਦੇ ਵਿਕਾਸ ਨਾਲ ਸੈਂਕੜੇ ਡਰੋਨ ਇਕੱਠੇ ਵਰਤੇ ਜਾਣ ਲੱਗੇ। ਏ.ਆਈ. ਲੈਸ ਡਰੋਨ ਹੁਣ ਟੀਚਿਆ ਨੂੰ ਖੁਦ ਪਛਾਣ ਸਕਦੇ ਹਨ, ਖੁਦ ਫੈਸਲਾ ਲੈ ਸਕਦੇ ਹਨ ਅਤੇ ਬਿਨਾ ਮਨੁੱਖੀ ਦਖਲ ਦੇ ਮਿਸ਼ਨ ਪੂਰਾ ਕਰ ਸਕਦੇ ਹਨ। ਹੁਣ ਹਵਾ ਜਮੀਨ ਅਤੇ ਪਾਣੀ ਵਿੱਚ ਵੀ ਡਰੋਨ ਕੰਮ ਕਰ ਸਕਦੇ ਹਨ। ਡਰੋਨਾਂ ਵਿੱਚ ਹੁਣ ਉੱਚ ਰੈਜ਼ੂਲੂਸ਼ਨ ਕੈਮਰੇ (ਥਰਮਲ ਇੰਫਰਾਰੈਡ ਅਤੇ ਮਲਟੀ ਸਪੈਕਟਰਲ ਕੈਮਰੇ) ਲੱਗੇ ਹੋਏ ਹਨ, ਜੋ ਰਾਤ ਜਾਂ ਮਾੜੇ ਮੌਸਮ ਵਿੱਚ ਵੀ ਨਿਗਰਾਨੀ ਕਰ ਸਕਦੇ ਹਨ। ਲੀਡਰ ਅਤੇ ਰਾਡਾਰ ਤਕਨੀਕ ਰਾਹੀਂ 3ਡੀ ਮੈਪਿੰਗ ਅਤੇ ਰੁਕਾਵਟਾਂ ਦਾ ਪਤਾ ਲਗਾਉਣ, ਸਿਗਨਲ, ਇੰਟੈਲੀਜੈਂਸ, ਸੰਚਾਰ ਸਿਗਨਲ ਫੜਨ ਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਰੱਖਦੇ ਹਨ ਅਤੇ ਏ.ਆਈ. ਦੀ ਵਰਤੋਂ ਨਾਲ ਡਰੋਨ ਸਵੈ-ਚਾਲਤ ਨੇਵੀਗੇਸ਼ਨ, ਟੀਚਾ ਪਛਾਣ ਅਤੇ ਸਟੀਕ ਹਮਲੇ ਕਰ ਸਕਦੇ ਹਨ ਤੇ ਇੱਕ-ਦੂਜੇ ਨਾਲ ਸੰਚਾਰ ਕਰਕੇ ਸੰਯੁਕਤ ਮਿਸ਼ਨ ਪੂਰਾ ਕਰ ਸਕਦੇ ਹਨ।

ਲੰਮੀ ਉਡਾਨ ਸਮੇਂ ਸੋਲਰ-ਸੰਚਾਲਿਤ ਅਤੇ ਹਾਈ ਕਪੈਸਿਟੀ ਲਿਥੀਅਮ ਆਇਨ ਬੈਟਰੀਆਂ ਨਾਲ ਹੁਣ ਡਰੋਨ 24 ਤੋਂ 48 ਘੰਟਿਆਂ ਤੱਕ ਉੱਡ ਸਕਦੇ ਹਨ। ਡੀਜ਼ਲ ਅਤੇ ਇਲੈਕਟ੍ਰਿਕ ਸੰਯੋਗ ਨਾਲ ਲੰਮੀ ਦੂਰੀ ਤੇ ਭਾਰ ਚੁੱਕਣ ਅਤੇ ਉਡਾਣ ਭਰਨ ਦੇ ਸਮਰਥ ਵੀ ਹਨ। ਅਮਰੀਕਾ, ਚੀਨ ਅਤੇ ਰੂਸ ਵੱਲੋਂ ਹਾਈਪਰੋਸਨਿਕ ਡਰੋਨ ਵਿਕਸਿਤ ਕੀਤੇ ਜਾ ਰਹੇ ਹਨ, ਜੋ ਮੈਕ 5 (ਆਵਾਜ਼ ਦੀ ਗਤੀ ਤੋਂ ਪੰਜ ਗੁਣਾ ਤੇਜ਼) ਉਡਾਰੀ ਭਰ ਸਕਦੇ ਹਨ ਅਤੇ ਜਮੀਨ ਤੇ ਸਮੁੰਦਰ ਅੰਦਰ ਵੀ ਕੰਮ ਕਰ ਸਕਦੇ ਹਨ। ਇਸਦੇ ਨਾਲ ਹੀ ਸੋਲਰ ਅਤੇ ਸਪੇਸ ਡਰੋਨ ਵੀ ਵਿਕਸਿਤ ਹੋ ਰਹੇ ਹਨ, ਜੋ ਹਫਤਿਆਂ ਤੱਕ ਪੁਲਾੜ ਵਿੱਚ ਉੱਡ ਸਕਦੇ ਹਨ। ਹਾਈਪਰਸੋਨਿਕ ਤਕਨੀਕ ਵਿੱਚ ਪ੍ਰਵੇਸ਼ ਕਰਕੇ ਭਾਰਤ ਵੀ ਅਮਰੀਕਾ, ਰੂਸ ਅਤੇ ਚੀਨ ਵਰਗੇ ਦੇਸ਼ਾਂ ਦੀ ਕਤਾਰ ਵਿੱਚ ਖੜਾ ਹੋ ਗਿਆ ਹੈ, ਜਿਸ ਕਾਰਨ ਭਾਰਤ ਦੀ ਰਣਨੀਤਕ ਸੁਰੱਖਿਆ, ਤੇਜ਼ ਜਵਾਬੀ ਸਮਰੱਥਾ ਅਤੇ ਤਕਨੀਕੀ ਉੱਤਮਤਾ ਵੱਧ ਰਹੀ ਹੈ।

ਖ਼ੁਫ਼ੀਆ ਯੋਜਨਾਵਾਂ ਅਤੇ ਜੰਗਾਂ ਵਿੱਚ ਡਰੋਨਾਂ ਦੀ ਵਰਤੋਂ ਨੂੰ ਵੇਖਦੇ ਹੋਏ ਮੰਨਣਾ ਪਵੇਗਾ ਕਿ ਡਰੋਨ ਅਤੇ ਹਾਈਪਰਸੋਨਿਕ ਹਥਿਆਰਾਂ ਨੇ ਅਜੋਕੇ ਯੁੱਧਾਂ ਵਿੱਚ ਤੇਜ਼ੀ, ਸਟੀਕਤਾ ਅਤੇ ਉਚੇਰੀ ਰਣਨੀਤਿਕ ਸਮਰਥਾ ਪ੍ਰਦਾਨ ਕੀਤੀ ਹੈ। 'ਆਪਰੇਸ਼ਨ ਸੰਦੂਰ' ਨੇ ਵੀ ਭਾਰਤ ਨੂੰ ਸਿਖਾਇਆ ਹੈ ਕਿ ਇੱਕੋ ਸਮੇਂ ਇੱਕ ਤੋਂ ਵੱਧ ਦੁਸ਼ਮਣ ਦੇਸ਼ਾਂ ਨਾਲ ਆਪਣੀ ਹਵਾਈ ਅਤੇ ਡਰੋਨ ਸ਼ਕਤੀ ਰਾਹੀਂ ਕਿਵੇਂ ਨਜਿਠਿਆ ਜਾਣਾ ਹੈ। ਇਸ ਦੇ ਨਾਲ ਹੀ ਇਸ ਕਥਨ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਅਮਨ-ਅਮਾਨ ਰੱਖਣ ਲਈ ਜੰਗ ਲਈ ਤਿਆਰ ਰਹਿਣਾ ਵੀ ਜਰੂਰੀ ਹੈ।

---

# ਖਤਰਨਾਕ ਬੰਦਾ ਅਤੇ ਬ੍ਰਹਿਮੰਡ

**ਹਨਦੀਪ ਸਿੰਘ ਸੰਧੂ**

'ਸਭ ਤੋਂ ਖਤਰਨਾਕ ਉਹ ਬੰਦਾ ਹੁੰਦਾ, ਜਿਹਨੇ ਬੱਸ ਇੱਕ ਹੀ ਕਿਤਾਬ ਪੜ੍ਹੀ ਹੋਵੇ।' ਇਹ ਹਵਾਲਾ ਕਾਮਰੇਡਾਂ ਨੇ ਧਾਰਮਿਕ ਬਿਰਤੀ ਵਾਲੇ ਲੋਕਾਂ ਲਈ ਘੜਿਆ ਸੀ। ਮਤਲਬ ਕਿ ਜਿਹੜੇ ਬੰਦੇ ਨੇ ਸਿਰਫ ਇੱਕੋ ਕਿਤਾਬ ਜਿਵੇਂ ਕਿ ਸਿੱਖ ਨੇ ਗੁਰੂ ਗ੍ਰੰਥ ਸਾਹਿਬ, ਹਿੰਦੂ ਨੇ ਗੀਤਾ, ਮੁਸਲਮਾਨ ਨੇ ਕੁਰਾਨ ਤੇ ਈਸਾਈ ਨੇ ਬਾਈਬਲ ਪੜ੍ਹੀ ਹੋਵੇ, ਉਹ ਤੁਰਿਆ-ਫਿਰਦਾ ਜਿਉਂਦਾ-ਜਾਗਦਾ ਬੰਬ ਹੁੰਦਾ।

ਵਿਰੋਧ ਹਮੇਸ਼ਾ ਸ਼ੀਸ਼ੇ ਵਰਗਾ ਹੁੰਦਾ, ਜਦੋਂ ਕਿਸੇ ਦਾ ਕਰਦੇ ਹਾਂ ਤਾਂ ਨਾਲ ਦੀ ਨਾਲ ਆਵਦਾ ਚਿਹਰਾ ਦਿਸ ਜਾਂਦਾ। ਇੱਕੋ ਕਿਤਾਬ ਵਾਲੇ ਧਾਰਮਿਕ ਬੰਦੇ ਜਿੰਨਾ ਹੀ ਖਤਰਨਾਕ ਹੁੰਦਾ ਉਹ ਦੇਸੀ ਕਾਮਰੇਡ, ਜਿਹਨੇ ਸਿਰਫ ਸ਼ਹੀਦ ਭਗਤ ਸਿੰਘ ਦਾ ਲੇਖ 'ਮੈਂ ਨਾਸਤਿਕ ਕਿਉਂ ਹਾਂ' ਪੜ੍ਹਿਆ; ਉਹ ਚੀਨੀ ਕਮਿਊਨਿਸਟ ਜਿਸਨੇ ਸਿਰਫ ਮਾਓ ਦੀ 'ਰੈੱਡ ਬੁੱਕ' (ਲਾਲ ਕਿਤਾਬ) ਪੜ੍ਹੀ ਹੋਵੇ; ਉਹ ਰੂਸੀ ਕਾਮਰੇਡ ਜਿਸਨੇ ਸਿਰਫ ਕਾਰਲ ਮਾਰਕਸ ਦੀ Das Kapitol ਪੜ੍ਹੀ ਹੋਵੇ। ਲਾਲ ਕਿਤਾਬ ਦਰਅਸਲ ਆਪਣੇ ਆਪ 'ਚ ਕੋਈ ਕਿਤਾਬ ਨਹੀਂ ਹੈ, ਇਹਦੇ 'ਚ ਮਾਓ ਦੇ ਵੱਖੋ-ਵੱਖਰੇ ਭਾਸ਼ਣਾਂ ਤੇ ਵਿਚਾਰਾਂ ਨੂੰ ਸੂਚੀਬੱਧ ਕੀਤਾ ਹੋਇਆ ਹੈ। ਬਿਲਕੁਲ ਉਹੀ ਹਿਸਾਬ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਦਾ ਹੈ। ਜਿੰਨਾ ਵੀ ਖੱਬੇ ਪੱਖੀ ਸਾਹਿਤ ਭਗਤ ਸਿੰਘ ਨੇ ਪੜ੍ਹਿਆ ਸੀ, ਉਹਦੇ 'ਚੋਂ ਖਾਸ-ਖਾਸ ਗੱਲਾਂ ਉਹਨੇ ਨੋਟ ਕੀਤੀਆਂ, ਜਿਸਨੂੰ ਜੇਲ੍ਹ ਡਾਇਰੀ ਦਾ ਰੂਪ ਦਿੱਤਾ ਗਿਆ।

ਲੋਕ ਕਾਮਰੇਡ, ਨਾਸਤਿਕ ਤੇ ਤਰਕਸ਼ੀਲ ਨੂੰ ਇੱਕੋ ਰੱਸੇ ਬੰਨ ਲੈਂਦੇ ਹਨ, ਜਿਹੜਾ ਕਿ ਸਹੀ ਨਹੀਂ। ਕਾਮਰੇਡ ਸ਼ਬਦ ਦਾ ਇਸਤੇਮਾਲ ਕਮਿਊਨਿਸਟ ਆਵਦੇ ਹਮਖਿਆਲੀ ਇਨਸਾਨ ਲਈ ਕਰਦੇ ਹਨ, ਜਿਵੇਂ ਪੰਜਾਬੀ ਕਾਮਰੇਡਾਂ ਲਈ ਕਿਸੇ ਧਾਰਮਿਕ ਬੰਦੇ ਦੇ ਧਾਰਮਿਕ ਨਾਅਰੇ ਜਿੰਨੀ ਹੀ ਮਹੱਤਤਾ ਰੱਖਦੇ ਹਨ ਦੋ ਸ਼ਬਦ- 'ਸਾਥੀ' ਤੇ 'ਇਨਕਲਾਬ ਜ਼ਿੰਦਾਬਾਦ।' ਨਾਸਤਿਕ ਹੁੰਦਾ ਉਹ ਬੰਦਾ, ਜਿਹੜਾ ਕਿਸੇ ਧਾਰਮਿਕ ਅਕੀਦੇ ਜਾਂ ਪਰਮਾਤਮਾ ਦੀ ਹੋਂਦ 'ਚ ਯਕੀਨ ਨਹੀਂ ਰੱਖਦਾ। ਉਹਦੇ ਲਈ ਧਾਰਮਿਕ ਤੇ ਕਮਿਊਨਿਸਟ-ਦੋਵੇਂ ਇੱਕ ਬਰਾਬਰ ਹਨ, ਕਿਉਂਕਿ ਦੋਵੇਂ ਹੀ ਸੰਸਾਰ 'ਤੇ ਹੋਈ ਪ੍ਰਮੁੱਖ ਕਤਲੋਗਾਰਤ ਦਾ ਕਾਰਨ ਰਹੇ ਹਨ। ਤੀਜੇ ਨੰਬਰ 'ਤੇ ਆ ਗਏ ਤਰਕਸ਼ੀਲ, ਇਹ ਪ੍ਰਜਾਤੀ ਸਿਰਫ ਮਾਲਵੇ, ਤੇ ਮਾਲਵੇ 'ਚ ਵੀ ਬਰਨਾਲਾ ਏਰੀਏ 'ਚ ਪਾਈ ਜਾਂਦੀ ਆ। ਉਹ ਤਰਕਸ਼ੀਲ ਵੀ ਓਨਾ ਹੀ ਖਤਰਨਾਕ ਹੋ ਜਾਂਦਾ, ਜਿਹਨੇ ਬੱਸ 'ਦੇਵ ਪੁਰਸ਼ ਹਾਰ ਗਏ' ਪੜ੍ਹੀ ਹੋਵੇ। ਇਨ੍ਹਾਂ ਦਾ ਬਹੁਤਾ ਸਮਾਂ ਫਜ਼ੂਲ ਜਿਹੇ ਚੈਲੇਂਜ ਰੱਖਣ ਤੇ ਨਕਦ ਇਨਾਮ ਦੀ ਘੋਸ਼ਣਾ ਕਰਨ 'ਚ ਹੀ ਲੰਘ ਜਾਂਦਾ।

ਜਮਾਤੀ ਘੋਲ ਦੇ ਦੁਸ਼ਮਣ, ਬੁਰਜੂਆ ਸਮਾਜ, ਸਰਮਾਏਦਾਰੀ ਨਿਜ਼ਾਮ, ਮਜ਼ਦੂਰ ਦਾ ਰਾਜ, ਪੂੰਜੀਵਾਦ, ਜਗੀਰੂ ਕਦਰਾਂ ਕੀਮਤਾਂ- ਇਹੋ ਜਿਹੇ ਸ਼ਬਦ ਵਰਤਣ ਆਲੇ ਬੰਦੇ ਕਾਮਰੇਡ ਤੇ ਤਰਕਸ਼ੀਲ ਹੁੰਦੇ ਆ। ਨਾਸਤਿਕ ਬੰਦਾ ਬੱਸ ਆਵਦੀ ਧੁਨ 'ਚ ਮਸਤ ਹੈ, ਉਹ ਚਾਰਵਾਕ ਦੇ ਸਿਧਾਂਤ ਮੁਤਾਬਕ ਜ਼ਿੰਦਗੀ ਜਿਉਂ ਰਿਹਾ। ਸੰਸਾਰ ਦੇ ਵੱਡੇ ਵਿਗਿਆਨੀ ਤੇ ਹੋਰ ਆਪੋ-ਆਪਣੇ ਖੇਤਰ ਦੇ ਪ੍ਰਤਿਭਾਵਾਨ ਲੋਕ ਜਾਂ ਤਾਂ ਪਰਮਾਤਮਾ ਦੀ ਹੋਂਦ 'ਚ ਯਕੀਨ ਰੱਖਦੇ ਹਨ ਤੇ ਜਾਂ ਵਾਸਤਵਿਕ ਹਨ। ਵਾਸਤਵਿਕ ਤੋਂ ਮਤਲਬ ਇਹ ਕਿ ਬੰਦੇ ਨੇ ਕੋਈ ਲਕੀਰ ਨਹੀਂ ਖਿੱਚੀ ਹੋਈ ਕਿ ਰੱਬ ਹੈ ਜਾਂ ਨਹੀਂ! ਉਹ ਆਵਦੀਆਂ ਅੱਖਾਂ ਸਾਹਮਣੇ ਜੋ ਹੈ, ਉਸ 'ਤੇ ਯਕੀਨ ਰੱਖਦਾ।

ਬ੍ਰਹਿਮੰਡ ਐਸੀ ਚੀਜ਼ ਹੈ ਕਿ ਜਿਵੇਂ ਜਿਵੇਂ ਮਨੁੱਖ ਤੇ ਉਹਦੀ ਟੈਕਨੋਲੋਜੀ ਅਗਾਂਹਵਧੂ ਹੋ ਰਹੀ ਹੈ, ਬ੍ਰਹਿਮੰਡ ਦੀ ਗੁੱਥੀ ਸੁਲਝਣ ਦੀ ਬਜਾਏ ਹੋਰ ਉਲਝਦੀ ਜਾ ਰਹੀ ਹੈ। ਪਰ ਉਹ ਵਿਗਿਆਨੀ ਤੇ ਇਸ ਫੀਲਡ 'ਚ ਕੰਮ ਕਰ ਰਹੇ ਹੋਰ ਰੌਸ਼ਨ ਦਿਮਾਗ ਲੋਕ ਜਿਵੇਂ ਜਿਵੇਂ ਪਰਤਾਂ ਖੋਲ੍ਹਦੇ ਜਾ ਰਹੇ ਹਨ, ਉਨ੍ਹਾਂ ਦਾ ਪਰਮਾਤਮਾ 'ਚ ਯਕੀਨ ਵਧਦਾ ਜਾ ਰਿਹਾ ਹੈ; ਕਿਉਂਕਿ ਪ੍ਰਿਥਵੀ 'ਤੇ ਜੀਵਨ ਦੀ ਹੋਂਦ ਲਈ ਜੋ ਕੁਝ ਲੋੜੀਂਦਾ, ਉਹਦੇ ਹਰੇਕ ਮਾਮੂਲੀ ਤੋਂ ਮਾਮੂਲੀ ਵੇਰਵੇ 'ਤੇ ਏਨਾ ਜ਼ਿਆਦਾ ਧਿਆਨ ਦਿੱਤਾ ਹੋਇਆ, ਜਿਵੇਂ ਕਿਸੇ ਕੌਂਪਲੈਕਸ ਮਸ਼ੀਨ ਦਾ ਨਿਰਮਾਣ ਕੀਤਾ ਹੁੰਦਾ। ਥੋੜ੍ਹੀ ਜਿਹੀ ਵੀ ਹਿਲਜੁੱਲ ਹੋਈ ਨਹੀਂ ਤੇ ਸਾਰਾ ਕੁਝ ਰੇਤ ਦੇ ਕਿਲੇ ਵਾਂਗੂੰ ਢਹਿ ਜਾਣਾ। ਧਰਤੀ ਵਿਚਲੀਆਂ ਪਰਤਾਂ ਜਿਵੇਂ- ਅੰਦਰੂਨੀ ਕੋਰ, ਬਾਹਰੀ ਕੋਰ, ਪੇਪੜੀ, ਮੈਂਟਲ, ਪ੍ਰਿਥਵੀ ਦੀ ਪਰਿਕਰਮਾ ਕਰ ਰਿਹਾ ਇਸਦਾ ਉੱਪਗ੍ਰਹਿ ਚੰਦ, ਸੂਰਜ ਤੋਂ ਦੂਰੀ, ਪ੍ਰਿਥਵੀ ਦੀ ਸੂਰਜ ਦੁਆਲੇ ਤੇ ਆਵਦੇ ਧੁਰੇ ਦੀ ਰੋਟੇਸ਼ਨ, ਧਰਤੀ ਹੇਠਲੀਆਂ ਪਰਤਾਂ ਵਾਂਗ ਇਸਦੇ ਉੱਪਰਲੀਆਂ ਵਾਤਾਵਰਣ ਦੀਆਂ ਪਰਤਾਂ, ਧਰਤੀ ਦੇ ਚੁੰਬਕੀ ਖੰਭੇ, ਆਕਸੀਜ਼ਨ ਤੇ ਹੋਰ ਗੈਸਾਂ ਦੀ ਸਿਰਫ ਸੰਪੂਰਨ ਮਾਤਰਾ- ਇਹ ਤਾਂ ਹੋ'ਗੇ ਪ੍ਰਿਥਵੀ 'ਤੇ ਮੌਜੂਦ ਫੈਕਟਰ। ਜੇ ਆਪਾਂ ਆਪਣੇ ਸੋਲਰ ਸਿਸਟਮ ਦੀ ਗੱਲ ਕਰੀਏ ਤਾਂ ਬਾਕੀ ਗ੍ਰਹਿ ਤੇ ਉਨ੍ਹਾਂ ਦੀਆਂ Dimensions, ਇਉਂ ਲੱਗਦਾ, ਜਿਵੇਂ ਇਹ ਸਾਰਾ ਕੁਝ ਖਾਸ ਤੌਰ 'ਤੇ ਪ੍ਰਿਥਵੀ ਉੱਪਰਲੇ ਜੀਵਨ ਨੂੰ ਕਾਇਮ ਰੱਖਣ ਲਈ ਡਿਜ਼ਾਈਨ ਕੀਤਾ ਹੋਇਆ।

ਏਨੇ ਕਾਰਕ ਇੱਕ ਸਾਥ ਕੰਮ ਕਰ ਰਹੇ ਹਨ, ਇੱਕ ਅੱਧੀ ਚੀਜ਼ ਹੁੰਦੀ ਤਾਂ ਮੰਨ ਲੈਂਦੇ ਕਿ ਇਤਫਾਕ ਹੈ, ਪਰ ਇਹ ਅਣਗਿਣਤ ਚੀਜਾਂ ਦੀ ਕਿਸੇ ਪਰਮ ਸ਼ਕਤੀ ਨੇ ਮਾਲਾ ਬਣਾਈ ਹੋਈ ਹੈ, ਆਪਣੇ ਆਪ ਇਹ ਕੁਝ ਨਹੀਂ ਹੋ ਸਕਦਾ। ਘਾਤਕ ਘਟਨਾਵਾਂ (Cataclysmic events) ਕਹਿੰਦੇ ਹਨ ਉਨ੍ਹਾਂ ਘਟਨਾਵਾਂ ਨੂੰ, ਜਿਸਨੇ ਸਮੁੱਚੇ ਜੀਵਨ ਦਾ ਹੀ ਖਾਤਮਾ ਕਰਤਾ ਹੋਵੇ। ਪ੍ਰਿਥਵੀ 'ਤੇ ਹੁਣ ਤੱਕ ਪੰਜ ਵੱਡੇ extinction events ਹੋ ਚੁੱਕੇ ਹਨ। ਪਹਿਲਾਂ ਜੀਵਨ ਪਣਪਿਆ ਅਤੇ ਉਸਨੇ ਆਵਦਾ ਖਾਸ ਰੋਲ ਨਿਭਾਇਆ ਤੇ ਖਤਮ ਹੋ ਗਿਆ। ਇਸ ਤਰ੍ਹਾਂ ਧਰਤੀ 'ਤੇ ਪੰਜ ਵਾਰੀ ਹੋਇਆ ਤਾਂ ਕਿਤੇ ਜਾ ਕੇ ਇਹ ਮਨੁੱਖ ਦੇ ਰਹਿਣਯੋਗ ਹੋਈ। ਆਖਰੀ ਸਾਕਾ (Apocalypse) 66 ਮਿਲੀਅਨ ਸਾਲ ਪਹਿਲਾਂ ਹੋਇਆ ਸੀ, ਜਿਸਨੇ ਡਾਇਨਾਸੁਰਾਂ ਦਾ ਖਾਤਮਾ ਕੀਤਾ ਤੇ 2.4 ਮਿਲੀਅਨ ਸਾਲ ਪਹਿਲਾਂ ਮਨੁੱਖ ਜਾਤੀ ਨੇ ਇਸ ਰੀਸੈੱਟ ਕੀਤੀ ਧਰਤੀ 'ਤੇ ਸ਼ਕਲ ਅਖਤਿਆਰ ਕਰਨੀ ਤੇ ਵਿਕਸਿਤ ਕਰਨਾ ਸ਼ੁਰੂ ਕੀਤਾ। ਕਿੰਨੀ ਹੈਰਾਨੀ ਦੀ ਗੱਲ ਹੈ ਕਿ 66 ਮਿਲੀਅਨ ਸਾਲ ਹੋ'ਗੇ ਤੇ ਹਜੇ ਤੱਕ ਛੇਵਾਂ Extinction Level Event ਨਹੀਂ ਹੋਇਆ। ਉਦੋਂ ਤੋਂ, ਜਦੋਂ ਤੋਂ ਧਰਤੀ 'ਤੇ ਮਨੁੱਖ ਜਾਤੀ ਪਨਪਣੀ ਸ਼ੁਰੂ ਕੀਤੀ।

ਇਸ ਗੱਲ 'ਤੇ ਤਾਂ ਸ਼ੱਕ ਹੀ ਕੋਈ ਨਹੀਂ ਕਿ ਡਾਇਨਾਸੁਰਾਂ ਦਾ ਖਾਤਮਾ ਇੱਕ ਗ੍ਰਹਿ (Asteriod) ਦੇ ਧਰਤੀ ਨਾਲ ਟਕਰਾਉਣ ਕਰਕੇ ਹੋਇਆ ਸੀ। ਵੱਡੀ ਗਿਣਤੀ 'ਚ ਜੀਵਨ ਉਸ ਪ੍ਰਭਾਵ ਨਾਲ ਹੀ ਖਤਮ ਹੋ ਗਿਆ ਸੀ, ਜਿਸਨੇ ਲੱਖਾਂ ਪ੍ਰਮਾਣੂ ਬੰਬਾਂ ਜਿੰਨੀ ਤਾਕਤ ਪੈਦਾ ਕੀਤੀ। ਬਚਦੇ ਜੀਵਨ 'ਚੋਂ ਵੱਡਾ ਹਿੱਸਾ ਉਸ ਟਕਰਾਅ ਦੀ ਸਦਮੇ ਦੀ ਲਹਿਰ ਦੀ ਭੇਟ ਚੜ੍ਹ ਗਿਆ। ਉਸ ਟਕਰਾਅ ਨੇ ਧਰਤੀ ਦੇ ਆਸ-ਪਾਸ ਧੂੜ ਮਿੱਟੀ ਦੀ ਐਨੀ ਮੋਟੀ ਪਰਤ ਜਮ੍ਹਾਂ ਕਰ ਦਿੱਤੀ ਕਿ ਹਜ਼ਾਰਾਂ ਸਾਲ ਤੱਕ ਸੂਰਜ ਦੀ ਰੌਸ਼ਨੀ ਹੀ ਪਾਰ ਨਾ ਹੋ ਸਕੀ। ਬਾਕੀ ਚੀਜ਼ਾਂ ਉਸ ਪ੍ਰਮਾਣੂ ਸਰਦੀ (Nuclear Winter) ਦੀ ਭੇਟ ਚੜ੍ਹ ਗਈਆਂ। ਜਦੋਂ ਸੂਰਜ ਦੀ ਗਰਮੀ ਹੀ ਨਾ ਰਹੀ ਤਾਂ ਲੱਖਾਂ ਸਾਲ ਪ੍ਰਿਥਵੀ ਬਰਫ ਨਾਲ ਢਕੀ ਰਹੀ। ਫਿਰ ਲੱਖਾਂ ਸਾਲ ਜਵਾਲਾਮੁਖੀ ਅੱਗ ਉਗਲਦੇ ਰਹੇ। ਫਿਰ ਗਰਮੀ ਨਾਲ ਬਰਫ ਪਿਘਲ ਕੇ ਪਾਣੀ ਬਣੀ ਤੇ ਫਿਰ ਭਾਫ। ਫਿਰ ਪ੍ਰਿਥਵੀ ਦੇ ਠੰਢਾ ਹੋਣ ਦਾ ਦੌਰ ਸ਼ੁਰੂ ਹੋਇਆ ਤੇ ਬੱਦਲਾਂ ਦਾ ਰੂਪ ਧਾਰੀ ਉਹ ਭਾਫ ਲੱਖਾਂ ਹੀ ਸਾਲ ਮੀਂਹ ਬਣ ਕੇ ਵਰ੍ਹਦੀ ਰਹੀ। Asteroid impacts ਨਾਲ ਬਣੇ ਉਹ ਵਿਸ਼ਾਲ ਟੋਏ ਲੱਖਾਂ ਸਾਲਾਂ ਦੇ ਮੀਂਹ ਨਾਲ ਭਰ ਕੇ ਮੌਜੂਦਾ ਸਮੇਂ ਦੇ ਮਹਾਂਸਾਗਰ ਬਣੇ। ਇਹ ਚੀਜ਼ਾਂ ਨਿਰੰਤਰ ਚੱਲਦੀਆਂ ਰਹੀਆਂ, ਜੋ ਕਿ ਧਰਤੀ ਨੂੰ ਮਨੁੱਖ ਦੇ ਰਹਿਣਯੋਗ ਬਣਾਉਣ ਲਈ ਬੜੀਆਂ ਜਰੂਰੀ ਸਨ। Asteroids ਦੀ ਹੁਣ ਵੀ ਹਰ ਰੋਜ ਧਰਤੀ 'ਤੇ ਵਰਖਾ ਹੁੰਦੀ ਆ, ਪਰ ਜਾਂ ਤਾਂ ਉਹ ਮਾਹੌਲ (Atmosphere) 'ਚ ਦਾਖਲ ਹੁੰਦੇ ਹੀ ਅੱਗ ਨਾਲ ਬਲ ਕੇ ਖਤਮ ਹੋ ਜਾਂਦੇ ਹਨ ਤੇ ਜਾਂ ਬਜਰੀ ਜਿੰਨੇ ਸਾਈਜ਼ ਦੇ ਰਹਿ ਜਾਂਦੇ ਹਨ, ਟਕਰਾਅ ਹੋਣ ਤੱਕ ਜਿਸਦਾ ਕੋਈ ਅਸਰ ਨਹੀਂ ਪੈਂਦਾ।

ਧਰਤੀ ਦੇ ਇਤਿਹਾਸ ਮੁਤਾਬਕ ਛੇਵਾਂ Extinction Event ਲੱਖਾਂ ਸਾਲਾਂ ਤੋਂ ਬਕਾਇਆ ਹੈ, ਪਰ ਹੋ ਨਹੀਂ ਰਿਹਾ ਕਿਉਂਕਿ ਇਹ ਸਾਰਾ ਕੁਝ ਕਿਸੇ ਅਦ੍ਰਿਸ਼ ਸ਼ਕਤੀ ਦੇ ਕੰਟਰੋਲ ਹੇਠ ਹੋ ਰਿਹਾ। ਵੈਸੇ ਤਾਂ ਆਪਾਂ ਏਨੀ ਤਰੱਕੀ ਕਰ ਗਏ ਹਾਂ ਕਿ ਕਿਸੇ ਵੱਡੇ ਗ੍ਰਹਿ ਨਾਲ ਟਕਰਾਅ ਦਾ ਪਹਿਲਾਂ ਹੀ ਪਤਾ ਲੱਗ ਜਾਣਾ; ਪਰ ਫਿਰ ਵੀ ਜੇ ਕੋਈ 'Out of the blue' ਸਾਹਮਣੇ ਆ ਜਾਂਦਾ ਹੈ ਤਾਂ ਮਨੁੱਖ ਕੋਲ ਏਨੀ ਕੁ Firepower ਹੈ ਕਿ ਉਸ ਚੱਟਾਨ ਨੂੰ ਤਬਾਹ ਕਰਨ ਦੀ ਲੋੜ ਨਹੀਂ, ਬੱਸ ਡਿਗਰੀ ਦਾ ਕੁਝ ਕੁ ਹਿੱਸਾ ਉਹਦੇ ਰਾਹ ਤੋਂ ਭਟਕਾਉਣਾ ਤੇ ਉਹਨੇ ਲੱਖਾਂ ਕਿਲੋਮੀਟਰ ਪਾਸੇ ਦੀ ਲੰਘ ਜਾਣਾ। ਅੱਜ ਦੀ ਘੜੀ ਮਨੁੱਖਤਾ ਨੂੰ ਮਨੁੱਖਤਾ ਤੋਂ ਖਤਰਾ, ਕੁਦਰਤ ਤੋਂ ਨਹੀਂ। ਪਰ ਜਿਹੜੀ ਸ਼ਕਤੀ ਇੱਥੋਂ ਤੱਕ ਲੈ ਆਈ, ਉਹਨੇ ਅੱਗੇ ਵੀ ਕੁਝ ਪਲੈਨ ਕੀਤਾ ਹੀ ਹੋਣਾ!

ਪਿੰਡ ਵਸਿਆ (28)

ਵਿਜੈ ਬੰਬੇਲੀ
ਫੋਨ: +91-9463439075



# ਰਾਮਪੁਰ ਲਿਖਾਰੀਆਂ ਜ਼ਿਲ੍ਹਾ ਲੁਧਿਆਣਾ

*'ਪਿੰਡ ਵਸਿਆ' ਕਾਲਮ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਹਥਲੀ ਲਿਖਤ ਵਿੱਚ ਰਾਮਪੁਰ ਲਿਖਾਰੀਆਂ ਦਾ ਸੰਖੇਪ ਵੇਰਵਾ ਹੈ। -ਪ੍ਰਬੰਧਕੀ ਸੰਪਾਦਕ*

ਮਰਹੂਮ ਕਾਮਰੇਡ ਮੱਲ ਸਿੰਘ ਰਾਮਪੁਰੀ ਇੱਕੋ ਸਮੇਂ ਬਹੁਪਰਤੀ ਸ਼ਖਸ ਹੋਇਆ: ਇਨਕਲਾਬੀ ਕਾਰਕੁੰਨ, ਲਿਖਾਰੀ, ਨਾਟਕਕਾਰ, ਕਲਾਕਾਰ ਅਤੇ ਪ੍ਰਤੀਬੱਧ ਕਮਿਊਨਿਸਟ, ਤੇ ਪਿੱਛੋਂ ਜਾ ਕੇ ਸਥਾਨਕ ਇਤਿਹਾਸਕਾਰ। ਉਹ ਉਸ ਰਾਮਪੁਰ, ਲੁਧਿਆਣਾ ਦਾ ਜਾਇਆ ਸੀ, ਜਿੱਥੋਂ ਦੇ ਦਰਜਨ ਭਰ ਨਾਮਵਰ ਲੇਖਕ ਹੋਏ, ਹੁਣ ਵੀ ਹਨ। ਜਿੱਥੇ ਪਹਿਲੀ ਪੇਂਡੂ ਸਾਹਿਤਕ ਸੱਥ ਬਣੀ ਅਤੇ ਜਿਸਦੀ ਅੱਲ ਹੁਣ ਰਾਮਪੁਰ ਲਿਖਾਰੀਆਂ ਹੈ। ਆਪਣੇ ਪਿੰਡ ਦੀ ਬਾਤ ਪਾਉਂਦਿਆਂ ਮੱਲ ਸਿੰਘ ਲਿਖਦਾ ਹੈ, "ਮੇਰੇ ਪਿੰਡ ਰਾਮਪੁਰ ਨੂੰ ਵਸਾਉਣ ਵਾਲੇ ਮਾਂਗਟ ਗੋਤਰੀ ਰਾਏ, ਜਗਤੀਆਂ ਅਤੇ ਜੀਤਾ ਸਨ। ਜਿਹੜੇ ਆਪਣੇ ਮਾਂਗਟ ਜਜਮਾਨਾਂ ਸਮੇਤ ਵੱਸਦੇ-ਉੱਜੜਦੇ ਅਤੇ ਮੁੜ ਵੱਸਦੇ ਇੱਥੇ ਆ ਆਬਾਦ ਹੋਏ। ਮੁਖੀ ਰਾਏ ਸੀ, ਜਿਸ ਕਾਰਨ ਪਿੰਡ ਦੀ ਮੋੜ੍ਹੀ "ਰਾਓਪੁਰ" (ਰਾਏਪੁਰ) ਵਜੋਂ ਗੱਡੀ ਗਈ। ਜਿਹੜਾ ਰਾਓਪੁਰ ਤੋਂ ਰਾਮਪੁਰ ਬਣ ਗਿਆ। ਰਾਮਪੁਰ ਦੀ ਤਹਿਸੀਲ ਕਦੇ ਧੂਰੀ, ਕਦੇ ਬਰਨਾਲਾ, ਕਦੇ ਸਾਹਿਬਗੜ੍ਹ (ਅੱਜ ਦਾ ਫਤਿਹਗੜ੍ਹ), ਕਦੇ ਬਸੀ ਤੇ ਕਦੇ ਅਮਲੋਹ ਰਹੀ। ਅੱਜ ਕੱਲ੍ਹ ਪਾਇਲ ਹੈ। ਜ਼ਿਲ੍ਹਾ ਕਦੇ ਅਮਰਗੜ੍ਹ, ਕਦੇ ਪਟਿਆਲਾ, ਕਦੇ ਫਤਿਹਗੜ੍ਹ ਅਤੇ ਹੁਣ ਲੁਧਿਆਣਾ ਹੈ। ਰਾਮਪੁਰ ਵਿੱਚ ਕਦੇ ਸਰਹਿੰਦ ਦੀ ਨਵਾਬੀ ਚੱਲਦੀ ਸੀ, ਕਦੇ ਰਿਆਸਤ ਪਟਿਆਲਾ ਦਾ ਖਾਨਦਾਨੀ ਸਿੱਕਾ ਚੱਲਿਆ ਤੇ ਹੁਣ ਪੰਜਾਬ ਸਰਕਾਰ ਹੈ।" ਉਸ ਵੱਲੋਂ ਲਿਖੇ-ਦੱਸੇ ਨੇ ਵੀ ਇਹ ਲੇਖ ਲਿਖਣ 'ਚ ਪੁਖਤਾ ਹਿੱਸਾ ਪਾਇਆ ਹੈ।



ਮੱਲ ਸਿੰਘ ਰਾਮਪੁਰੀ

'47 ਤੋਂ ਕਿਤੇ ਪਹਿਲਾਂ; ਪਿੰਡ ਦੀ ਮੋੜ੍ਹੀ ਬੰਨ੍ਹਣ ਵਾਲੀ ਧਿਰ ਦੀ ਹੀ ਸਬੰਧਿਤ ਪਿੰਡ ਵਿੱਚ ਬਹੁਤੀ ਵਸੇਬ ਹੁੰਦੀ ਸੀ। ਭਾਵੇਂ ਕਿ ਹੋਰ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ ਜਾਂ ਉਹ ਖੁਦ ਲੈ ਆਏ। ਕਾਰਨ; ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸਨੂੰ ਹੋਰ ਕਿੱਤਾ ਜਾਤੀਆਂ, ਜਿਨ੍ਹਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਨਵਾਂ ਪਿੰਡ ਬੰਨ੍ਹਣ ਸਮੇਂ ਤਾਂ ਅਜਿਹਾ ਕਰਨਾ ਹੋਰ ਵੀ ਜਰੂਰੀ ਹੋ ਜਾਂਦਾ ਸੀ ਜਾਂ ਹੋਰ ਥਾਵੋਂ ਹੋਰ ਜਾਤਾਂ (ਧਰਮੀ) ਵੀ ਰੋਜ਼ੀ-ਰੋਟੀ ਦੀਆਂ ਲੋੜਾਂ ਤਹਿਤ ਉਥੇ ਵਸਦੀਆਂ। ਸਭ ਪਿੰਡ ਬੁਨਿਆਦੀ ਸਰੂਪ ਵਿੱਚ ਇੱਕ-ਦੂਜੇ ਨਾਲ ਮੇਲ ਖਾਂਦੇ ਸਨ। ਕੱਚੇ-ਪੱਕੇ ਘਰਾਂ ਦਾ ਸਮੂਹ। ਪਸ਼ੂਆਂ ਲਈ ਇੱਕ ਛੱਪੜ, ਬੰਦਿਆਂ ਲਈ ਖੂਹ। ਪਿੰਡ ਦੀ ਸਾਂਝੀ ਸੱਥ, ਜਿੱਥੇ ਤਬਸਰੇ ਚੱਲਦੇ, ਰਾਗ-ਰਤਨ ਹੁੰਦੇ। ਪਿੱਪਲਾਂ-ਬੋਹੜਾਂ 'ਤੇ ਤੀਆਂ, ਪਿੰਡ ਦੀ ਬਾਹਰਲੀ ਹੱਦ ਉੱਤੇ ਜਠੇਰੇ ਅਤੇ ਸਤੀਆਂ ਤੇ ਮਮਟੀਆਂ। ਮੁੱਖ ਤੌਰ 'ਤੇ ਪ੍ਰਮੁੱਖ ਧੰਦਾ ਵਾਹੀ-ਬੀਜੀ ਸੀ। ਹੱਟੀ, ਭੱਠੀ ਅਤੇ ਸੱਥ ਨੂੰ ਪਿੰਡ ਦਾ ਸੰਚਾਰ ਕੇਂਦਰ ਕਿਹਾ ਜਾ ਸਕਦਾ ਸੀ। ਮੁੱਢ-ਕਦੀਮ ਰਾਮਪੁਰ ਵੀ ਇਵੇਂ ਹੀ ਸੀ।

1882 ਈ. ਵਿੱਚ ਸਰਕਾਰ ਅੰਗਰੇਜ਼ੀ ਨੇ ਜ਼ਮੀਨਾਂ ਬਾਰੇ "ਪੰਜਾਬ ਬੰਦੋਬਸਤ ਕਾਨੂੰਨ" ਪਾਸ ਕੀਤਾ। ਅਹਿਲਕਾਰਾਂ ਦੀ ਜਿਹੜੀ ਟੀਮ ਉਸ ਐਕਟ ਤਹਿਤ ਪਿੰਡ ਆਈ, ਉਸਨੂੰ ਪਿੰਡ ਦੇ ਪੁਰਾਣੇ ਮੋਹਤਬਰਾਨਾਂ ਨੇ ਜੋ ਜਾਣਕਾਰੀ ਦਿੱਤੀ, ਉਸਨੂੰ ਮਿਸਲ ਵਜੋਂ ਉਰਦੂ ਵਿੱਚ ਬਤੌਰ ਦਸਤਾਵੇਜ਼ ਸਰਕਾਰੀ ਬਾਬਤ ਪਿੰਡ ਅਤੇ ਰਕਬਾ ਵਜੋਂ ਸਨਦਬੱਧ ਕੀਤਾ ਗਿਆ, ਜਿਸਨੂੰ "ਸ਼ਿਜਰਾ ਨਸਬ" ਵੀ ਕਿਹਾ ਜਾਂਦਾ ਹੈ। ਦਰਅਸਲ ਇਹ ਪਿੰਡ ਦਾ ਪਿਛੋਕੜ, ਖਾਸ ਕਰਕੇ ਵਸਣ ਬਾਰੇ ਅਤੇ ਮੁੱਢਲੇ ਜ਼ਰਾਇਤੀ ਮਾਲਕਾਂ ਜਾਂ ਪਿੰਡ ਬੰਨ੍ਹਣ ਵਾਲਿਆਂ ਦੀ ਮਾਲਕੀ ਜਾਂ ਪਰਿਵਾਰਕ ਬੰਸਾਵਲੀ ਵੀ ਹੁੰਦੀ ਹੈ। ਪੰਜਾਬੀ ਉਲੱਥਾ ਪੇਸ਼ ਹੈ:

"ਵਿਆਖਿਆ ਪਿੰਡ ਰਾਮਪੁਰ, ਤਹਿਸੀਲ ਸਾਹਿਬਗੜ੍ਹ, ਜ਼ਿਲਾ ਅਮਰਗੜ੍ਹ। ਬੁਨਿਆਦੀ ਹੱਕ ਹਾਸਲ ਹਨ, ਜ਼ਮੀਨ ਦੀ ਪੁਰਾਣੀ ਵੰਡ" {ਮਹਿਕਮਾ ਮਾਲ (ਪਟਵਾਰ) ਦੇ ਉਰਦੂ ਰਿਕਾਰਡ ਦਾ ਪੰਜਾਬੀ ਉਲੱਥਾ। (ਉਰਦੂ ਲਿਖ਼ਤ ਈਸਵੀ ਸੰਨ 1882)}

"ਸਮਾਂ ਤੀਹ ਪੁਸ਼ਤ ਹੋਇਆ (ਅਗਲੀ ਪੁਸ਼ਤ ਜਾਂ ਪੀੜ੍ਹੀ ਕਰੀਬ 20 ਕੁ ਵਰ੍ਹੇ ਬਦਲ ਜਾਂਦੀ ਸੀ, ਸੋ ਔਸਤਨ 1882-600=1282 ਅਰਥਾਤ 13ਵੀਂ ਸਦੀ) ਕਿ ਸਾਡੇ ਬਜ਼ੁਰਗ ਕਾਲ੍ਹਾ ਨੇ ਗਜ਼ਨੀ ਤੋਂ ਚੱਲ ਕੇ, ਪਰਗਨਾ ਅੰਮ੍ਰਿਤਸਰ ਵਿੱਚ ਗੁਰ ਮਾਂਗਟ ਆਬਾਦ ਕੀਤਾ ਅਤੇ ਉਥੋਂ ਆ ਕੇ ਲੁਧਿਆਣਾ ਵਿੱਚ ਕੂੰਮ ਕਲਾਂ ਆਬਾਦ ਕਰ ਲਿਆ। ਜਦੋਂ ਮੁਗ਼ਲ ਰਾਜ ਵਿੱਚ ਕੂੰਮ ਦੇ ਮਾਲਕਾਂ ਨੇ ਇਸਲਾਮ ਮੱਤ ਗ੍ਰਹਿਣ ਕਰ ਲਿਆ ਤਾਂ ਉਥੋਂ ਉੱਠ ਕੇ ਸਾਡੇ ਬਜ਼ੁਰਗ ਪਿੰਡ ਛੰਦੜਾਂ ਵਿੱਚ ਆਬਾਦ ਹੋ ਗਏ। ਪਿੰਡ ਛੰਦੜਾਂ ਤੋਂ ਉੱਠ ਕੇ ਸਾਡੇ ਬਜ਼ੁਰਗ ਰਾਏ ਨੇ ਇਸ ਪਿੰਡ ਦੀ ਗੈਰ-ਆਬਾਦ ਜ਼ਮੀਨ ਨੂੰ ਉਸ ਸਮੇਂ ਦੇ ਹਾਕਮਾਂ ਤੋਂ ਅਗਿਆ ਲੈ ਕੇ ਆਬਾਦ ਕੀਤਾ ਅਤੇ ਕਬਜ਼ਾ ਕਰ ਲਿਆ। ਕੁਝ ਸਮਾਂ ਬੀਤਣ ਪਿੱਛੋਂ ਰਾਏ ਦੀ ਔਲਾਦ ਨੇ ਇਸ ਜ਼ਮੀਨ ਨੂੰ 19 ਹਲਾਂ ਵਿੱਚ ਵੰਡਿਆ, ਪਰ ਹਰ ਹਲ ਦੀ ਜ਼ਮੀਨ ਬਰਾਬਰ ਨਾ ਰਹੀ। ਜਿਸ ਤਰ੍ਹਾਂ ਕਬਜ਼ਾ ਸੀ, ਉਸੇ ਤਰ੍ਹਾਂ ਰਹੇ ਅਤੇ ਇਹ ਅਮਲ ਸੰਮਤ 1925 (ਈਸਵੀ ਸੰਨ 1868) ਤੱਕ ਰਿਹਾ। ਫਿਰ ਸੰਮਤ 1926 (1869 ਈ.) ਵਿੱਚ ਨਵੇਂ ਸਿਰਿਓਂ 16 ਹਲ ਕਾਇਮ ਕੀਤੇ। ਮਗਰੋਂ ਬਜ਼ੁਰਗ ਗੁਲਾਬਾ ਦੇ ਤਿੰਨ ਪੁੱਤਾਂ 'ਤੇ ਤਿੰਨ ਪੱਤੀਆਂ- ਆਸ਼ਾ, ਹੁਸ਼ਿਆਰਾ, ਚੰਦੂ ਮਸ਼ਹੂਰ ਹੋ ਗਈਆਂ। ਪੱਤੀਆਂ ਦੇ ਅੰਦਰ ਆਸ਼ਾ-ਹਸ਼ਿਆਰਾ-ਚੰਦੂ ਦੇ ਪੰਜ-ਪੰਜ ਠੁੱਲੇ (ਵਿਹੜੇ) ਮਸ਼ਹੂਰ ਹੋ ਗਏ, {ਅਰਥਾਤ; ਇਨ੍ਹਾਂ ਤਿੰਨਾਂ ਦੇ ਨਾਂਓ ਪੱਤੀਆਂ ਅਤੇ ਇਨ੍ਹਾਂ ਪੱਤੀਆਂ ਵਿੱਚ ਇਨ੍ਹਾਂ ਦੀ ਔਲਾਦ ਦੇ ਹੀ ਅਗਾਂਹ ਪੰਜ-ਪੰਜ ਵਿਹੜੇ, ਭਾਵ ਸਕਿਆਂ ਜਾਂ ਭਰਾਵਾਂ ਦੇ ਘਰਾਂ ਦੇ ਸਮੂਹ}, ਪਰ ਹੱਕਾਂ ਦੀ ਠੀਕ ਵੰਡ, ਪੱਤੀਆਂ ਅਤੇ ਠੁੱਲਿਆਂ ਵਿੱਚ ਕਾਇਮ ਨਾ ਰਹੀ, ਨਾ ਇਹ ਹਿੱਸਿਆਂ ਅਨੁਸਾਰ ਠੀਕ ਹੈ। ਨਾ ਹੀ ਹਰੇਕ ਹਲ (ਢੇਰੀ/ਮਾਲਕੀ) ਦੀ ਜ਼ਮੀਨ ਇੱਕਸਾਰ ਹੈ, ਸਗੋਂ ਚੰਗੀ-ਮਾੜੀ ਦੇ ਆਧਾਰ 'ਤੇ, ਘੱਟ-ਵੱਧ ਕੀਤੀ ਗਈ ਹੈ। ਸ਼ਾਮਲਾਤ ਦੇਹ (ਸਾਂਝੀ ਭੋਇੰ) ਪੱਤੀਆਂ 'ਚ ਵੰਡਣ ਦੇ ਕਾਬਲ (ਯੋਗ) ਨਹੀਂ ਹੈ। ਨਾ ਹੀ ਸ਼ਾਮਲਾਤ ਤੋਂ ਕਿਸੇ ਕਿਸਮ ਦੀ ਕੋਈ ਆਮਦਨ ਹੈ। ਪਿੰਡ ਵਿੱਚ ਕਬਜ਼ੇ ਦੇ ਆਧਾਰ ਉੱਤੇ ਹੀ ਅਮਲ ਹੋ ਰਿਹਾ ਹੈ; ਹਿੱਸੇ ਅਨੁਸਾਰ ਕੋਈ ਅਮਲ ਨਹੀਂ। ਪਿੰਡ ਵਿੱਚ ਭਾਈਚਾਰੇ ਦੀ ਹਾਲਤ (ਰੂਪ ਰੇਖਾ) ਮੁਕੰਮਲ ਹੈ। {ਅਰਥਾਤ; ਕਰੀਬ ਹਰ ਜਾਤ-ਕਿਸਬ ਦੇ (ਕਿਰਤੀ-ਸ਼ਿਲਪੀ-ਪ੍ਰੋਹਿਤ-ਸ਼ਾਹ ਅਤੇ "ਰੱਬੀ") ਲੋਕਾਂ ਦੀ ਵਸੇਬ ਹੈ।} ਦੂਜੇ ਮਾਲਕ ਲੋਕ ਜੋ ਪੁਰਖਾ ਧਿਰਾਂ ਵਿੱਚੋਂ ਨਹੀਂ ਹਨ, ਪਰ ਗੋਤ ਮਾਂਗਟ ਹੈ, ਉਹ ਉਨ੍ਹਾਂ ਵਿੱਚ ਦਰਜ਼ (ਸ਼ੁਮਾਰ) ਕੀਤੇ ਗਏ ਹਨ, ਜਿਨ੍ਹਾਂ ਪੱਤੀਆਂ ਦੇ ਮਾਲਕਾਂ ਨੂੰ ਉਹ ਮਾਮਲਾ ਦਿੰਦੇ ਸਨ। ਸਾਡੇ ਬਜ਼ੁਰਗ ਰਾਏ ਦੇ ਨਾਂ ਉੱਤੇ ਪਿੰਡ ਦਾ ਨਾਂ ਰਾਓਪੁਰ ਰੱਖਿਆ ਗਿਆ ਸੀ, ਪਰ ਹੌਲੀ-ਹੌਲੀ ਬਦਲ ਕੇ ਇਸਦਾ ਨਾਂ ਰਾਮਪੁਰ ਹੋ ਗਿਆ। ਦੋ ਥੇਹ, ਪਿੰਡ ਦੀ ਆਬਾਦੀ ਤੋਂ ਪੱਛਮ ਵੱਲ ਪਹਿਲਾਂ ਦੇ ਹੀ ਹਨ। ਜਦ ਤੋਂ ਪਿੰਡ ਆਬਾਦ ਹੋਇਆ ਹੈ, ਕਦੇ ਉੱਜੜਿਆ ਨਹੀਂ ਹੈ।"...ਸਮਾਂ-ਨੇਤ, ਪਹਿਲ-ਪਲੱਕੜਿਆਂ 'ਚ ਕੁੱਝ ਨੇ ਇੱਥੋਂ ਉੱਠ ਕੇ ਨਵੇਂ ਪਿੰਡ ਵੀ ਵਸਾਏ ਤੇ ਕੁਝ ਟੱਬਰ ਹੋਰੀਂ ਪਿੰਡ ਵੀ ਜਾ ਵਸੇ ਅਤੇ ਕੁਝ, ਕਈ ਕਾਰਨੀਂ ਮੁੜ ਵਾਪਿਸ ਵੀ ਆ ਗਏ ਸਨ। ਮੁੱਕਦੀ ਗੱਲ, ਇਹ ਕਿੱਸਾ ਪਿੰਡ ਬੱਝਣ ਦੀ ਕਥਾ ਬਿਆਨਦਾ ਹੈ।



ਗੁਰਚਰਨ ਰਾਮਪੁਰੀ

ਤਰਜ਼-ਏ-ਜ਼ਿੰਦਗੀ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



# ਆਤਮ-ਬੋਧ ਦੀ ਉਡਾਣ: ਹਨੇਰੇ ਤੋਂ ਚਾਨਣ ਤੱਕ

ਜਗਿਆਸੂ ਨੇ ਬੜੇ ਸ਼ਰਧਾਪੂਰਵਕ ਢੰਗ ਨਾਲ ਰਿਸ਼ੀਵਰ ਅੱਗੇ ਅਰਜ਼ੋਈ ਕੀਤੀ ਕਿ ਉਹ ਉਸ ਨੂੰ ਜੀਵਨ ਦੇ ਡੂੰਘੇ ਰਹੱਸਾਂ ਨੂੰ ਸਮਝਣ ਦੀ ਕੋਈ ਜੁਗਤ ਦੱਸਣ ਦੀ ਕਿਰਪਾਲਤਾ ਕਰਨ। ਰਿਸ਼ੀਵਰ ਮੁਸਕਰਾਏ ਅਤੇ ਬੋਲੇ ਕਿ ਤੁਸੀਂ ਬਹੁਤ ਖੁਸ਼ਕਿਸਮਤ ਹੋ। ਜਗਿਆਸੂ ਇਹ ਵਾਕ ਸੁਣ ਕੇ ਹੈਰਾਨ ਹੋਇਆ ਅਤੇ ਉਸ ਨੇ ਰਿਸ਼ੀਵਰ ਨੂੰ ਖੁੱਲ੍ਹ ਕੇ ਸਮਝਾਉਣ ਦੀ ਬੇਨਤੀ ਕੀਤੀ। ਰਿਸ਼ੀਵਰ ਨੇ ਫ਼ੁਰਮਾਇਆ ਕਿ ਜਦੋਂ ਸਾਡੇ ਅੰਦਰ ਗਿਆਨ ਹਾਸਲ ਕਰਨ ਦੀ ਇੱਛਾ ਅੰਗੜਾਈ ਲੈਂਦੀ ਹੈ ਤਾਂ ਸਾਡੇ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੋਣਾ ਅਰੰਭ ਹੁੰਦਾ ਹੈ ਅਤੇ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਆਪਣੇ ਇਰਦ-ਗਿਰਦ ਦੇ ਵਰਤਾਰਿਆਂ ਨੂੰ ਸਮਝਣ ਦੀ ਸਾਡੀ ਸਮਰੱਥਾ ਵਿੱਚ ਵਾਧਾ ਹੁੰਦਾ ਹੈ। ਠੀਕ-ਗ਼ਲਤ ਤੇ ਸੱਚ-ਝੂਠ ਵਿਚਲਾ ਫ਼ਰਕ ਵੀ ਬੜੀ ਆਸਾਨੀ ਨਾਲ ਸਮਝ ਆਉਂਦਾ ਹੈ ਅਤੇ ਸਾਡੇ ਮਨ ਉੱਪਰ ਪਸਰੀ ਹੋਈ ਵਿਕਾਰਾਂ ਦੀ ਧੁੰਦ ਵੀ ਹਟਦੀ ਹੈ। ਜ਼ਿੰਦਗੀ ਨੂੰ ਸਮਝਣ ਤੇ ਗਿਆਨ ਹਾਸਲ ਕਰਨ ਦੀ ਖਾਹਿਸ਼ ਅਤੇ ਨੇਕ ਅਮਲ ਕਰਨ ਦਾ ਦ੍ਰਿੜ ਇਰਾਦਾ ਹੀ ਅਸਲ ਵਿੱਚ ਉਜਵਲ ਭਵਿੱਖ ਦੀ ਨੀਂਹ ਰੱਖਦਾ ਹੈ। ਦਰਅਸਲ ਬੇਸਮਝ ਅਤੇ ਅਗਿਆਨਤਾ ਦਾ ਸ਼ਿਕਾਰ ਮਨੁੱਖ ਨਾ ਤਾਂ ਜ਼ਿੰਦਗੀ ਦੀਆਂ ਗੁੰਝਲਦਾਰ ਬੁਝਾਰਤਾਂ ਨੂੰ ਸਮਝਣ ਦੀ ਸਲਾਹੀਅਤ ਰੱਖਦਾ ਹੈ, ਨਾ ਹੀ ਉਹ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਦਾ ਸਾਹਮਣਾ ਕਰਨ ਦੀ ਜੁਰਅਤ ਰੱਖਦਾ ਹੈ ਅਤੇ ਨਾ ਹੀ ਉਹ ਖ਼ੁਦ ਨੂੰ ਦਰਪੇਸ਼ ਚਣੌਤੀਆਂ ਦਾ ਕੋਈ ਹੱਲ ਕੱਢਣ ਦਾ ਹੁਨਰ ਜਾਣਦਾ ਹੈ ਤੇ ਨਾ ਹੀ ਉਹ ਆਪਣੇ ਵਿਕਾਰਾਂ ਨੂੰ ਦੂਰ ਕਰਨ ਦੀ ਕੋਈ ਚੇਸ਼ਟਾ ਕਰਦਾ ਹੈ।

ਜੇਕਰ ਇਸ ਸਾਰੇ ਵਰਤਾਰੇ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਮਨੁੱਖ ਅਸਲ ਵਿੱਚ ਆਪਣੀਆਂ ਖ਼ਾਮੀਆਂ ਨੂੰ ਹੀ ਪਾਲ-ਪਲੋਸ ਰਿਹਾ ਹੁੰਦਾ ਹੈ। ਚਾਨਣ ਦੀ ਤਲਾਸ਼ ਦਰਅਸਲ ਉਨ੍ਹਾਂ ਲੋਕਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਰੰਚਕ ਮਾਤਰ ਵੀ ਇਹ ਅਹਿਸਾਸ ਹੁੰਦਾ ਹੈ ਕਿ ਉਹ ਹਨੇਰੇ ਵਿੱਚ ਭਟਕ ਰਹੇ ਹਨ। ਜਦੋਂ ਕਿ ਜ਼ਿਆਦਾਤਰ ਲੋਕ ਇੰਨੇ ਕੋਮਲ ਚਿੱਤ ਹੁੰਦੇ ਹੀ ਨਹੀਂ ਕਿ ਉਨ੍ਹਾਂ ਨੂੰ ਆਪਣੇ ਔਗੁਣ ਦਿਖਾਈ ਦੇਣ। ਇਹ ਵੀ ਇਕ ਅਟੱਲ ਸੱਚਾਈ ਹੈ ਕਿ ਗਿਆਨ ਹਾਸਲ ਕਰਨ ਅਤੇ ਜ਼ਿੰਦਗੀ ਦੇ ਰਹੱਸਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ ਵਾਲਾ ਮਨੁੱਖ ਹੀ ਕੁਝ ਮਹਾਨ ਕਰਨ ਦਾ ਸੁਪਨਾ ਦੇਖਣ ਦਾ ਹੌਸਲਾ ਰੱਖਦਾ ਹੈ। ਜਦੋਂ ਕਿ ਸਤਹੀ ਪੱਧਰ ਉੱਤੇ ਵਿਚਰਨ ਵਾਲਾ ਅਤੇ ਆਪਣੇ ਵਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਦੂਸਰਿਆਂ ਦੇ ਐਬ ਗਿਣਨ ਵਾਲਾ ਮਨੁੱਖ ਕਦੇ ਵੀ ਕੋਈ ਮਹਾਨ ਕਾਰਜ ਕਰਨ ਦੇ ਕਦੇ ਸਮਰੱਥ ਵੀ ਨਹੀਂ ਹੋ ਸਕਦਾ ਹੈ।



ਰਿਸ਼ੀਵਰ ਨੇ ਫ਼ੁਰਮਾਇਆ ਕਿ ਗਿਆਨ ਹਾਸਲ ਕਰਨ ਦਾ ਰਾਹ ਕਦੇ ਵੀ ਸੌਖਾਲਾ ਨਹੀਂ ਹੁੰਦਾ ਹੈ। ਗਿਆਨ ਹਾਸਲ ਕੀਤੇ ਬਿਨਾ ਆਪਣੇ ਆਪ ਨੂੰ ਅਧੂਰਾ ਸਵੀਕਾਰ ਕਰਨਾ, ਗਿਆਨ ਦੇ ਰਾਹ ਉੱਤੇ ਚੱਲਣ ਦਾ ਜਿਗਰਾ ਰੱਖਣਾ ਅਤੇ ਆਪਣੇ ਗਿਆਨ ਨੂੰ ਲੋਕ ਹਿੱਤਾਂ ਲਈ ਇਸਤੇਮਾਲ ਕਰਨਾ ਇੱਕ ਸੱਚੇ ਜਗਿਆਸੂ ਦੇ ਬੇਹੱਦ ਜ਼ਰੂਰੀ ਪਛਾਣ ਚਿੰਨ੍ਹ ਹੁੰਦੇ ਹਨ। ਜੋ ਲੋਕ ਆਪਣੇ ਅਧੂਰੇ ਗਿਆਨ ਉੱਤੇ ਅਕਸਰ ਘੁਮੰਡ ਕਰਦੇ ਹਨ, ਉਹ ਕਦੇ ਵੀ ਸੱਚੇ ਗਿਆਨ ਦੀ ਖੋਜ ਨਹੀਂ ਕਰ ਸਕਦੇ ਹਨ। ਇਨਸਾਨ ਜਿਵੇਂ-ਜਿਵੇਂ ਸੱਚਾ ਗਿਆਨ ਹਾਸਲ ਕਰਦਾ ਹੈ, ਆਸ-ਪਾਸ ਦੇ ਵਰਤਾਰੇ ਬੇਵਜ੍ਹਾ ਉਸ ਨੂੰ ਵਿਚਲਿਤ ਨਹੀਂ ਕਰਦੇ ਹਨ। ਮਨੁੱਖ ਸੱਚੇ ਗਿਆਨ ਨੂੰ ਹਾਸਲ ਕਰਨ ਮਗਰੋਂ ਬਾਮਕਸਦ ਖਾਮੋਸ਼ੀ ਧਾਰਨ ਕਰਦਾ ਹੈ। ਉਹ ਰਫ਼ਤਾ-ਰਫ਼ਤਾ ਆਪਣੇ ਵਿਕਾਰਾਂ ਉੱਪਰ ਫ਼ਤਿਹ ਹਾਸਲ ਕਰਨ ਵਿੱਚ ਸਫ਼ਲ ਹੁੰਦਾ ਹੈ। ਗਿਆਨ ਦੇ ਰਾਹ ਦਾ ਪਾਂਧੀ ਆਪਣੀ ਮਜਬੂਤ ਇੱਛਾ ਸ਼ਕਤੀ ਨਾਲ ਆਪਣੇ ਅੰਦਰ ਸਮੋਏ ਹੋਏ ਵਹਿਮਾਂ-ਭਰਮਾਂ ਨੂੰ ਆਪਣੇ ਧੁਰ ਅੰਦਰੋਂ ਕੱਢ ਕੇ ਆਪਣੇ ਨੁਕਤਾ-ਏ-ਨਿਗਾਹ ਨੂੰ ਹਮੇਸ਼ਾ ਸੱਚਾਈ, ਤਰਕ ਅਤੇ ਗਿਆਨ ਦੀ ਕਸਵੱਟੀ ਉੱਤੇ ਪਰਖ ਕੇ ਸੱਚ ਦੀ ਖੋਜ ਦਾ ਆਪਣਾ ਸਫ਼ਰ ਤੈਅ ਕਰਦਾ ਹੈ। ਉਸ ਅੰਦਰ ਸਦੀਵੀਂ ਗਿਆਨ ਦੀ ਖੋਜ ਦੀ ਆਰਜ਼ੂ, ਉਸ ਨੂੰ ਹਮੇਸ਼ਾ ਆਪਣੀ ਗਿਆਨਹੀਣਤਾ ਅਤੇ ਦਿਸ਼ਾਹੀਣਤਾ ਤੋਂ ਛੁਟਕਾਰਾ ਪਾਉਣ ਲਈ ਤਤਪਰ ਰੱਖਦੀ ਹੈ। ਜਦੋਂ ਕਿ ਅਗਿਆਨੀ ਮਨੁੱਖ ਨੂੰ ਕਦੇ ਵੀ ਆਪਣੀ ਮੂਰਖਤਾ ਦਾ ਭੋਰਾ ਵੀ ਅਹਿਸਾਸ ਜਾਂ ਪਛਤਾਵਾ ਤੱਕ ਨਹੀਂ ਹੁੰਦਾ ਹੈ।

ਰਿਸ਼ੀਵਰ ਨੇ ਇਹ ਵੀ ਫ਼ੁਰਮਾਇਆ ਕਿ ਇਸ ਸੰਸਾਰ ਦੇ ਸਾਰੇ ਝਮੇਲਿਆਂ ਦੀ ਜਨਨੀ ਅਗਿਆਨਤਾ ਹੈ। ਜੇਕਰ ਇਨਸਾਨ ਨੂੰ ਸੱਚਾ ਗਿਆਨ ਹਾਸਲ ਹੋ ਜਾਵੇ ਤਾਂ ਉਸ ਨੂੰ ਸੰਸਾਰ ਦੇ ਸਾਰੇ ਬਿਖੇੜੇ ਹੱਲ ਕਰਨ ਦਾ ਰਾਹ ਮਿਲ ਜਾਵੇ, ਪਰ ਅਫ਼ਸੋਸ ਤਾਂ ਕੇਵਲ ਇਸ ਗੱਲ ਦਾ ਹੁੰਦਾ ਹੈ ਕਿ ਮਨੁੱਖ ਸਭ ਕੁਝ ਜਾਣਦਿਆਂ-ਬੁਝਦਿਆਂ ਆਪਣੀ ਅਧੋਗਤੀ ਦਾ ਰਾਹ ਵੀ ਆਪ ਹੀ ਚੁਣਦਾ ਹੈ ਅਤੇ ਫਿਰ ਜਦੋਂ ਆਪਣੀ ਮੂਰਖਤਾ ਦੀ ਵਜ੍ਹਾ ਨਾਲ ਉਹ ਦਰ-ਬ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੁੰਦਾ ਹੈ ਤਾਂ ਵੀ ਉਸ ਨੂੰ ਅਕਲ ਨਹੀਂ ਆਉਂਦੀ ਹੈ, ਕਿਉਂਕਿ ਆਪਣੀ ਅਗਿਆਨਤਾ ਵੱਸ ਉਸ ਨੂੰ ਆਪਣੇ ਵਿਚਾਰ ਅਤੇ ਨਿਰਣੇ ਹਮੇਸ਼ਾ ਠੀਕ ਹੀ ਜਾਪਦੇ ਹਨ। ਅਗਿਆਨਤਾ ਦੇ ਘੁੱਪ ਹਨੇਰਿਆਂ ਵਾਲੇ ਰਾਹ ਵੀ ਉਸ ਨੂੰ ਠੀਕ ਹੀ ਜਾਪਦੇ ਹਨ। ਮੂਰਖ ਵਿਅਕਤੀ ਆਪਣੇ ਆਪ ਨੂੰ ਅਕਸਰ ਚਲਾਕ, ਜੁਗਾੜੀ, ਅਕਲਮੰਦ ਅਤੇ ਹੁਸ਼ਿਆਰ ਸਮਝਣ ਦੀ ਭੁੱਲ ਕਰਨ ਦੇ ਨਾਲ-ਨਾਲ ਹੌਲੀ-ਹੌਲੀ ਝਗੜਾਲੂ, ਈਰਖਾਲੂ, ਲਾਲਚੀ ਅਤੇ ਨਿੰਦਕ ਬਣ ਜਾਂਦਾ ਹੈ, ਬਸ ਇੱਥੋਂ ਹੀ ਉਸ ਦੇ ਨਿਘਾਰ ਦਾ ਸਫ਼ਰ ਅਰੰਭ ਹੁੰਦਾ ਹੈ।

ਜਗਿਆਸੂ ਨੇ ਰਿਸ਼ੀਵਰ ਨੂੰ ਸਵਾਲ ਕੀਤਾ ਕਿ ਆਖ਼ਰ ਮਨੁੱਖ ਅਗਿਆਨਤਾ ਦੀ ਕੰਧ ਨੂੰ ਕਿਵੇਂ ਢਾਹੇ? ਰਿਸ਼ੀਵਰ ਨੇ ਫ਼ੁਰਮਾਇਆ ਕਿ ਆਪਣੇ ਆਪ ਨਾਲ ਇੱਕ ਅਹਿਦ ਕਰੋ ਕਿ ਤੁਸੀਂ ਸਦੀਵੀਂ ਗਿਆਨ ਹਾਸਲ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੋਗੇ। ਤੁਸੀਂ ਹਮੇਸ਼ਾ ਇਹ ਕੋਸ਼ਿਸ਼ ਕਰੋਗੇ ਕਿ ਆਪਣੇ ਵਿਚਾਰਾਂ ਨੂੰ ਤਰਕ ਦੀ ਕਸੌਟੀ ਉੱਤੇ ਤੁਹਾਨੂੰ ਪਰਖਣ ਦਾ ਹੁਨਰ ਆ ਜਾਵੇ। ਇਹ ਇੱਕ ਸਦੀਵੀਂ ਸੱਚਾਈ ਹੈ ਕਿ ਆਤਮ ਬੋਧ ਦੀ ਉਡਾਣ ਭਰੇ ਬਿਨਾ ਤੁਸੀਂ ਕਦੇ ਵੀ ਹਨੇਰੇ ਤੋਂ ਚਾਨਣ ਤੱਕ ਦਾ ਸਫ਼ਰ ਕਦੇ ਵੀ ਤੈਅ ਨਹੀਂ ਕਰ ਪਾਉਗੇ। ਜੀਵਨ ਦੇ ਬੁਨਿਆਦੀ ਭੇਦਾਂ ਨੂੰ ਸਮਝਣ ਲਈ ਤੁਹਾਨੂੰ ਆਪਣੇ ਆਪ ਨੂੰ ਸਾਧਨਾ ਪਵੇਗਾ, ਕਿਉਂਕਿ ਗਿਆਨ ਦੀ ਖੋਜ ਮਨੁੱਖ ਨੂੰ ਇੱਕ ਨਵੀਂ, ਉਸਾਰੂ ਅਤੇ ਸਕਾਰਾਤਮਕ ਦਿਸ਼ਾ ਦਿੰਦੀ ਹੈ। ਗਿਆਨ ਦਾ ਪੰਧ ਭਾਵੇਂ ਸੁਖਾਲਾ ਨਾ ਵੀ ਕਿਉਂ ਨਾ ਹੋਵੇ, ਲੇਕਿਨ ਇਹ ਮੰਨ ਕੇ ਚੱਲੋ ਕਿ ਇਸ ਰਾਹ ਉੱਤੇ ਤੁਰਦਿਆਂ ਮਨੁੱਖ ਨੂੰ ਕਦੇ ਪਛਤਾਉਣਾ ਨਹੀਂ ਪਵੇਗਾ। ਇਸ ਸੱਚਾਈ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲਵੋ ਕਿ ਅੰਧਕਾਰ ਤੋਂ ਪ੍ਰਕਾਸ਼ ਤੱਕ ਦਾ ਸਫ਼ਰ ਤੁਸੀਂ ਗਿਆਨ ਦੇ ਦੀਵੇ ਬਾਲ ਕੇ ਹੀ ਤੈਅ ਕਰ ਪਾਉਗੇ। ਗਿਆਨ ਦੀ ਗੰਗਾ ਵਿੱਚ ਇਸ਼ਨਾਨ ਕੀਤੇ ਬਿਨਾ ਤੁਹਾਡੇ ਜ਼ਿਹਨ ਦੀ ਮਲੀਨਤਾ ਕਦੇ ਵੀ ਦੂਰ ਨਹੀਂ ਹੋ ਸਕੇਗੀ।

ਲਿਹਾਜ਼ਾ ਆਪਣੇ ਅੰਦਰ ਝਾਤੀ ਮਾਰੋ, ਸੱਚ ਦੀ ਖੋਜ ਵਿੱਚ ਨਿਕਲੋ ਅਤੇ ਆਪਣੀ ਅਗਿਆਨਤਾ ਨੂੰ ਦੂਰ ਕਰੋ। ਵਿਵੇਕ ਦੀ ਜੋਤ ਜਗਾਏ ਬਿਨਾ ਆਤਮ ਬੋਧ ਹੋਣਾ ਮੁਮਕਿਨ ਨਹੀਂ ਹੈ। ਅਚੇਤ ਜਾਂ ਸੁਚੇਤ ਪੱਧਰ ਉੱਤੇ ਵਿਚਰਦੇ ਹੋਏ ਸਦਾ ਅਗਿਆਨਤਾ ਦੀ ਦਲਦਲ ਤੋਂ ਹਮੇਸ਼ਾ ਦੂਰ ਰਹਿਣ ਦੀ ਕੋਸ਼ਿਸ਼ ਕਰੋ। ਸੱਚ ਜਾਣਿਓ! ਆਤਮ ਬੋਧ, ਆਪਣੇ ਅਸਤਿਤਵ ਦਾ ਕਾਰਨ, ਆਪਣੇ ਵਜੂਦ ਦੀ ਵਜ੍ਹਾ ਨੂੰ ਜਾਣਨਾ ਅਤੇ ਆਪਣੇ ਜੀਵਨ ਨੂੰ ਬਾਕਮਸਦ ਗੁਜ਼ਾਰਨਾ ਹੀ ਜ਼ਿੰਦਗੀ ਦਾ ਸਿਰਮੌਰ ਮਕਸਦ ਹੈ। ਮਨੁੱਖਾ ਜੀਵਨ ਹੀ ਦਰਅਸਲ ਇੱਕ ਅਜਿਹਾ ਬੇਸ਼ਕੀਮਤੀ ਮੌਕਾ ਹੈ ਕਿ ਜਿਸ ਰਾਹੀਂ ਮਨੁੱਖ ਇਸ ਅਜ਼ੀਮ ਮਕਸਦ ਨੂੰ ਹਾਸਲ ਕਰ ਸਕਦਾ ਹੈ, ਪਰ ਇਸ ਮੌਕੇ ਦਾ ਮਨੁੱਖ ਲਾਭ ਤਾਂ ਹੀ ਉਠਾ ਸਕਦਾ ਹੈ, ਜਦੋਂ ਉਸ ਮਨੁੱਖ ਦਾ ਮਨ ਉਸ ਦੇ ਕਾਬੂ ਵਿੱਚ ਹੋਵੇ ਅਤੇ ਗਿਆਨ ਹਾਸਲ ਕਰਨ ਦੀ ਉਸ ਅੰਦਰ ਪ੍ਰਬਲ ਇੱਛਾ ਹੋਵੇ!



## ‘ਵਿਗੜੀ ਹੋਈ ਕੁੜੀ’ (ਝੂਠ ਜਿਹਾ ਸੱਚ)

**ਕਿਸ਼ਤ (16)**

ਬਖ਼ਸ਼ਿੰਦਰ
ਵੱਟਸਐਪ:+1-778-793-8979



*ਅੱਲ੍ਹੜ ਉਮਰੇ ਜਦੋਂ ਕੋਈ ਮੋੜ ਗਲਤ ਕੱਟਿਆ ਜਾਵੇ ਤਾਂ ਜ਼ਿੰਦਗੀ ਤਾਅ-ਉਮਰ ਔਝੜੇ ਪਈ ਰਹਿੰਦੀ ਹੈ। ‘ਅਖੌਤੀ ਨੈਤਿਕਤਾ’ ਦੇ ਭਿੱਟੇ ਜਾਣ ਦਾ ਮਸਲਾ ਬਣਦਾ ਦਿਖਾਈ ਦੇਣ ਲੱਗਦਾ ਹੈ। ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਆ ਹੈ। ਸਮਾਜਿਕ ਤੌਰ ’ਤੇ ਝਾਤ ਮਾਰੀਏ ਤਾਂ ਅਜਿਹੇ ਵਰਤਾਰਿਆਂ ਦਾ ਰੂਪਮਾਨ ਹੋ ਜਾਣਾ ਅੱਲੋਕਾਰੀ ਗੱਲ ਨਹੀਂ ਹੈ। ਖ਼ੈਰ! ਇਸ ਨਾਵਲ ਦਾ ਧਰਾਤਲ ਸਮਝ ਕੇ ਹੀ ਇਸ ਵਿਚਲੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ ‘ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।’ ਪੇਸ਼ ਹੈ, ਅਗਲੀ ਕਿਸ਼ਤ...*

# ਅੱਲ੍ਹੜ ਉਮਰ ਤੇ ਔਝੜ ਘਾਟੀਆਂ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

“ਭਾਵੇਂ ਤੁਹਾਡੇ ਵਿਚੋਂ ਕਿਸੇ ਨੇ ਨਹੀਂ ਪੁੱਛਿਆ ਤਾਂ ਵੀ ਦੱਸਣਾ ਆਪਣਾ ਫ਼ਰਜ਼ ਸਮਝਦੀ ਹਾਂ ਕਿ ਮੇਰਾ ਜਨਮ, ਅੱਜ ਤੋਂ ਚਾਲ਼ੀ ਵਰ੍ਹੇ ਪਹਿਲਾਂ ਕੈਨੇਡਾ ਦੇ ਓਨਟਾਰੀਓ ਪ੍ਰੋਵਿੰਸ ਦੇ ਸ਼ਹਿਰ ਸਰਨੀਆ ਵਿਚ ਹੋਇਆ ਸੀ। ਮੇਰੇ ਮਾਪਿਆਂ ਦਾ ‘ਲਾਸਟ ਨੇਮ’ ‘ਹਾਂਡਾ’ ਜਾਂ ‘ਹੌਂਡਾ’ ਸੀ। ਉਹ ਆਪਣੇ ਜਨਮ ਸਥਾਨ ਤੇ ਪਰਵਰਿਸ਼ ਦੇ ਪੱਖੋਂ ਟਿਪੀਕਲ ਪੰਜਾਬੀ ਨਹੀਂ ਸਨ, ਕਿਉਂ ਕਿ ਮੇਰੀ ਮੌਮ ਦਾ ਜਨਮ ਹਿਮਾਚਲ ਪ੍ਰਦੇਸ਼ ਵਿਚ ਨਾਹਨ ਵਿਚ ਹੋਇਆ ਸੀ, ਜਦੋਂ ਕਿ ਮੇਰੇ ਡੈਡ ਦਾ ਜਨਮ ਤਿੱਬਤ ਵਿਚ ਤੇ ਪਾਲਣ-ਪੋਸ਼ਣ ਦਿੱਲੀ ਵਿਚ ਹੋਇਆ ਸੀ। ਇਸ ਲਈ, ਮੈਂ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝਦੀ ਹਾਂ ਕਿ ਕੇਸ ਰੱਖ ਲੈਣ ਜਾਂ ਪੱਗ ਬੰਨ੍ਹ ਲੈਣ ਨਾ਼ਲ ਹੀ, ਕੋਈ ਪੰਜਾਬੀ ਨਹੀਂ ਬਣ ਜਾਂਦਾ। ਮੈਨੂੰ ਆਪਣੇ ਮਾਪਿਆਂ ਬਾਰੇ ਇਹ ਗੱਲ ਦੱਸਦਿਆਂ, ਹਰ ਵਾਰ ਸ਼ਰਮਸਾਰ ਹੋਣਾ ਪੈਂਦਾ ਏ। ਜੇ ਉਹ ਸੱਚ-ਮੁੱਚ ਹੀ ਪੰਜਾਬੀ ਹੁੰਦੇ ਤਾਂ ਸ਼ਾਇਦ ਮੇਰੀ ਜ਼ਿੰਦਗੀ ਮੂਲ਼ੋਂ ਹੀ ਹੋਰ ਤਰ੍ਹਾਂ ਦੀ ਹੁੰਦੀ। ਮੇਰੇ ਪੇਰੈਂਟਸ ਮੈਨੂੰ ਗੁਰਦਵਾਰੇ ਵੀ ਲਿਜਾਂਦੇ ਰਹੇ, ਮੈਂ ਬਚਪਨ ਵਿਚ ਹੀ ਉੱਥੇ ਸ਼ਬਦ ਕੀਰਤਨ ਵੀ ਕਰਦੀ ਰਹੀ, ਪਰ ਆਪਣੇ ਮਾਪਿਆਂ ਦੀ ਵਜ੍ਹਾ ਨਾ਼ਲ ਮੈਨੂੰ ਉਸ ਦਾ ਕੋਈ ਫ਼ਲ ਨਾ ਮਿਲ ਸਕਿਆ। ਮੇਰੇ ਡੈਡ ਆਪਣੇ ਸਿੱਖ ਹੋਣ ਦਾ ਦਿਖਾਵਾ ਤਾਂ ਬਹੁਤ ਕਰਦੇ ਹੁੰਦੇ ਸੀ, ਪਰ ਹਕੀਕੀ ਰੂਪ ਵਿਚ ਉਹ ਸਿੱਖੀ ਦੀਆਂ ਰਵਾਇਤਾਂ ਤੋਂ ਕਈ ਕੋਹਾਂ ਦੂਰ ਸਨ। ਮੇਰੀ ਮਾਂ, ਅਗਰਵਾਲਾਂ ਦੀ ਧੀ ਸੀ ਤੇ ਉਹ ਵੀ ਹਰ ਚੀਜ਼ ਨੋਟਾਂ ਨਾ਼ਲ ਹੀ ਤੋਲਦੀ-ਪਰਖ਼ਦੀ ਹੁੰਦੀ ਸੀ। ਉਹ ਲੁਕ-ਲੁਕ ਸ਼ਰਾਬ ਪੀਣ ਲੱਗ ਪਈ, ਪਰ ਸ਼ਰਾਬ ਦਾ ਹਰ ਪੈੱਗ ਮੁਕਾਉਣ ਮਗਰੋਂ ‘ਵਾਹਿਗੁਰੂ’ ਕਹਿਣਾ ਕਦੇ ਨਹੀਂ ਭੁੱਲਦੀ ਸੀ। ਮੇਰੇ ਡੈਡ ਨੇ ਕੇਸ ਰੱਖੇ ਹੋਏ ਸਨ ਤੇ ਉਹ ਪੱਗ ਬੰਨ੍ਹਿਆ ਕਰਦੇ ਸਨ। ਕੁਆਲੀਫਾਈਡ ਇੰਜੀਨੀਅਰ ਹੋਣ ਦੇ ਬਾਵਜੂਦ ਉਨ੍ਹਾਂ ਦੀ ਕੰਪਨੀ ਦੇ ਮੈਨੇਜਰ ਨੇ ਉਨ੍ਹਾਂ ਨੂੰ ਪੱਗ ਬੰਨ੍ਹ ਕੇ ਕੰਮ ’ਤੇ ਆਉਣ ਦੀ ਵਜ੍ਹਾ ਨਾ਼ਲ ਸਸਪੈਂਡ ਕਰ ਦਿੱਤਾ ਸੀ। ਮੈਨੂੰ ਇਹ ਕਹਿੰਦਿਆਂ ਬਹੁਤ ਸ਼ਰਮ ਆਉਂਦੀ ਹੈ ਕਿ ਮੇਰੇ ਡੈਡ ਨੇ ਆਪਣੇ ਧਾਰਮਕ ਹੱਕਾਂ ਲਈ ਲੜਨ ਦੀ ਥਾਂ, ਪੱਗ ਲਾਹ ਕੇ, ਪਿੱਛੇ ਗਿੱਚੀ ਉੱਤੇ ਪੌਨੀ ਲਟਕਾ ਲਈ। ਕੰਪਨੀ ਵਾਲਿਆਂ ਉੱਤੇ ਇਸ ਗੱਲ ਨੇ ਵੀ ਕੋਈ ਚੰਗਾ ਅਸਰ ਨਾ ਪਾਇਆ, ਕਿਉਂ ਕਿ ਉਨ੍ਹਾਂ ਨੂੰ ਮੇਰੇ ਡੈਡ ਵੱਲੋਂ ਇਸ ਤਰ੍ਹਾਂ ਖ਼ਾਮੋਸ਼ ਹੋ ਜਾਣ ਦੀ ਵੀ ਆਸ ਨਹੀਂ ਸੀ। ਮੇਰੇ ਡੈਡ ਦੀ ਜੌਬ ਜਾਂਦੀ ਰਹੀ ਤੇ ਮਾਂ ਸ਼ਰਾਬ ਪੀ-ਪੀ ਅਲਕੋਹਲਿਕ ਹੋ ਗਈ।” ਇਹ ਕਹਿ ਕੇ, ਸੰਨੀ ਨੇ ਆਪਣੇ ਡਰਿੰਕ ਦਾ ਇਕ ਹੋਰ ਘੁੱਟ ਭਰ ਲਿਆ। ਪੰਡਾਲ ਵਿਚ ਪੂਰੀ ਤਰ੍ਹਾਂ ਚੁੱਪ ਛਾਈ ਹੋਈ ਸੀ।

“ਮੈਂ ਵੱਡੀ ਸਾਂ ਤੇ ਮੇਰਾ ਭਰਾ ‘ਸਬਰ ਸੰਤੋਖ ਸਿੰਘ’ ਯਾਨੀ ‘ਸੰਨੀ’, ਜਿਸ ਦਾ ਨਾਂ ਬਾਅਦ ਵਿਚ ਮੈਂ ਅਪਣਾ ਲਿਆ, ਮੈਥੋਂ ਛੋਟਾ ਸੀ। ਮੈਂ ਉਦੋਂ ਚੌਦਾਂ-ਪੰਦਰ੍ਹਾਂ ਸਾਲਾਂ ਦੀ ਹੋਵਾਂਗੀ ਤੇ ਮੇਰਾ ਭਰਾ ਮਸਾਂ ਬਾਰਾਂ ਕੁ ਸਾਲਾਂ ਦਾ ਹੋਏਗਾ ਕਿ ਸਾਨੂੰ ਕੈਨੇਡਾ ਛੱਡ ਕੇ, ਅਮਰੀਕਾ ਵਿਚ ਕੈਲਿਫੋਰਨੀਆ ਜਾਣਾ ਪੈ ਗਿਆ। ਬਚਪਨ ਵਿਚ ਹੀ ਅਮਰੀਕਾ ਵਿਚ ਆ ਵਸਣ ਦੀ ਮਜਬੂਰੀ ਵੀ, ਸ਼ਾਇਦ ਮੇਰੇ ਨਾ਼ਲ ਹੋਏ ਖਿਲਵਾੜਾਂ ਵਿਚ ਸਹਾਈ ਸਿੱਧ ਹੁੰਦੀ ਰਹੀ। ਅਸੀਂ ਦੋਵੇਂ ਸਕੂਲੀਂ ਜਾਂਦੇ ਬੱਚੇ ਹੀ ਸਾਂ। ਜਿਨ੍ਹਾਂ ਦੀ ਮਾਂ ਸਾਰਾ-ਸਾਰਾ ਦਿਨ ਸ਼ਰਾਬ ਪੀ ਕੇ, ਬੇਸੁੱਧ ਜਿਹੀ ਹੋ ਕੇ, ਆਪਣੇ ਬੈੱਡ ਉੱਤੇ ਪਈ ਰਹਿੰਦੀ ਹੋਵੇ ਤੇ ਬਾਪ ਰਿਟਾਇਰਡ ਬਜ਼ੁਰਗਾਂ ਲਈ ‘ਤਾਸ਼ ਦਾ ਕੋਚ’ ਬਣ ਕੇ ਦਿਨ ਬਿਤਾ ਦਿੰਦਾ ਹੋਵੇ, ਉਹ ਬੱਚੇ ਕਿੰਨੇ ਕੁ ਵੱਡੇ ਮਾਅਰਕੇ ਮਾਰਨ ਜੋਗੇ ਬਣ ਸਕਦੇ ਹੋਣਗੇ? ਕੁਝ ਸਮੇਂ ਮਗਰੋਂ ਡੈਡ ਦੇ ਪੇਟ ਵਿਚ ਕੈਂਸਰ ਡਿਟੈਕਟ ਹੋ ਗਿਆ। ਮੈਨੂੰ ਆਪਣੇ ਪੈਰਾਂ ਹੇਠ ਧਰਤੀ ਚਕਰਾਉਂਦੀ ਮਹਿਸੂਸ ਹੋਣ ਲੱਗੀ। ਇਕ ਦਿਨ ਮੈਂ ਦੇਖਿਆ, ਮੇਰੀ ਮਾਂ ਨੇ ਘਰ ਦੇ ਖੱਲਾਂ-ਖੂੰਜਿਆਂ ਵਿਚ ਲਕੋਈਆਂ ਹੋਈਆਂ ਖਾਲੀ ਬੋਤਲਾਂ ਕੱਢ ਕੇ, ਉਨ੍ਹਾਂ ਦਾ ਢੇਰ ਲਾ ਦਿੱਤਾ ਤੇ ਮੈਨੂੰ ਪੁੱਛਿਆ, ‘ਗੋਗੋ, ਇਹ ਬੋਤਲਾਂ ਲੈਂਦਾ ਨਹੀਂ ਕੋਈ? ਮੈਂ ਸੋਚਨੀ ਆਂ ਚਾਰ ਪੈਸੇ ਈ ਆਉਣਗੇ।’ ਇਹ ਸੁਣ ਕੇ ਮੇਰੀਆਂ ਧਾਹਾਂ ਨਿੱਕਲ ਗਈਆਂ ਤੇ ਮੈਂ ਘਰ ਵਿਚ ਨਜ਼ਰ ਮਾਰ ਕੇ ਦੇਖਿਆ ਕਿ ਅਗਲੀ ਵਾਰ ਕਿਹੜੀ-ਕਿਹੜੀ ਸ਼ੈਅ ਵੇਚਣ ਲਈ ਛਾਂਟੀ ਜਾਊਗੀ।” ਪੰਡਾਲ ਵਿਚੋਂ ਲੰਬੇ-ਲੰਬੇ ਹਉਕੇ ਲੈਣ ਦੀਆਂ ਆਵਾਜ਼ਾਂ ਆਉਣ ਲੱਗੀਆਂ।

“ਸਕੂਲ ਵਿਚ, ਸਹਿਵਨ ਹੀ ਇਕ ਗੋਰੇ ਮੁੰਡੇ ਨਾ਼ਲ ਟਕਰਾਅ ਜਾਣ ’ਤੇ ਆਪਣੀਆਂ ਡਿੱਗੀਆਂ ਹੋਈਆਂ ਕਿਤਾਬਾਂ ਇਕੱਠੀਆਂ ਕਰ ਰਹੀ ਸਾਂ ਕਿ ਉਹ ਮੁੰਡਾ ਵੀ ਨੇੜੇ ਬਹਿ ਕੇ ਕਿਤਾਬਾਂ ਚੁੱਕ-ਚੁੱਕ ਫੜਾਉਣ ਲੱਗ ਪਿਆ। ਮੈਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਸ ਨੇ ਮੇਰਾ ਚਿਹਰਾ ਫੜ ਕੇ, ਮੇਰੇ ਬੁੱਲ ਚੁੰਮ ਲਏ ਤੇ ਚੁੰਮਦਾ ਹੀ ਰਿਹਾ। ਉਸੇ ਵੇ਼ਲੇ ਹੀ, ਮੇਰੀ ਜਮਾਤ ਦੀਆਂ ਕੁੜੀਆਂ ਕਮਰੇ ਵਿਚੋਂ ਬਾਹਰ ਆ



ਗਈਆਂ। ਮੇਰੇ ਘਰ ਜਾਣ ਤੋਂ ਪਹਿਲਾਂ, ਸਾਡੇ ਘਰ ਇਹ ਖ਼ਬਰ ਪਹੁੰਚੀ ਹੋਈ ਸੀ ਕਿ ਇਹ ਤਾਂ ਗੋਰਿਆਂ ਦੇ ਮੁੰਡੇ ਨਾ਼ਲ ਫਸੀ ਹੋਈ ਹੈ। ਸਕੂਲ ਵਿਚ ਬਾਸਕਟ ਬਾਲ ਦੀ ਪ੍ਰੈਕਟਿਸ ਕਰਦਿਆਂ ਜੌਹਨੀ ਨਾਂ ਦਾ ਸੀਨੀਅਰ ਮੁੰਡਾ ‘ਘੜੀ ਕੁ ਰੈਸਟ ਕਰਨ ਲਈ’ ਕਹਿ ਕੇ, ਮੈਨੂੰ ਆਪਣੇ ਕਮਰੇ ਵਿਚ ਲੈ ਗਿਆ। ਉੱਥੇ ਉਸ ਨੇ ਮੇਰੀ ਇੱਜ਼ਤ-ਆਬਰੂ ਹੀ ਨਹੀਂ, ਮੇਰੀ ਮਾਸੂਮੀਅਤ ਵੀ ਲੁੱਟ ਲਈ, ਜਦੋਂ ਕਿ ਮੈਂ ਉਦੋਂ ਇਨ੍ਹਾਂ ਸ਼ਬਦਾਂ ਦੇ ਅਰਥ ਵੀ ਨਹੀਂ ਜਾਣਦੀ ਸੀ। ਇਸ ਤੋਂ ਮਗਰੋਂ ਮੇਰੇ ਜਿਸਮ ਅੰਦਰ ਕਈ ਸਿਫ਼ਤੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਕੂਲ ਦੇ ਅੰਦਰ ਕੀ ਤੇ ਬਾਹਰ ਕੀ, ਜਦੋਂ ਵੀ ਕਿਸੇ ਮੁੰਡੇ ਨਾ਼ਲ ਨਜ਼ਰ ਮਿਲਣੀ, ਮੈਨੂੰ ਲੱਗਣਾ ਕਿ ਉਹ ਮੈਨੂੰ ਆਪਣੇ ਕੋ਼ਲ ਸੱਦ ਰਿਹਾ ਏ। ਕੋਈ ਖ਼ਰੇ-ਸੁੱਚੇ ਮੋਹ ਨਾ਼ਲ ਵੀ ਬੁਲਾਉਂਦਾ, ਮੇਰਾ ਤਨ, ਮੇਰੇ ਮਨ ਨੂੰ ਬੋਲਣੋਂ ਵਰਜ ਕੇ, ਉਸ ਦੇ ਸੱਦੇ ਦਾ ਹੁੰਗਾਰਾ ਭਰ ਦਿੰਦਾ।” ਬੋਲਦੀ-ਬੋਲਦੀ ਸੰਨੀ ਚੁੱਪ ਕਰ ਗਈ ਤਾਂ ਸੁਣਨ ਵਾ਼ਲਿਆਂ ਨੂੰ ਉਸ ਦੀ ਚੁੱਪ ਸਤਾਉਣ ਲੱਗੀ। ਉਸ ਨੇ ਹੱਥ ਚੁੱਕ ਕੇ ਸਭ ਨੂੰ, ਆਪਣੇ ਠੀਕ-ਠਾਕ ਹੋਣ ਦੀ ਤਸੱਲੀ ਦਿੱਤੀ।

“ਇਹੋ-ਜਿਹੇ ਹਾਲਾਤ ਵਿਚ ਕਿਚਨ ਚੱਲਦਾ ਰੱਖਣ ਲਈ, ਇਕ ਜਰਮਨ ਬੇਕਰੀ ਵਿਚ ਜੌਬ ਕਰਨ ਲੱਗ ਪਈ,” ਕੁਝ ਚਿਰ ਦੀ ਖ਼ਾਮੋਸ਼ੀ ਤੋਂ ਬਾਅਦ ਸੰਨੀ ਫਿਰ ਬੋਲਣ ਲੱਗੀ, “ਸੱਚ ਮੰਨਿਓਂ, ਬਾਸਕਟ ਬਾਲ ਵਾ਼ਲੇ ਜੌਹਨੀ ਤੋਂ ਮਿਲੇ ਨਿੰਫੋਮੇਨੀਏ ਦਾ ਇਹ ਆਲਮ ਸੀ ਕਿ ਉਸ ਬੇਕਰੀ ਵਿਚ ਕੰਮ ਕਰਦਾ ਹਰ ਮਰਦ, ਮੈਨੂੰ ਆਪਣੇ ਵੱਲ ਦੇਖਦਾ ਤੇ ਆਪਣਾ-ਆਪਣਾ ਲੱਗਣ ਲੱਗ ਪਿਆ। ਮੈਂ ਆਪਣੇ-ਆਪ ਉੱਤੇ ਕਾਬੂ ਪਾਉਣ ਲਈ ਇਕ ਨਹੀਂ, ਬਹੁਤ ਸਾਰੇ ਹੀਲੇ ਕੀਤੇ। ਪਹਿਲਾਂ ਸਕੂਲ, ਫਿਰ ਕੰਮ-ਕਾਰ ਲਈ ਬੇਕਰੀ ਜਾਣ ਮਗਰੋਂ ਥੱਕ-ਟੁੱਟ ਕੇ ਘਰ ਜਾਣਾ ਤਾਂ ਸ਼ਰਾਬ ਦੇ ਨਸ਼ੇ ਵਿਚ ‘ਬਹੁਤ ਹੀ ਸਿਆਣੀ’ ਹੋਈ ਮਾਂ ਨੇ ਲੈਕਚਰ ਦੇਣਾ ਸ਼ੁਰੂ ਕਰ ਦੇਣਾ, ‘ਸਿਆਣੀਆਂ ਧੀਆਂ ਇਸ ਤਰ੍ਹਾਂ ਕਰਦੀਆਂ ਹੁੰਦੀਆਂ ਨੇ, ਉਸ ਤਰ੍ਹਾਂ ਕਰਦੀਆਂ ਨੇ।’ ਉਸ ਨੇ ਇਸ ਬਾਰੇ ਕਦੇ ਵੀ ਕੋਈ ਗੱਲ ਨਾ ਕੀਤੀ ਕਿ ‘ਸਿਆਣੇ ਮਾਪੇ ਆਪਣੇ ਜੁਆਨ-ਜਹਾਨ ਬੱਚਿਆਂ ਲਈ ਕੀ-ਕੀ ਕਰਿਆ ਕਰਦੇ ਨੇ।’ ਫਿਰ ਮਾਂ ਵੱਲੋਂ ਘਰ ’ਚ ਪਾਇਆ ਹੋਇਆ ਗੰਦ ਸਮੇਟਣਾ ਤੇ ਡਿਨਰ ਬਣਾਉਣਾ...।”

“...ਬੇਕਰੀ ਵਿਚ ਕੰਮ, ਖੜ੍ਹ ਕੇ ਕਰਨ ਦਾ ਅਤੇ ਦੌੜ-ਭੱਜ ਕਰਨ ਦਾ ਸੀ, ਜਿਸ ਕਰ ਕੇ ਮੈਨੂੰ ਬੈਠ ਕੇ ਕਰਨ ਵਾ਼ਲੇ ਕੰਮ ਦੀ ਭਾ਼ਲ ਸੀ। ਇਕ ਦਿਨ ਇਕ ਟੈਕਸ ਐਂਡ ਰਿਟਾਇਰਮੈਂਟ ਫਰਮ ਵਿਚੋਂ ਇੰਟਰਵਿਊ ਲਈ ਸੱਦਾ ਆ ਗਿਆ। ਸੱਦਾ ਕੀ, ‘ਦਸ ਤੋਂ ਪੰਜ’ ਦੀ ਜੌਬ ਮਿਲ ਗਈ। ਕੰਮ ਵੀ ਕੁਰਸੀ ਮੇਜ਼ ਉੱਤੇ ਬੈਠ ਕੇ ਕਰਨ ਵਾ਼ਲਾ ਸੀ। ਉੱਥੇ ਹੀ ਕਿਸੇ ਨੇ ਮੇਰੀ ਸ਼ਕਲ-ਸੂਰਤ ਦੇਖ ਕੇ ਮੈਨੂੰ ਮਾਡਲਿੰਗ ਕਰਨ ਦੀ ਸਲਾਹ ਦਿੱਤੀ, ਜੋ ਮੇਰੇ ਵੱਲੋਂ ਮੰਨ ਲੈਣ ‘ਤੇ, ਸਲਾਹ ਦੇਣ ਵਾ਼ਲਾ ਉਹ ਵਿਅਕਤੀ ਆਪਣਾ ਬਿਜ਼ਨੈੱਸ ਕਾਰਡ ਦੇ ਗਿਆ। ਮੈਂ ਆਪਣੇ ਜਿਸਮ ਨੂੰ ਥਕਾ-ਭੰਨ ਕੇ, ਕਾਬੂ ਕਰਨ ਦੇ ਹੀਲੇ ਵਜੋਂ ਕੁਝ ਚਿਰ ਡਾਂਸ ਸਿੱਖਣਾ ਵੀ ਸ਼ੁਰੂ ਕਰ ਦਿੱਤਾ। ਡਾਂਸ ਕਲਾਸ ਵਿਚ ਮੁੰਡਿਆਂ ਤੇ ਕੁੜੀਆਂ ਨੂੰ ਡਾਂਸ ਕਰਨਾ, ਇਕੱਠਿਆਂ ਨੂੰ ਹੀ ਸਿਖਾਇਆ ਜਾਂਦਾ ਸੀ। ਜਦੋਂ ਕਿਸੇ ਮੁੰਡੇ ਦਾ ਕੋਈ ਵੀ ਅੰਗ, ਜਿਸਮ ਨਾ਼ਲ ਛੂਹ ਜਾਣਾ ਤਾਂ ਜਿਨਸੀ ਬਿਮਾਰੀ ਦੀ ਵਜ੍ਹਾ ਨਾ਼ਲ, ਨੱਚਣਾ ਭੁੱਲ ਜਾਣਾ ਤੇ ਧਿਆਨ ‘ਕਿਤੇ ਹੋਰ ਹੀ’ ਭਟਕ ਜਾਣਾ,” ਸੰਨੀ ਕੁਝ ਚਿਰ ਲਈ ਫਿਰ ਖ਼ਾਮੋਸ਼ ਹੋ ਗਈ ਜਾਂ ਸ਼ਾਇਦ ਉਸ ਦੀ ਜ਼ੁਬਾਨ ਹੀ ਸਾਥ ਦੇਣੋਂ ਹਟ ਗਈ ਸੀ।

ਉਸ ਨੇ ਆਪਣੇ ਰੁਮਾਲ ਨਾ਼ਲ ਚਿਹਰੇ ‘ਤੇ ਆਈ ਤ੍ਰੇ਼ਲੀ ਪੂੰਝੀ ਅਤੇ ਪਾਣੀ ਦਾ ਘੁੱਟ ਭਰ ਕੇ ਉਹ ਫਿਰ ਬੋਲਣ ਲੱਗ ਪਈ, “ਜੇ ਮੇਰੇ ਪੇਰੈਂਟਸ, ਆਪ ਤੰਦਰੁਸਤ ਹੁੰਦੇ ਤਾਂ ਉਹ ਆਪਣੀ ਧੀ ਦੀ ਜਾਨ ‘ਤੇ ਬਣੀਆਂ ਦੇਖਦੇ, ਉਸ ਦਾ ਕੋਈ ਇਲਾਜ ਕਰਾਉਂਦੇ। ਪਰ ਮੈਂ ਮਾਪਿਆਂ ਦੇ ਹੁੰਦਿਆਂ-ਸੁੰਦਿਆਂ, ਮਾਪਿਆਂ ਬਾਹਰੀ ਹੋ ਚੁਕੀ ਸਾਂ ਤੇ ਅੱਲ੍ਹੜ ਉਮਰੇ ਮੈਨੂੰ ਔਝੜ ਘਾਟੀਆਂ ਦਾ ਸਫ਼ਰ ਕਰਨਾ ਪੈ ਰਿਹਾ ਸੀ। ਬੜਾ ਜੀਅ ਕਰਦਾ ਸੀ ਕਿ ਕਿਸੇ ਉੱਚੇ ਟਿੱਲੇ ਚੜ੍ਹ ਕੇ ਦੁਹਾਈ ਪਾਵਾਂ, ‘ਲੋਕੋ ਵੇ, ਮੈਨੂੰ ਰੁੜ੍ਹਦੀ ਨੂੰ ਕੋਈ ਬਚਾ ਲਓ!’ ਪਰ ਇਸ ਤਰ੍ਹਾਂ ਵੀ ਨਾ ਕਰ ਸਕੀ ਤੇ ਸਭ ਦੀ ਨਜ਼ਰ ਵਿਚ ਇਹ ‘ਵਿਗੜੀ ਹੋਈ ਕੁੜੀ’ ਹੋਰ ਵਿਗੜਦੀ ਗਈ, ਹੋਰ ਗ਼ਰਕਦੀ ਗਈ। ਇਸ ਘੜੀ, ਜੇ ਮੇਰੀ ਕਿਸੇ ਨੇ ਬਾਂਹ ਫੜੀ, ਉਸ ਹੈ ਡੈਨੀ ਯਾਨੀ ਡੈਨੀਅਲ, ਮੇਰਾ ਹਸਬੈਂਡ...।” ਇਹ ਕਹਿੰਦਿਆਂ ਸੰਨੀ ਨੇ ਆਪਣੇ ਨਾ਼ਲ ਬੈਠੇ ਆਪਣੇ ਪਤੀ ਡੈਨੀਅਲ ਵੀਬਰ ਦਾ ਹੱਥ ਫੜ ਕੇ ਘੁੱਟ ਹੀ ਨਹੀਂ ਲਿਆ, ਸਗੋਂ ਚੁੰਮ ਵੀ ਲਿਆ। ਉਸ ਨੇ ਕੁਝ ਚਿਰ ਲਈ ਚੁੱਪ ਹੋ ਕੇ, ਆਪਣਾ ਸਿਰ ਉਸ ਦੇ ਮੋਢੇ ਨਾ਼ਲ ਲਾ ਲਿਆ। ਡੈਨੀਅਲ ਨੇ ਵੀ ਜੁਆਬ ਵਿਚ ਸੰਨੀ ਦਾ ਹੱਥ ਚੁੰਮਿਆ ਤੇ ਉਸ ਦਾ ਸਿਰ ਆਪਣੇ ਮੋਢੇ ਨਾ਼ਲੋਂ ਲਾਹ ਕੇ, ਪੰਡਾਲ ਵੱਲ ਇਸ਼ਾਰਾ ਕਰ ਕੇ, ਉਸ ਨੂੰ ਅੱਗੇ ਬੋਲਣ ਲਈ ਕਿਹਾ।

“ਇਸ ਵਿਚਾਰੇ ਨੇ ਆਪਣਾ ਭਰਿਆ-ਭਕੁੰਨਾ ਤੇ ਚਲਦਾ ਕਾਰੋਬਾਰ, ਮੇਰੀ ਖ਼ਾਤਰ ਛੱਡ ਦਿੱਤਾ ਤੇ ਮੇਰੀ ਪ੍ਰਮੋਸ਼ਨ ਹੀ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ। ਮੈਂ ਕਈ ਜਨਮ ਵੀ ਇਸ ਦਾ ਦੇਣ ਨਹੀਂ ਦੇ ਸਕਦੀ। ਜੇ ਡੈਨੀਅਲ ਮੇਰੇ ਅੰਗ-ਸੰਗ ਨਾ ਹੁੰਦਾ ਤਾਂ ਸੰਨੀ ਜੋ ਅੱਜ ਹੈ, ਕਦੇ ਵੀ ਨਾ ਹੁੰਦੀ। ਇਸ ਨੇ ਸਾਰੇ ਜੱਗ-ਜਹਾਨ ਦੀ ਪ੍ਰਵਾਹ ਕਰਨੀ ਛੱਡ ਕੇ, ਮੇਰੀ ਪ੍ਰਵਾਹ ਕੀਤੀ। ਮੈਂ ਇਸ ਦੇ ਰੂਪ ਵਿਚ ਹੀ ਸੱਚੇ ਪਿਆਰ, ਸੱਚੀ ਮੁਹੱਬਤ ਦੀ ਲੱਜ਼ਤ ਮਾਣੀ ਏ। ਇਸ ਨੂੰ ਦੇਖਦੀ ਹਾਂ ਤਾਂ ਮਨ ਵਿਚ ਸੋਚਦੀ ਹਾਂ ਕਿ ਜਿੰਨੀ ਕੁ ਮੈਂ ਲੁੱਟੀ-ਪੁੱਟੀ ਗਈ ਹਾਂ, ਜਿੰਨੀ ਕੁ ਵੀ ਮੈਂ ਭਟਕੀ ਹਾਂ, ਡੈਨੀਅਲ ਇਕੱਲੇ ਨੇ ਮੇਰੀ ਜ਼ਿੰਦਗੀ ਵਿਚ ਆ ਕੇ, ਮੇਰੇ ਉਸ ਨੁਕਸਾਨ ਦੀ ਭਰਪਾਈ ਕਰ ਦਿੱਤੀ ਏ। ਮੈਂ ਇਸ ਦੇ ਸਾਹਮਣੇ, ਜਿਹੜੀ ਵੀ ਇੱਛਾ ਜ਼ਾਹਰ ਕੀਤੀ, ਉਹ ਇਸ ਨੇ ਪੂਰੀ ਹੀ ਨਹੀਂ ਕੀਤੀ, ਉਸ ਨੂੰ ਪੂਰੀ ਕਰਨ ਵਿਚ ਆਪਣਾ ਤਨ, ਮਨ ਤੇ ਧਨ ਵੀ ਝੋਕ ਦਿਤਾ। ਇਸ ਦੀ ਬਦੌਲਤ ਹੀ ਮੈਂ ਰਾਈਟਰ, ਪ੍ਰੋਡਿਊਸਰ ਤੇ ਹੋਰ ਪਤਾ ਨਹੀਂ ਕੀ-ਕੀ ਬਣ ਗਈ। ਥੈਂਕ ਯੂ ਡੈਨੀ ਫਾਰ ਬੀਇੰਗ ਵਿਦ ਮੀ ਥਰੂ ਥਿੱਕ ਐਂਡ ਥਿੰਨ’...।” ਸੰਨੀ ਨੇ ਇਸ ਵਾਰ ਬੋਲਣਾ ਛੱਡ ਕੇ, ਡੈਨੀਅਲ ਦਾ ਮੂੰਹ ਵੀ ਚੁੰਮ ਲਿਆ।

“...ਸੌਰੀ, ਮੈਂ ਸ਼ਾਇਦ ਬਹੁਤੀ ਹੀ ਇਮੋਸ਼ਨਲ ਹੋ ਗਈ ਹਾਂ। ਇਮੋਸ਼ਨਜ਼ ਆਪਣੀ ਥਾਂ ਤੇ ਜ਼ਿੰਦਗੀ ਦੀਆਂ ਤਲਖ਼-ਤੁਰਸ਼ ਹਕੀਕਤਾਂ ਆਪਣੀ ਥਾਂ, ਇਹੋ ਹੀ ਸਿਖਾਇਆ ਏ ਜ਼ਿੰਦਗੀ ਨੇ। ਜਦੋਂ ਮੈਨੂੰ ਕਿਸੇ ਨੇ ਮੌਡਲਿੰਗ ਕਰਨ ਦੀ ਸਲਾਹ ਦਿੱਤੀ ਤਾਂ ਮੈਂ ‘ਸਵੇਅ’ ਹੀ ਹੋ ਗਈ ਸੀ, ਕਿਉਂ ਕਿ ਉਹ ਸਲਾਹ ਅਸਲ ਵਿਚ ਮੈਨੂੰ ‘ਪੋਰਨ ਇੰਡਸਟਰੀ’ ਵੱਲ ਲਿਜਾਣ ਦਾ ਇਕ ਹਥਕੰਡਾ ਹੀ ਸੀ। ਮੇਰੇ ਵੱਲੋਂ ਕੈਨੇਡਾ ਤੋਂ ਅਮਰੀਕਾ ਜਾ ਵਸਣ ਸਾਰ ਹੀ, ਪੋਰਨ ਇੰਡਸਟਰੀ ਦੇ ਸ਼ਿਕਾਰੀ, ਮੇਰੇ ਮਗਰ ਲੱਗੇ ਹੋਏ ਸਨ। ਕਿਸੇ ਵੀ ਨਵੇਂ ਮੁਲਕ ਵਿਚ ਤੁਹਾਨੂੰ ਸਲਾਹਾਂ ਦੀ ਬਹੁਤ ਲੋੜ ਹੁੰਦੀ ਏ। ਬਚਪਨ ਹਾਲੇ ਪੂਰੀ ਤਰ੍ਹਾਂ ਬੀਤਿਆ ਨਾ ਹੋਣ ਦੀ ਵਜ੍ਹਾ ਨਾ਼ਲ, ਤੁਸੀਂ ਮਿਲਣ ਵਾ਼ਲੀ ਕਿਸੇ ਵੀ ਸਲਾਹ ਦਾ ਨਿਰਪੱਖ ਮੁਲਾਂਕਣ ਕਰਨ ਜੋਗੇ ਨਹੀਂ ਹੁੰਦੇ। ਮੇਰੇ ਨਾ਼ਲ ਵੀ ਇਸੇ ਤਰ੍ਹਾਂ ਹੋਇਆ। ਜੋ ਵੀ ਕੋਈ ਕਹਿੰਦਾ ਗਿਆ, ਮੈਂ ਕਰਦੀ ਗਈ। ਉਦੋਂ ਹੀ ਪਤਾ ਲੱਗਿਆ, ਜਦੋਂ ਮੈਂ ਉਸ ਇੰਡਸਟਰੀ ਵਿਚ ਗ਼ਲ-ਗ਼ਲ ਧੱਸ ਗਈ। ਅਸਲ ਵਿਚ ‘ਸਟਰੈਟਜੀ’ ਇਹ ਸੀ ਕਿ ਇਸ ਨੂੰ ਵਿਹਲੀ ਨਾ ਰਹਿਣ ਦਿਓ ਤਾਂ ਕਿ ਇਸ ਨੂੰ ਕੁਝ ਹੋਰ ਸੋਚਣ-ਵਿਚਾਰਨ ਦਾ ਮੌਕਾ ਹੀ ਨਾ ਮਿਲੇ। ਪਹਿਲੇ ਕੁਝ ਮਹੀਨੇ ਤਾਂ ਬਹੁਤ ਟਾਈਟਲੀ ਪਲੈਨਡ, ਵੈੱਲ ਨਿਟਿਡ ਐਂਡ ਸਕਰਿਪਟਿਡ ਸਨ।” ਇਹ ਕਹਿ ਕੇ ਸੰਨੀ ਨੇ ਇਕ ਭਰਵਾਂ ਸਾਹ ਲੈ ਕੇ ਛੱਡਿਆ।

**(ਬਾਕੀ ਅਗਲੇ ਅੰਕ ਵਿੱਚ)**

## ਮਾਂ ਨਾਲ ਮੁਲਾਕਾਤ

ਰਾਤੀਂ ਮੈਨੂੰ ਇੱਕ ਸੁਪਨਾ ਆਇਆ
ਸੁਪਨੇ ਵਿੱਚ ਸੀ ਰੱਬ ਨੇ ਮਾਂ ਦੇ ਨਾਲ ਮਿਲਾਇਆ
ਪਹਿਲਾਂ ਤਾਂ ਮੈਨੂੰ ਕੁਝ ਸਮਝ ਨਾ ਆਇਆ
ਜਦੋਂ ਤੱਕਿਆ ਪਿੱਛੇ ਮੁੜ ਕੇ
ਅੱਖਾਂ ‘ਤੇ ਮੈਨੂੰ ਯਕੀਨ ਨਾ ਆਇਆ
ਹਾਏ ਓਏ ਮੇਰੇ ਡਾਢਿਆ ਰੱਬਾ!
ਵਿਛੜਿਆਂ ਨੂੰ ਕਿੰਝ ਮਿਲਾਇਆ
ਰਾਤੀਂ ਮੈਨੂੰ ਇੱਕ ਸੁਪਨਾ ਆਇਆ।

ਸੋਹਣੀ ਸੂਰਤ ਮਾਂ ਮੇਰੀ ਦੀ ਤੱਕ ਕੇ
ਮੇਰਾ ਤਾਂ ਸੱਚੀਂ ਗੱਚ ਭਰ ਆਇਆ
ਹੱਥਾਂ ਵਿੱਚ ਲੈ ਕੇ ਮਾਂ ਦਾ ਚਿਹਰਾ
ਮੈਂ ਮਾਂ ਨੂੰ ਤਰਲਾ ਮੁੜ ਆਉਣ ਦਾ ਪਾਇਆ
ਮੁੱਖ ਤੱਕ ਕੇ ਮੈਨੂੰ ਗੱਲ ਨਾ ਸੁੱਝੇ
ਤੱਕ ਤੱਕ ਮੁਖੜਾ ਮੇਰਾ ਮਨ ਨਾ ਰੱਜੇ
ਮਾਂ ਨੇ ਫਿਰ ਮੈਨੂੰ ਥੋੜ੍ਹਾ ਸਮਝਾਇਆ
ਰਾਤੀਂ ਮੈਨੂੰ ਇੱਕ ਸੁਪਨਾ ਆਇਆ।

ਚਿੱਟੇ ਸੂਟ ਦੇ ਵਿੱਚ ਸੀ ਅੰਮੀ
ਸਿਰ ‘ਤੇ ਚਿੱਟੀ ਚੁੰਨੀ ਸੀ ਲੰਮੀ
ਕਹਿੰਦੀ ਦੁਨੀਆ ਮੈਨੂੰ ਲੱਗਦੀ ਨਹੀਂ ਚੰਗੀ
ਉਥੇ ਆਉਂਦੀ ਨੀਂਦ ਸਕੂਨ ਦੀ ਚੰਗੀ
ਮਾਂ ਦੇ ਚਿਹਰੇ ‘ਤੇ ਵੱਖਰਾ ਨੂਰ ਸੀ ਛਾਇਆ
ਰਾਤੀਂ ‘ਚਾਹਲ’ ਨੂੰ ਇੱਕ ਸੁਪਨਾ ਆਇਆ।

*-ਰਾਜਪ੍ਰੀਤ ਕੌਰ ਚਾਹਲ*
*ਫੋਨ: +91-9465205454*

# ਅਫ਼ਗਾਨਿਸਤਾਨ 'ਚ ਤਰੱਕੀ ਤੋਂ ਬਰਬਾਦੀ ਵੇਖੀ ਹੈ ਪੰਜਾਬੀਆਂ ਨੇ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਕਦੇ ਮਹਾਨ ਸਿੱਖ ਜਰਨੈਲ ਅਤੇ ਹਲੀਮੀ ਰਾਜ ਕਾਇਮ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਜੋਕੇ ਪੰਜਾਬ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਕਾਇਮ ਸੀ; ਅਤੇ ਕਦੇ ਉਹ ਵੀ ਵਕਤ ਸੀ, ਜਦੋਂ ਅਫ਼ਗਾਨਿਸਤਾਨ ਦੀ ਸਰਕਾਰ ਨੇ ਵੀ ਪੰਜਾਬੀਆਂ ਦੇ ਆਪਣੇ ਸੱਭਿਆਚਾਰ ਅਤੇ ਬੋਲੀ ਪ੍ਰਤੀ ਮੋਹ ਨੂੰ ਪ੍ਰਵਾਨ ਕਰਦਿਆਂ ਕਾਬੁਲ ਅਤੇ ਜਲਾਲਾਬਾਦ ਵਿਖੇ ਦੋ ਪੰਜਾਬੀ ਸਕੂਲ ਖੋਲ੍ਹ ਦਿੱਤੇ ਸਨ। ਖ਼ੈਰ! ਪੰਜਾਬੀਆਂ ਨੇ ਅਫ਼ਗਾਨਿਸਤਾਨ ਵਿੱਚ ਤਰੱਕੀ ਵੀ ਦੇਖੀ ਹੈ ਤੇ ਬਰਬਾਦੀ ਵੀ। ਪੇਸ਼ ਹੈ, ਅਫ਼ਗਾਨਿਸਤਾਨ ਨਾਲ ਪੰਜਾਬੀਆਂ ਦੀ ਸਾਂਝ ਦਾ ਸੰਖੇਪ ਵੇਰਵਾ...***



ਅਨਾਰਕਲੀ ਕੌਰ

*ਅਫ਼ਗਾਨਿਸਤਾਨ ਵਿੱਚ ਪੰਜਾਬੀਆਂ ਵਿੱਚੋਂ ਅਨਾਰਕਲੀ ਕੌਰ ਨਾਂ ਦੀ ਮਹਿਲਾ ਅਫ਼ਗਾਨੀ ਸਿਆਸਤ 'ਚ ਥਾਂ ਬਣਾਉਣ ਵਿੱਚ ਸਫ਼ਲ ਰਹੀ ਸੀ ਤੇ ਵੱਡੀ ਗੱਲ ਇਹ ਵੀ ਸੀ ਕਿ ਉਹ ਮਹਿਲਾ ਅਧਿਕਾਰਾਂ ਲਈ ਲੜਨ ਵਾਲੀ ਇੱਕ ਨਿਧੜਕ ਕਾਰਕੁਨ ਵੀ ਸੀ। ਸ. ਅਵਤਾਰ ਸਿੰਘ ਦਾ ਵੀ ਅਫ਼ਗਾਨੀ ਰਾਜਨੀਤੀ ਵਿੱਚ ਵੱਡਾ ਨਾਂ ਸੀ।*



ਅਵਤਾਰ ਸਿੰਘ

ਕੋਈ ਵੇਲਾ ਸੀ ਜਦੋਂ ਪੰਜਾਬ ਅਫ਼ਗਾਨਿਸਤਾਨ ਤੱਕ ਫ਼ੈਲਿਆ ਹੋਇਆ ਸੀ ਅਤੇ ਮੁਸਲਿਮ ਬਹੁਗਿਣਤੀ ਵਾਲੇ ਇਸ ਮੁਲਕ ਵਿੱਚ ਸਿੱਖ ਤੇ ਹਿੰਦੂ ਵੱਡੀ ਗਿਣਤੀ ਵਿੱਚ ਰਿਹਾ ਕਰਦੇ ਸਨ। ਮਹਾਨ ਸਿੱਖ ਜਰਨੈਲ ਅਤੇ ਹਲੀਮੀ ਰਾਜ ਕਾਇਮ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਜੋਕੇ ਪੰਜਾਬ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਕਾਇਮ ਸੀ। ਬਰਤਾਨਵੀ ਰਾਜ ਸਮੇਂ ਵੀ ਪੰਜਾਬ ਦੀਆਂ ਸਰਹੱਦਾਂ ਅਫ਼ਗਾਨਿਸਤਾਨ ਨਾਲ ਲੱਗਦੀਆਂ ਸਨ ਤੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਤਾਂ ਬਾਲੀਵੁੱਡ ਅਤੇ ਕ੍ਰਿਕਟ ਦੇ ਮਾਧਿਅਮ ਨਾਲ ਭਾਰਤ ਦੇ ਅਫ਼ਗਾਨਿਸਤਾਨ ਨਾਲ ਸਬੰਧ ਬੜੇ ਮਜਬੂਤ ਹੋਏ ਸਨ। ਉਥੇ ਬਾਲੀਵੁੱਡ ਫ਼ਿਲਮਾਂ ਬੇਹੱਦ ਪਸੰਦ ਕੀਤੀਆਂ ਜਾਂਦੀਆਂ ਸਨ ਤੇ ਭਾਰਤੀ ਫ਼ਿਲਮਾਂ ਵਿੱਚ ਵੀ ਅਕਸਰ ਹੀ ਅਫ਼ਗਾਨੀ ਪਠਾਣਾਂ ਦੇ ਕਿਰਦਾਰ ਬਹਾਦਰੀ ਅਤੇ ਈਮਾਨਦਾਰੀ ਦੇ ਪ੍ਰਗਟਾਵੇ ਲਈ ਪੇਸ਼ ਕੀਤੇ ਜਾਂਦੇ ਸਨ; ਤੇ ਇਹ ਗੱਲ ਕਈ ਫ਼ਿਲਮਾਂ ਵਿੱਚ ਦੁਹਰਾਈ ਗਈ ਸੀ ਕਿ 'ਪਠਾਣ ਆਪਣੇ ਵਚਨ ਦੇ ਬੜੇ ਪੱਕੇ ਹੁੰਦੇ ਹਨ' ਅਤੇ 'ਕਿਸੇ ਇਸਤਰੀ, ਬੱਚੇ ਅਤੇ ਨਿਹੱਥੇ 'ਤੇ ਕਦੇ ਵਾਰ ਨਹੀਂ ਕਰਦੇ।'

ਮੱਧ ਏਸ਼ੀਆ ਅਤੇ ਦੱਖਣ ਏਸ਼ੀਆਈ ਖਿੱਤੇ ਵਿੱਚ ਮੌਜੂਦ ਅਫ਼ਗਾਨਿਸਤਾਨ ਨੂੰ ਪੂਰਬ ਵੱਲੋਂ ਪਾਕਿਸਤਾਨ, ਪੱਛਮ ਵੱਲੋਂ ਇਰਾਨ, ਉੱਤਰ-ਪੱਛਮ ਵੱਲੋਂ ਤੁਰਕਮੇਨਿਸਤਾਨ, ਉੱਤਰ ਵੱਲੋਂ ਉਜ਼ਬੇਕਿਸਤਾਨ, ਉੱਤਰ-ਪੂਰਬ ਵੱਲੋਂ ਤਜ਼ਾਕਿਸਤਾਨ ਅਤੇ ਉੱਤਰ-ਪੂਰਬ ਵੱਲੋਂ ਹੀ ਚੀਨ ਦੀਆਂ ਸਰਹੱਦਾਂ ਛੂਹੰਦੀਆਂ ਹਨ- ਭਾਵ ਇਹ ਇਲਾਕਾ ਚਾਰੇ ਪਾਸਿਉਂ ਥਲੀ ਖੇਤਰ ਨਾਲ ਘਿਰਿਆ ਹੋਇਆ ਹੈ। ਇਸਦਾ ਕੁੱਲ ਖੇਤਰਫ਼ਲ 6,52,864 ਵਰਗ ਕਿਲੋਮੀਟਰ ਹੈ ਅਤੇ ਇਸਦਾ ਜ਼ਿਆਦਾਤਰ ਇਲਾਕਾ ਪਹਾੜੀ ਖੇਤਰ ਹੈ। ਜੁਲਾਈ 2024 ਦੌਰਾਨ ਇਸ ਮੁਲਕ ਦੀ ਅੰਦਾਜ਼ਨ ਜਨਸੰਖਿਆ ਪੰਜ ਕਰੋੜ ਦੇ ਨੇੜੇ-ਤੇੜੇ ਸੀ। ਇੱਥੇ ਅਫ਼ਗਾਨੀ ਕਰੰਸੀ ਚੱਲਦੀ ਹੈ ਤੇ ਇਸ ਮੁਲਕ ਦੀ ਰਾਜਧਾਨੀ ਦਾ ਨਾਂ ਕਾਬੁਲ ਹੈ, ਜੋ ਕਿ ਇੱਥੋਂ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਇਸ ਮੁਲਕ ਵਿੱਚ ਕਿਸੇ ਵੇਲੇ ਭਾਰਤ ਨਾਲ ਸਬੰਧਿਤ ਹਿੰਦੂ ਅਤੇ ਸਿੱਖ ਇੱਥੇ ਵੱਡੀ ਗਿਣਤੀ ਵਿੱਚ ਵੱਸਿਆ ਕਰਦੇ ਸਨ ਤੇ ਇਸਦੇ ਨਾਲ ਹੀ ਇੱਥੇ ਭਾਰਤੀ ਮੂਲ ਦੇ ਅਫ਼ਗਾਨੀ ਵਿਅਕਤੀ ਵੀ ਰਿਹਾ ਕਰਦੇ ਸਨ। ਜ਼ਿਆਦਾਤਰ ਭਾਰਤੀ ਲੋਕ ਭਵਨ ਨਿਰਮਾਣ ਦਾ ਕੰਮ ਕਰਦੇ ਸਨ। ਸੰਨ 1990 ਤੋਂ ਪਹਿਲਾਂ ਇੱਥੇ ਵੱਸਦੇ ਭਾਰਤੀਆਂ ਦੀ ਗਿਣਤੀ ਇੱਕ ਲੱਖ ਦੇ ਕਰੀਬ ਸੀ, ਜੋ ਬਾਅਦ ਵਿੱਚ ਸੋਵੀਅਤ ਸੰਘ ਦੇ ਹਮਲਿਆਂ ਅਤੇ ਪੈਦਾ ਹੋਈਆਂ ਰਾਜਸੀ ਖ਼ਾਨਾਜੰਗੀਆਂ ਕਰਕੇ ਨਿਰੰਤਰ ਘਟਦੀ ਹੀ ਗਈ। ਇੱਥੋਂ ਦੇ ਭਾਰਤੀ ਲੋਕ ਵਾਪਿਸ ਭਾਰਤ ਆਉਣ ਦੇ ਨਾਲ-ਨਾਲ ਉੱਤਰੀ ਅਮਰੀਕਾ ਅਤੇ ਯੂਰਪ ਵੱਲ ਨੂੰ ਵੀ ਚਲੇ ਗਏ ਸਨ। ਸਾਲ 2014 ਵਿਚ ਇਸ ਮੁਲਕ ਅੰਦਰ ਵੱਸਦੇ ਭਾਰਤੀਆਂ ਦੀ ਸੰਖਿਆ ਤਿੰਨ ਹਜ਼ਾਰ ਦੇ ਕਰੀਬ ਹੀ ਰਹਿ ਗਈ ਸੀ, ਜੋ ਅਗਲੇ ਸਾਲਾਂ ਵਿੱਚ ਹੋਰ ਘਟਦੀ ਗਈ ਸੀ। ਸੰਨ 2021 ਵਿੱਚ ਜਦੋਂ ਇੱਥੇ ਤਾਲਿਬਾਨ ਦਾ ਕਬਜ਼ਾ ਹੋ ਗਿਆ ਸੀ ਤਾਂ ਇੱਥੇ ਵੱਸਦੇ ਭਾਰਤੀਆਂ ਦੀ ਸੰਖਿਆ ਇੱਕ ਹਜ਼ਾਰ ਤੋਂ ਵੀ ਘੱਟ ਸੀ। ਭਾਰਤ ਸਰਕਾਰ ਨੇ 'ਆਪ੍ਰੇਸ਼ਨ ਦੇਵੀ ਸ਼ਕਤੀ' ਚਲਾ ਕੇ ਇੱਥੋਂ 448 ਭਾਰਤੀਆਂ ਅਤੇ 206 ਅਫ਼ਗਾਨਾਂ ਨੂੰ ਬਾਹਰ ਕੱਢ ਲਿਆ ਸੀ। ਜ਼ਿਕਰਯੋਗ ਹੈ ਕਿ ਤਾਲਿਬਾਨੀ ਕਬਜ਼ੇ ਦੌਰਾਨ ਭਾਰਤੀਆਂ ਨੂੰ ਇੱਥੇ ਅਗਵਾਕਾਰੀ, ਲੁੱਟਮਾਰ ਅਤੇ ਮਾਰਕੁੱਟ ਸਣੇ ਜਾਨੋਂ ਮਾਰਨ ਦੀਆਂ ਧਮਕੀਆਂ ਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਅਫ਼ਗਾਨਿਸਤਾਨ ਵਿਖੇ ਵੱਸਦੇ 'ਪੰਜਾਬੀਆਂ' ਦੀ ਜੇ ਗੱਲ ਕੀਤੀ ਜਾਵੇ ਤਾਂ ਇਹ ਦੱਸਣਾ ਬਣਦਾ ਹੈ ਕਿ ਇੱਥੇ ਵੱਸਦੇ ਮੁਸਲਿਮ ਪੰਜਾਬੀਆਂ ਦੀ ਗਿਣਤੀ ਹਿੰਦੂ ਅਤੇ ਸਿੱਖ ਪੰਜਾਬੀਆਂ ਤੋਂ ਕਿਧਰੇ ਜ਼ਿਆਦਾ ਸੀ। ਇੱਥੇ ਪੂਰਬੀ ਅਤੇ ਪੱਛਮੀ ਪੰਜਾਬ ਭਾਵ ਭਾਰਤੀ ਅਤੇ ਪਾਕਿਸਤਾਨੀ ਪੰਜਾਬਾਂ ਦੀ 'ਪੰਜਾਬੀ' ਬੋਲੀ ਨੂੰ ਪੰਜਾਬੀਆਂ ਵੱਲੋਂ ਬੋਲਿਆ ਜਾਂਦਾ ਸੀ। ਇੱਥੇ ਵੱਸਣ ਵਾਲੇ ਪੰਜਾਬੀਆਂ ਨੇ ਇਸ ਮੁਲਕ ਅੰਦਰ ਮਕੈਨਿਕ, ਨਿਰਮਾਣ ਮਜ਼ਦੂਰ ਅਤੇ ਵਪਾਰੀ ਵਜੋਂ ਬਹੁਤ ਕੰਮ ਕੀਤਾ ਸੀ। ਇਤਿਹਾਸ ਵੱਲ ਝਾਤੀ ਮਾਰਿਆਂ ਇਹ ਪਤਾ ਲੱਗਦਾ ਹੈ ਕਿ ਇੱਥੇ ਅਫ਼ਗਾਨੀ ਮੂਲ ਦੇ ਬਹੁਤ ਸਾਰੇ ਨਾਗਰਿਕ ਵੀ ਪੰਜਾਬੀ ਹੀ ਬੋਲਦੇ ਸਨ, ਕਿਉਂਕਿ ਉਨ੍ਹਾਂ ਦੇ ਵੱਡ-ਵਡੇਰੇ ਪੰਜਾਬੀ ਹੀ ਸਨ। ਅਫ਼ਗਾਨਿਸਤਾਨ ਵਿਖੇ ਜੰਮੇ-ਪਲੇ ਕਈ ਅਫ਼ਗਾਨੀ ਪਰਿਵਾਰਾਂ ਦੇ ਨੌਜਵਾਨ ਵੱਖ-ਵੱਖ ਕਾਲਖੰਡਾਂ ਵਿੱਚ ਪੰਜਾਬ ਰਾਹੀਂ ਹੀ ਭਾਰਤ ਵਿੱਚ ਦਾਖ਼ਲ ਹੋਏ ਸਨ। ਇਹ ਅਫ਼ਗਾਨੀ ਲੋਕ 'ਕੁਸ਼ਾਣ', 'ਗ਼ਜ਼ਨਵੀ', 'ਖ਼ਿਲਜੀ' ਅਤੇ 'ਦੁੱਰਾਨੀ' ਖ਼ਾਨਦਾਨਾਂ ਨਾਲ ਸਬੰਧ ਰੱਖਦੇ ਹਨ ਤੇ ਬਤੌਰ 'ਧਾੜਵੀ' ਜਾਂ 'ਸੈਨਿਕ', ਅਫ਼ਗਾਨਿਸਤਾਨ ਤੋਂ ਭਾਰਤ ਆਏ ਸਨ।

ਸੰਨ 1857 ਵਿਚ ਜੇ.ਡਬਲਿਊ. ਕਾਈਜ਼ ਦੀ ਪੁਸਤਕ 'ਦਿ ਅਫ਼ਗਾਨ ਵਾੱਰ' ਦਾ ਵਿਸ਼ਲੇਸ਼ਣ ਕਰਦਿਆਂ ਫ਼ਰੈਡਰਿੱਕ ਏਂਜਲਸ ਨਾਮੀ ਲੇਖਕ ਨੇ ਲਿਖਿਆ ਸੀ, "ਅਫ਼ਗਾਨਿਸਤਾਨ ਦਰਅਸਲ ਏਸ਼ੀਆ ਦਾ ਇੱਕ ਵਿਸਥਾਰ ਹੈ... ਜਿਸ ਵਿੱਚ ਪੰਜਾਬ ਦਾ ਇੱਕ ਵੱਡਾ ਹਿੱਸਾ ਸ਼ਾਮਿਲ ਹੈ।" ਇਹ ਸੱਚ ਹੈ ਕਿ 19ਵੀਂ ਸਦੀ ਵਿੱਚ ਪੰਜਾਬ ਤੋਂ ਤੁਰੇ ਸਿੱਖ ਰਾਜ ਨੇ ਅਫ਼ਗਾਨੀ ਸਰਹੱਦਾਂ ਨੂੰ ਕਈ ਵਾਰ ਟੱਪਿਆ ਸੀ ਅਤੇ ਖ਼ੈਬਰ ਦੱਰੇ ਤੱਕ ਇੱਕ ਵੱਡੇ ਹਿੱਸੇ 'ਤੇ ਕਬਜ਼ਾ ਵੀ ਕਰ ਲਿਆ ਸੀ।

ਕਿਹਾ ਜਾਂਦਾ ਹੈ ਕਿ ਅਫ਼ਗਾਨਾਂ ਨਾਲ ਪੰਜਾਬੀਆਂ ਦਾ ਸਬੰਧ ਤਕਰੀਬਨ ਪੰਜ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ। ਪੰਦਰ੍ਹਵੀਂ ਸਦੀ ਵਿੱਚ ਜਦੋਂ ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਕਾਬੁਲ ਅਤੇ ਹੋਰ ਸਥਾਨਾਂ 'ਤੇ ਪਧਾਰੇ ਸਨ, ਤਾਂ ਇੱਥੋਂ ਦੇ ਕੁਝ ਸਥਾਨਕ ਲੋਕਾਂ ਨੇ ਗੁਰੂ ਸਾਹਿਬ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਧਾਰਨ ਕਰ ਲਿਆ ਸੀ। ਅਠਾਰ੍ਹਵੀਂ ਸਦੀ ਵਿੱਚ ਪੰਜਾਬ ਤੋਂ ਬਹੁਤ ਸਾਰੇ ਹਿੰਦੂ ਖੱਤਰੀ ਵਪਾਰੀ ਉੱਠ ਕੇ ਅਫ਼ਗਾਨਿਸਤਾਨ ਵਿਖੇ ਜਾ ਵੱਸੇ ਸਨ ਤੇ ਉਨ੍ਹਾਂ ਨੇ ਉਥੋਂ ਦੇ ਵਪਾਰ 'ਤੇ ਆਪਣਾ ਪੂਰਾ ਦਬਦਬਾ ਕਾਇਮ ਕਰ ਲਿਆ ਸੀ।

ਪ੍ਰਾਪਤ ਅੰਕੜਿਆਂ ਅਨੁਸਾਰ 1940 ਦੇ ਦਹਾਕੇ ਵਿੱਚ ਅਫ਼ਗਾਨਿਸਤਾਨ ਵਿਖੇ ਵੱਸਦੇ ਸਿੱਖਾਂ ਅਤੇ ਹਿੰਦੂਆਂ ਦੀ ਗਿਣਤੀ 2,50,000 ਦੇ ਕਰੀਬ ਸੀ। ਇਨ੍ਹਾਂ ਦੋਹਾਂ ਧਰਮਾਂ ਦੇ ਪੈਰੋਕਾਰਾਂ ਦੀ ਇੱਥੋਂ ਦੇ ਵਪਾਰ ਅਤੇ ਸਰਕਾਰੀ ਅਹੁਦਿਆਂ 'ਤੇ ਪੂਰੀ ਪਕੜ ਸੀ। ਆਖ਼ਦੇ ਹਨ ਕਿ ਇੱਥੇ ਸ਼ਾਸਕ 'ਜ਼ਹੀਰ ਸ਼ਾਹ' ਦਾ ਰਾਜਕਾਲ ਬੜਾ ਹੀ ਖ਼ੁਸ਼ਹਾਲੀ ਭਰਪੂਰ ਰਿਹਾ ਸੀ। ਇਸ ਤੋਂ ਇਲਾਵਾ ਸੰਨ 1947 ਵਿੱਚ ਜਦੋਂ ਭਾਰਤ-ਪਾਕਿਸਤਾਨ ਵੰਡ ਹੋਈ ਸੀ ਤਾਂ ਕਈ ਪੋਠੋਹਾਰੀ ਸਿੱਖ ਉਥੇ ਮਚੀ ਮਾਰਵੱਢ ਤੋਂ ਬਚਣ ਲਈ ਅਫ਼ਗਾਨਿਸਤਾਨ ਵੱਲ ਨੂੰ ਚਲੇ ਗਏ ਸਨ।

ਇਹ ਗੱਲ ਬੜੀ ਹੀ ਦਿਲਚਸਪ ਹੈ ਕਿ ਅਫ਼ਗਾਨਿਸਤਾਨ ਵਿਖੇ ਵੱਸਣ ਵਾਲੇ ਪੰਜਾਬੀ ਸਿੱਖ ਅਤੇ ਹਿੰਦੂ ਪਰਿਵਾਰਾਂ ਨੇ ਇੱਥੋਂ ਦੀ ਭਾਸ਼ਾ 'ਪਸ਼ਤੋ' ਬੋਲਣੀ ਸਿੱਖ ਲਈ ਸੀ। ਬੇਸ਼ੱਕ ਉਹ ਆਪਣੇ ਘਰਾਂ ਅੰਦਰ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣੀ ਅਤੇ ਲਿਖਣੀ ਸਿਖਾਉਂਦੇ ਸਨ ਤਾਂ ਕਿ ਉਨ੍ਹਾਂ ਨੂੰ ਗੁਰਬਾਣੀ ਪਾਠ ਦਾ ਗਿਆਨ ਹੋ ਸਕੇ, ਪਰ ਫਿਰ ਵੀ ਵਪਾਰਕ ਕਾਰਜਾਂ ਸਮੇਂ ਉਹ ਪਸ਼ਤੋ ਅਤੇ ਹੋਰ ਸਥਾਨਕ ਬੋਲੀਆਂ ਬੋਲਣ ਤੋਂ ਪਰਹੇਜ਼ ਨਹੀਂ ਸਨ ਕਰਦੇ। ਅਫ਼ਗਾਨਿਸਤਾਨ ਦੀ ਸਰਕਾਰ ਨੇ ਵੀ ਪੰਜਾਬੀਆਂ ਦੇ ਆਪਣੇ ਸੱਭਿਆਚਾਰ ਅਤੇ ਬੋਲੀ ਪ੍ਰਤੀ ਮੋਹ ਨੂੰ ਪ੍ਰਵਾਨ ਕਰਦਿਆਂ ਕਾਬੁਲ ਅਤੇ ਜਲਾਲਾਬਾਦ ਵਿਖੇ ਦੋ ਪੰਜਾਬੀ ਸਕੂਲ ਖੋਲ੍ਹ ਦਿੱਤੇ ਸਨ। ਇਹ ਅਫ਼ਗਾਨੀਆਂ ਦਾ ਪੰਜਾਬੀਆਂ ਨਾਲ ਭਾਈਚਾਰਕ ਅਤੇ ਸੱਭਿਆਚਾਰਕ ਸਾਂਝ ਦੀਆਂ ਗੰਢਾਂ ਪੀਢੀਆਂ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਇਹ ਦੱਸਣਾ ਬਣਦਾ ਹੈ ਕਿ ਇੱਥੇ ਪੰਜਾਬੀਆਂ ਵਿੱਚੋਂ ਅਨਾਰਕਲੀ ਕੌਰ ਨਾਂ ਦੀ ਮਹਿਲਾ ਅਫ਼ਗਾਨੀ ਸਿਆਸਤ ਵਿੱਚ ਸਥਾਨ ਬਣਾਉਣ ਵਿੱਚ ਸਫ਼ਲ ਰਹੀ ਸੀ ਤੇ ਵੱਡੀ ਗੱਲ ਇਹ ਵੀ ਸੀ ਕਿ ਉਹ ਮਹਿਲਾ ਅਧਿਕਾਰਾਂ ਲਈ ਲੜਨ ਵਾਲੀ ਇੱਕ ਨਿਧੜਕ ਕਾਰਕੁਨ ਵੀ ਸੀ। ਇਸੇ ਤਰ੍ਹਾਂ ਸ. ਅਵਤਾਰ ਸਿੰਘ ਦਾ ਵੀ ਅਫ਼ਗਾਨੀ ਰਾਜਨੀਤੀ ਵਿੱਚ ਵੱਡਾ ਨਾਂ ਸੀ।

ਇਹ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਅਫ਼ਗਾਨਿਸਤਾਨ ਵਿੱਚ ਮੌਜੂਦ ਗੁਰਦੁਆਰਾ ਸਾਹਿਬਾਨ ਦੀ ਜੇ ਗੱਲ ਕੀਤੀ ਜਾਵੇ ਤਾਂ ਮੋਟੇ ਤੌਰ 'ਤੇ ਸਿਰਫ ਇੱਕ ਗੁਰਦੁਆਰਾ ਸਾਹਿਬ ਦਾ ਨਾਂ ਸਾਹਮਣੇ ਆਉਂਦਾ ਹੈ ਤੇ ਉਹ ਹੈ 'ਗੁਰਦੁਆਰਾ ਸ੍ਰੀ ਕਰਤੇ ਪਰਵਾਨ ਸਾਹਿਬ', ਜੋ ਕਾਬੁਲ ਦੇ ਪੁਰਾਣੇ ਇਲਾਕੇ 'ਕਰਤੇ ਪਰਵਾਨ' ਵਿਖੇ ਸਥਿਤ ਹੈ। ਸੰਨ 2009 ਤੋਂ ਪਹਿਲਾਂ ਇਸ ਗੁਰਦੁਆਰੇ ਦੇ ਅੱਗਿਉਂ ਲੰਘਦੀ ਸੜਕ ਨੂੰ ਕਾਫੀ ਚੌੜ੍ਹਾ ਕਰ ਦਿੱਤਾ ਗਿਆ ਸੀ, ਜਿਸ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਅਤੇ ਵਿਹੜੇ ਦਾ ਆਕਾਰ ਛੋਟਾ ਹੋ ਗਿਆ ਸੀ। ਸੰਨ 2021 ਦੀ 5 ਅਕਤੂਬਰ ਨੂੰ ਤਾਲਿਬਾਨ ਨਾਲ ਸਬੰਧ ਰੱਖਣ ਵਾਲੇ ਕੁਝ ਹਥਿਆਰਬੰਦ ਅਤਿਵਾਦੀ ਇਸ ਗੁਰਦੁਆਰਾ ਸਾਹਿਬ ਅੰਦਰ ਜ਼ਬਰਦਸਤੀ ਦਾਖ਼ਲ ਹੋ ਗਏ ਸਨ ਅਤੇ ਉਥੋਂ ਦੀ ਇਮਾਰਤ, ਖਿੜਕੀਆਂ, ਫ਼ਰਨੀਚਰ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਕੁਝ ਹੀ ਅਰਸੇ ਬਾਅਦ 18 ਜੂਨ 2022 ਨੂੰ 'ਇਸਲਾਮਿਕ ਸਟੇਟ-ਖੁਰਾਸਾਨ ਪ੍ਰੋਵਿੰਸ' ਸੰਗਠਨ ਦੇ ਅਤਿਵਾਦੀਆਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋ ਕੇ ਉੱਥੇ ਮੌਜੂਦ ਸ਼ਰਧਾਲੂਆਂ 'ਤੇ ਤਾਬੜਤੋੜ ਗੋਲੀਬਾਰੀ ਕਰ ਦਿੱਤੀ ਸੀ। ਬਾਅਦ ਵਿੱਚ ਤਾਲਿਬਾਨ ਦੇ ਇੱਕ ਬੁਲਾਰੇ ਨੇ ਐਲਾਨ ਕੀਤਾ ਸੀ ਕਿ ਇਸ ਗੋਲੀਕਾਂਡ ਵਿੱਚ ਸ਼ਾਮਿਲ ਤਿੰਨ ਅਤਿਵਾਦੀਆਂ ਨੂੰ ਤਾਲਿਬਾਨ ਲੜਾਕਿਆਂ ਨੇ ਮਾਰ ਦਿੱਤਾ ਸੀ। ਬੁਲਾਰੇ ਅਬਦੁਲ ਨਫ਼ੀ ਅਨੁਸਾਰ ਇਸ ਆਪ੍ਰੇਸ਼ਨ ਵਿੱਚ ਇੱਕ ਸਿੱਖ ਸ਼ਰਧਾਲੂ ਅਤੇ ਇੱਕ ਤਾਲਿਬਾਨੀ ਲੜਾਕੇ ਦੀ ਵੀ ਜਾਨ ਚਲੀ ਗਈ ਸੀ।

# ਸਫਲਤਾ ਦੀਆਂ ਪੈੜਾਂ ਕਿਰਦਾਰ ਦੀ ਕਹਾਣੀ ਹੁੰਦੀਆਂ ਹਨ

ਪ੍ਰਿੰਸੀਪਲ ਵਿਜੈ ਕੁਮਾਰ
ਫੋਨ: +91-9872627136

ਸਫਲਤਾ ਹਾਸਲ ਕਰਨ ਲਈ ਯਤਨ ਕਰਨ ਤੋਂ ਲੈ ਕੇ ਮੰਜ਼ਿਲ ਉੱਤੇ ਅੱਪੜਨ ਤੱਕ ਦਾ ਰਾਹ ਸੌਖਾ ਨਹੀਂ ਹੁੰਦਾ। ਸਫਲਤਾ ਕੇਵਲ ਸੁਫ਼ਨੇ ਲੈਣ ਨਾਲ ਪ੍ਰਾਪਤ ਨਹੀਂ ਹੁੰਦੀ, ਸਗੋਂ ਮੰਜ਼ਿਲ ਦੀ ਪ੍ਰਾਪਤੀ ਦੇ ਲਈ ਸੰਘਰਸ਼ ਕਰਦਿਆਂ ਔਕੜਾਂ ਨਾਲ ਨਜਿੱਠਣ ਲਈ ਹਿੰਮਤ ਅਤੇ ਹੌਸਲਾ ਰੱਖਣਾ ਪੈਂਦਾ ਹੈ। ਅਸਫਲਤਾ ਸਾਹਮਣੇ ਖੜ੍ਹੀ ਵਿਖਾਈ ਦੇਣ 'ਤੇ ਵੀ ਸਫਲਤਾ ਦੀ ਆਸ ਉਮੀਦ ਜਿੰਦਾ ਰੱਖਣੀ ਪੈਂਦੀ ਹੈ। ਸਫਲਤਾ ਪ੍ਰਾਪਤੀ ਦਾ ਇਤਿਹਾਸ ਉਨ੍ਹਾਂ ਲੋਕਾਂ ਦਾ ਪੜ੍ਹਿਆ ਜਾਂਦਾ ਹੈ, ਜਿਨ੍ਹਾਂ ਨੇ ਸਫਲਤਾ ਦੇ ਸਾਰੇ ਰਾਹ ਬੰਦ ਹੋਣ ਦੇ ਬਾਵਜੂਦ ਹਾਰ ਨਹੀਂ ਮੰਨੀ ਹੁੰਦੀ; ਸੰਘਰਸ਼ ਦਾ ਰਾਹ ਨਹੀਂ ਛੱਡਿਆ ਹੁੰਦਾ ਅਤੇ ਆਪਣੇ ਯਤਨਾਂ ਨੂੰ ਜਾਰੀ ਰੱਖਿਆ ਹੁੰਦਾ ਹੈ। ਮਨੁੱਖ ਮਜਬੂਤ ਹੀ ਉਦੋਂ ਹੁੰਦਾ ਹੈ, ਜਦੋਂ ਸਫਲਤਾ ਦੀਆਂ ਪੈੜਾਂ ਸਿਰਜਦਿਆਂ ਮਾੜੇ ਹਾਲਾਤ ਉਸ ਦੀ ਪ੍ਰੀਖਿਆ ਲੈ ਕੇ ਉਸਨੂੰ ਕਮਜ਼ੋਰ ਕਰਨ ਉੱਤੇ ਤੁਲੇ ਹੋਏ ਹੋਣ। ਬੇਈਮਾਨੀ, ਹੇਰਾ-ਫੇਰੀ ਅਤੇ ਗਲਤ ਢੰਗਾਂ ਨਾਲ ਕਿਸੇ ਵੀ ਖੇਤਰ 'ਚ ਕੀਤੀ ਪ੍ਰਾਪਤੀ ਕਦੇ ਵੀ ਇਤਿਹਾਸ ਦੇ ਪੰਨਿਆਂ ਦਾ ਹਿੱਸਾ ਨਹੀਂ ਬਣਦੀ, ਸਗੋਂ ਆਲੋਚਨਾ ਅਤੇ ਬਦਨਾਮੀ ਦਾ ਕਾਰਨ ਬਣਦੀ ਹੈ। ਸਫਲਤਾ ਲਈ ਕੀਤੇ ਜਾਣ ਵਾਲਾ ਸੰਘਰਸ਼ ਮਨੁੱਖ ਨੂੰ ਥਕਾਉਂਦਾ ਜਰੂਰ ਹੈ, ਪਰ ਉਸਨੂੰ ਅੰਦਰੋਂ ਮਜਬੂਤ ਤੇ ਬਾਹਰੋਂ ਸੋਹਣਾ ਬਣਾਉਂਦਾ ਹੈ।

ਵੱਡੇ-ਵੱਡੇ ਵਿਗਿਆਨੀਆਂ, ਲੇਖਕਾਂ, ਖਿਡਾਰੀਆਂ, ਵਪਾਰੀਆਂ ਦੀ ਸਫਲਤਾ ਦੀਆਂ ਕਹਾਣੀਆਂ ਇਹ ਦਰਸਾਉਂਦੀਆਂ ਹਨ ਕਿ ਉਨ੍ਹਾਂ ਨੂੰ ਆਪਣੀ ਸਫਲਤਾ ਦਾ ਇਤਿਹਾਸ ਲਿਖਣ ਲਈ ਕਿਨ੍ਹਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਸਟੀਵਨ ਪਾਲ਼ ਜੌਬਸ, ਐਲਬਰਟ ਆਈਨਸਟਾਈਨ, ਸਟੀਫਨ ਹਾਕਿੰਗ, ਗ੍ਰਾਹਮ ਬੈਲ, ਲਿਓ ਟਾਲਸਟਾਏ, ਵਿਲੀਅਮ ਸ਼ੇਕਸਪੀਅਰ ਤੇ ਨੈਲਸਨ ਮੰਡੇਲਾ ਨੂੰ ਦੁਨੀਆ 'ਚ ਉਨ੍ਹਾਂ ਦੇ ਸਫਲ ਵਿਅਕਤੀ ਹੋਣ ਲਈ ਘੱਟ ਸਗੋਂ ਉਨ੍ਹਾਂ ਵੱਲੋਂ ਸਫਲਤਾ ਲਈ ਕੀਤੇ ਜਾਣ ਵਾਲੇ ਸੰਘਰਸ਼ ਲਈ ਵੱਧ ਜਾਣਿਆ ਜਾਂਦਾ ਹੈ।

ਦੁਨੀਆ ਦੇ ਨਾਮਵਰ ਉਦਯੋਗਪਤੀ ਸਫਲਤਾ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਹਿੰਦੇ ਹਨ ਕਿ ਕਿਸੇ ਵੀ ਖੇਤਰ 'ਚ ਸਫਲਤਾ ਲਈ ਕੀਤੀ ਗਈ ਮਿਹਨਤ ਮਨੁੱਖ ਦਾ ਹਥਿਆਰ ਹੁੰਦੀ ਹੈ, ਲਗਨ ਉਸ ਨੂੰ ਬਾਜੀਗਰ ਬਣਾ ਦਿੰਦੀ ਹੈ, ਪਰ ਬਿਨਾ ਥੱਕਿਆਂ ਅੱਗੇ ਵਧਣ ਦਾ ਉਸਦਾ ਜਜ਼ਬਾ ਉਸਦੇ ਕਿਰਦਾਰ ਦੀ ਕਹਾਣੀ ਲਿਖ ਦਿੰਦਾ ਹੈ। ਬੇਨੋ ਜੈਫਾਇਨ ਨੇ ਬਚਪਨ ਤੋਂ ਹੀ ਦੋਹਾਂ ਅੱਖਾਂ ਦੀ ਨਜ਼ਰ ਨਾ ਹੋਣ ਦੇ ਬਾਵਜੂਦ ਆਈ.ਏ.ਐਸ. ਅਧਿਕਾਰੀ ਬਣ ਕੇ ਅੱਖਾਂ ਤੋਂ ਸਜਾਖੇ ਹੋਣ ਵਾਲੇ ਲੋਕਾਂ ਨੂੰ ਇਹ ਸੁਨੇਹਾ ਦਿੱਤਾ ਕਿ ਮਿਹਨਤ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਸਮਾਂ ਸਭ ਨੂੰ ਮਿਲਦਾ ਹੈ ਕੁਝ ਕਰਕੇ ਵਿਖਾਉਣ ਲਈ, ਪਰ ਜ਼ਿੰਦਗੀ ਮੁੜ ਨਹੀਂ ਮਿਲਦੀ ਕੁਝ ਕਰਕੇ ਵਿਖਾਉਣ ਲਈ।

ਦੁਨੀਆ ਦੇ ਪ੍ਰਸਿੱਧ ਖਗੋਲ ਵਿਗਿਆਨੀ ਸਟੀਫਨ ਹਾਕਿੰਗ ਨੇ ਸਾਰੇ ਸਰੀਰ ਨੂੰ ਲਕਵਾ ਮਾਰਨ ਦੇ ਬਾਵਜੂਦ ਕਈ ਪੁਸਤਕਾਂ ਲਿਖੀਆਂ ਅਤੇ ਖੋਜਾਂ ਕੀਤੀਆਂ। ਦੁਨੀਆ ਦੇ ਪ੍ਰਸਿੱਧ ਕਾਰੋਬਾਰੀ ਬਿਲ ਗੇਟਸ ਕਹਿੰਦੇ ਹਨ ਕਿ ਕੁਝ ਨਵਾਂ ਕਰਨ ਤੋਂ ਨਾ ਡਰੋ, ਇਹ ਕਦੇ ਨਾ ਸੋਚੋ ਕਿ ਹਾਰ ਹੋਵੇਗੀ, ਹਾਰ ਤਾਂ ਕਦੇ ਹੁੰਦੀ ਹੀ ਨਹੀਂ, ਜਾਂ ਤਾਂ ਜਿੱਤ ਮਿਲੇਗੀ ਜਾਂ ਫੇਰ ਸਬਕ ਮਿਲੇਗਾ। ਬੈਟਰੀ ਨਾਲ ਚੱਲਣ ਵਾਲੀ ਕਾਰ ਬਣਾਉਣ ਵਾਲੀ ਇਲੈਕਟ੍ਰੋਨਿਕ ਕੰਪਨੀ ਦੇ ਮਾਲਕ ਐਲਨ ਮਸਕ ਨੂੰ ਸਫਲ ਹੋਣ ਲਈ 19 ਸਾਲ ਦਾ ਸਮਾਂ ਲੱਗਿਆ। ਦੱਖਣੀ ਅਫਰੀਕਾ ਦੇ ਮਰਹੂਮ ਰਾਸ਼ਟਰਪਤੀ ਨੈਲਸਨ ਮੰਡੇਲਾ ਆਪਣੀ ਆਤਮ ਕਥਾ 'ਚ ਲਿਖਦੇ ਹਨ ਕਿ ਮੇਰੀ ਜ਼ਿੰਦਗੀ ਦਾ ਅਨੁਭਵ ਇਹ ਕਹਿੰਦਾ ਹੈ ਕਿ ਹੌਸਲਾ ਰੱਖੋ, ਸਫਲਤਾ ਹਾਸਲ ਕਰਨ ਲਈ ਸਮਾਂ ਜਰੂਰ ਲੱਗਦਾ ਹੈ। ਸਟੀਵਨ ਪਾਲ਼ ਜੌਬਸ ਨੂੰ ਐਪਲ ਫੋਨ ਦੀ ਕੰਪਨੀ ਦੀ ਕਾਮਯਾਬੀ ਵੇਖਣ ਲਈ 42 ਸਾਲ ਦਾ ਅਰਸਾ ਲੱਗਿਆ। ਸਫਲਤਾ ਲਈ ਯਤਨ ਕਰਦਿਆਂ ਆਲੋਚਨਾ, ਹਾਰ ਦੇ ਡਰ ਅਤੇ ਨਮੋਸ਼ੀ ਤੋਂ ਉਹ ਲੋਕ ਕਦੇ ਨਹੀਂ ਘਬਰਾਉਂਦੇ, ਜਿਨ੍ਹਾਂ ਨੂੰ ਆਪਣੇ ਉੱਤੇ ਪੂਰਾ ਭਰੋਸਾ ਹੁੰਦਾ ਹੈ, ਸੱਚੇ ਜੇਤੂ ਵੀ ਉਹੀ ਹੁੰਦੇ ਹਨ। ਆਪਣੇ ਸੰਘਰਸ਼ ਨੂੰ ਕਬੂਲ ਕਰਨ ਵਾਲੇ ਲੋਕ ਹੋਰ ਮਜਬੂਤ ਹੁੰਦੇ ਹਨ ਅਤੇ ਉਨ੍ਹਾਂ ਦਾ ਹਰ ਕਦਮ ਉਨ੍ਹਾਂ ਨੂੰ ਉਨ੍ਹਾਂ ਦੇ ਉਦੇਸ਼ ਦੇ ਨੇੜੇ ਲੈ ਜਾਂਦਾ ਹੈ। ਐਮਾਜ਼ੋਨ ਕੰਪਨੀ ਨੂੰ ਸਫਲਤਾ ਦੀਆਂ ਬੁਲੰਦੀਆਂ ਛੂਹਣ ਲਈ 28 ਸਾਲ ਸੰਘਰਸ਼ 'ਚੋਂ ਲੰਘਣਾ ਪਿਆ।

ਸਫਲਤਾ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਮਨੁੱਖ ਨੂੰ ਮਨ, ਬੁੱਧੀ, ਕਰਮ ਤੇ ਸਰੀਰ ਤੋਂ ਆਪਣੇ ਆਪ ਨੂੰ ਮਜਬੂਤ ਬਣਾਉਣਾ ਪੈਂਦਾ ਹੈ। ਫੇਸਬੁੱਕ ਚਲਾਉਣ ਵਾਲੇ ਮਾਰਕ ਜਕਰਬ ਨੂੰ ਸਫਲਤਾ ਦਾ ਅਨੰਦ ਲੈਣ ਲਈ 12 ਸਾਲ ਸੰਘਰਸ਼ ਦੇ ਦੌਰ 'ਚੋਂ ਨਿਕਲਣਾ ਪਿਆ। ਮਨੁੱਖ ਦਾ ਹਰ ਯਤਨ ਸਫਲ ਨਹੀਂ ਹੋ ਸਕਦਾ, ਪਰ ਹਰ ਸਫਲਤਾ ਲਈ ਯਤਨਾਂ ਦਾ ਹੋਣਾ ਬਹੁਤ ਜਰੂਰੀ ਹੈ। ਸਫਲਤਾ ਮਨੁੱਖ ਕੋਲ ਖ਼ੁਦ ਚੱਲ ਕੇ ਨਹੀਂ ਆਉਂਦੀ, ਉਸ ਕੋਲ ਪਹੁੰਚਣ ਲਈ ਸੰਘਰਸ਼, ਯਤਨ ਤੇ ਦੌੜ ਲਾਜ਼ਮੀ ਕਰਨੇ ਪੈਂਦੇ ਹਨ। ਸਫਲਤਾ ਦੀ ਚੋਟੀ ਉੱਤੇ ਪਹੁੰਚਣ ਲਈ ਸਲਾਹਾਂ ਨਾਲੋਂ ਅਨੁਭਵ ਜ਼ਿਆਦਾ ਕੰਮ ਕਰਦੇ ਹਨ। ਅਸਫਲਤਾ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਮੁੜ ਹੌਸਲੇ ਨਾਲ ਆਪਣੀ ਮੰਜ਼ਿਲ ਵੱਲ ਵਧਣ ਲਈ ਯਤਨ ਕਰਨਾ ਜਾਰੀ ਰੱਖਣਾ ਮਨੁੱਖ ਦੇ ਉੱਚੇ ਕਿਰਦਾਰ ਦੀ ਕਹਾਣੀ ਬਿਆਨ ਕਰਦਾ ਹੈ। ਅਮਰੀਕਾ ਦੇ ਮਰਹੂਮ ਰਾਸ਼ਟਰਪਤੀ ਇਬਰਾਹੀਮ ਲਿੰਕਨ ਇਸ ਦੀ ਮਿਸਾਲ ਹਨ। ਭਾਰਤ ਦੇ ਮਰਹੂਮ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦਾ ਕਹਿਣਾ ਸੀ ਕਿ ਦੇਰ ਨਾਲ ਬਣੋ ਪਰ ਜਰੂਰ ਬਣੋ, ਕਿਉਂਕਿ ਲੋਕ ਸਮੇਂ ਨਾਲ ਖੈਰੀਅਤ ਨਹੀਂ ਹੈਸੀਅਤ ਪੁੱਛਦੇ ਹਨ।

# ਬਾਬਾ ਲੱਖੀ ਸ਼ਾਹ ਵਣਜਾਰਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

**ਓਕ ਕਰੀਕ, ਵਿਸਕਾਨਸਿਨ:** ਬਾਬਾ ਲੱਖੀ ਸ਼ਾਹ ਵਣਜਾਰਾ ਜੀ ਦੇ ਜਨਮ ਦਿਨ ਨੂੰ ਸਮਰਪਿਤ ਦੂਸਰਾ ਮਹਾਨ ਗੁਰਮਤਿ ਸਮਾਗਮ 18, 19 ਅਤੇ 20 ਜੁਲਾਈ 2025 ਨੂੰ ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ ਵਿਖੇ ਗੁਰੂ ਘਰ ਦੇ ਕੀਰਤਨੀਏ, ਪ੍ਰਚਾਰਕਾਂ ਅਤੇ ਸੰਗਤ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਪੰਥ ਦੀਆਂ ਮਹਾਨ ਸ਼ਖਸੀਅਤਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸੰਗਤ ਨੂੰ ਗੁਰਬਾਣੀ ਦੇ ਲੜ ਲਾਇਆ ਅਤੇ ਗੁਰੂ ਜਸ ਦਾ ਕੀਰਤਨ ਕਰਦਿਆਂ ਨਿਹਾਲ ਕੀਤਾ। ਸਤਿਕਾਰਯੋਗ ਭਾਈ ਸਾਹਿਬ ਗਿਆਨੀ ਹਰਪਾਲ ਸਿੰਘ ਫਤਿਹਗੜ੍ਹ ਸਾਹਿਬ ਵਾਲੇ, ਭਾਈ ਓਂਕਾਰ ਸਿੰਘ ਊਨਾ ਵਾਲੇ, ਭਾਈ ਜਸਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਵਾਲੇ, ਭਾਈ ਸੁਰਜੀਤ ਸਿੰਘ ਮਿਲਵਾਕੀ, ਗਿਆਨੀ ਗੁਰਮੇਲ ਸਿੰਘ ਮਿਲਵਾਕੀ, ਭਾਈ ਭੁਪਿੰਦਰ ਸਿੰਘ ਇੰਡੀਅਨਐਪੋਲਿਸ, ਭਾਈ ਨਿਰਵੈਰ ਸਿੰਘ ਜਾਰਜੀਆ, ਗਿਆਨੀ ਮਹੇਸ਼ ਸਿੰਘ ਮੈਰੀਲੈਂਡ, ਗਿਆਨੀ ਵਿਰੇਂਦਰ ਪਾਲ ਸਿੰਘ, ਬੀਬੀ ਕੰਵਲਜੀਤ ਕੌਰ ਕੈਨੇਡਾ, ਭਾਈ ਸੁਖਵਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਬੱਚਿਆਂ ਦੇ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।



ਜ਼ਿਕਰਯੋਗ ਹੈ ਕਿ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਅਨਿਨ ਸਿੱਖ ਬਾਬਾ ਲੱਖੀ ਸ਼ਾਹ ਵਣਜਾਰਾ ਦਾ ਸਿੱਖ ਇਤਿਹਾਸ ਵਿੱਚ ਅਹਿਮ ਸਥਾਨ ਹੈ ਅਤੇ ਉਨ੍ਹਾਂ ਦਾ ਜੀਵਨ ਪ੍ਰੇਰਣਾ ਸ੍ਰੋਤ ਹੈ ਤੇ ਸਿੱਖ ਕੌਮ ਮਾਣ ਮਹਿਸੂਸ ਕਰਦੀ ਹੈ। ਸਮਾਗਮ ਦੌਰਾਨ ਪ੍ਰਚਾਰਕਾਂ ਨੇ ਕਿਹਾ ਕਿ ਸਾਨੂੰ ਲੱਖੀ ਸ਼ਾਹ ਜੀ ਤੋਂ ਪ੍ਰੇਰਣਾ ਲੈਂਦਿਆਂ ਗੁਰਸਿੱਖੀ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਸੰਗਤ ਨੂੰ ਆਪਣੇ ਵਡੇਰਿਆਂ ਦੇ ਇਤਿਹਾਸ ਤੋਂ ਸਿੱਖਿਆ ਲੈਂਦਿਆਂ ਜੀਵਨ ਸੇਧਾਂ ਨਿਰਧਾਰਿਤ ਕਰਨ ਦੀ ਲੋੜ ਹੈ। ਸਿੱਖ ਸ਼ਖਸੀਅਤਾਂ ਦਾ ਜਨਮ ਦਿਹਾੜਾ ਮਨਾਉਣਾ ਸ਼ਲਾਘਾਯੋਗ ਉਪਰਾਲਾ ਹੈ।





















ਵੱਲੋਂ: ਬਾਬਾ ਲੱਖੀ ਸ਼ਾਹ ਵਣਜਾਰਾ ਸਿੱਖ ਸੁਸਾਇਟੀ ਵਿਸਕਾਨਸਿਨ, ਇੰਡੀਆਨਾ, ਮਿਸ਼ੀਗਨ ਅਤੇ ਕੈਲੀਫੋਰਨੀਆ ਦੀ ਸਮੂਹ ਸਾਧ ਸੰਗਤ